INTERNATIONAL MAGAZINE
RNI No. 61816/95

20/-


ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

Monthly Issue "Atam Marg"

ਜੂਨ (June) 2010

ਆਤਮ ਮਾਰਗ

ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ ਸ੍ਰੀ ਮਾਨ ਸੱਚਖੰਡਵਾਸੀ ਧੰਨ ਧੰਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਦੇ ਪਵਿੱਤਰ ਆਗਮਨ ਦਿਨ ਮਿਤੀ 17 ਜੂਨ ਦੀ ਆਤਮ ਮਾਰਗ ਦੇ ਪਾਠਕਾਂ ਨੂੰ ਲੱਖ-ਲੱਖ ਵਧਾਈ।



ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ
ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ
ਡਾਕ. ਮੁੱਲਾਂਪੁਰ ਗਰੀਬਦਾਸ, ਤਹਿ. ਖਰੜ
ਜਿਲ੍ਹਾ - ਐਸ.ਏ.ਐਸ. ਨਗਰ (ਮੋਹਾਲੀ) - 140901
Web: ratwarasahib.org,
ratwarasahibmedia.org
Email : atammarg@glide.net.in,
Fax : 01602255009, Phone : 01602255002

ਸਾਲ ਸੋਲਵਾਂ, ਮਹੀਨਾ ਜੂਨ 2010

ਫਾਉਂਡਰ ਚੇਅਰਮੈਨ

ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਚੇਅਰਪਰਸਨ

(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ

SUBSCRIPTION FOREIGN (ਵਿਦੇਸ਼)

	Annual	Life
U.S.A.	50 US$	500 US$
U.K.	30 £	300 £
Aus.	80 $	800 $
Europ	50 Euro	500 Euro

Postal Address for 'ATAM MARG' Enquiry, Money Order, Cheque, Draft & correspondence : V.G.R.M Charitable Trust, Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb.India.

Exemption U/S 80-G upto 31.03.2012 vide L. No. CIT-II/CHD/80G/TECH/245/2008-09/823

Registration Under Foreign Contribution (Regulation) Act 1976 R.No. 115320023

ਆਤਮ ਮਾਰਗ ਮੈਗਜ਼ੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-

Head Office INDIA - (M) 94172-14391, 9417214379
0160-2255002, Fax - 2255009

U.S.A. - Baba Satnam Singh ji Atwal
Phone and Fax : 408-263-1844
Bhai Kuldeep Singh Sher Gill
Phone : 408-230-8319
Bibi Sukhvinder Kaur Bains - Phone : 403-270-3387
Canada - Bhai Sarmukh Singh Pannu
Phone - 604-433-0408
England - Bibi Gurbax Kaur /Jagtar Singh Jagi
Phone : 0121-200-2818
Fax : 0121-200-2879, **Raj Mobile** : 07968734058

For more information please visit us on internet at:-
Email : atammarg@glide.net.in
http:# www.ratwarasahib.org, http # www.ratwarasahibmedia.org

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

ਤਤਕਰਾ

SUBSCRIPTION - ਚੰਦਾ - (ਦੇਸ਼)

ਸਾਲਾਨਾ	ਜੀਵਨ ਕਾਲ	ਫੀ ਕਾਪੀ
200/-	2000/-	20/-
280/-	2080/-	(For outstation cheques)

ਸੰਪਰਕ ਨੰ. ਰਤਵਾੜਾ ਸਾਹਿਬ

ਰਤਵਾੜਾ ਸਾਹਿਬ 0160-2255001
ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ - 9417214386
ਪਰਮ ਸਤਿਕਾਰ ਯੋਗ ਬੀਜੀ 9417214381
ਜਰਨਲ - 9417214384, ਬੀ ਐਡ ਕਾਲਜ - 9417214382
ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ 9417214380
ਆਡੀਓ ਵੀਡੀਓ ਲਾਇਬ੍ਰੇਰੀ 9872814385, 9417214385
ਅਖੰਡਪਾਠ ਬੁਕਿੰਗ 9417214386
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ 0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ 0160-2255004

ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ
ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

ਸੰਪਦਕੀ

ਰਤਵਾੜਾ ਸਾਹਿਬ ਵੱਲੋਂ ਪ੍ਰਕਾਸ਼ਿਤ ਆਤਮ ਮਾਰਗ ਰੂਹਾਨੀ ਪਤ੍ਰਿਕਾ ਸਾਡੇ ਵਾਸਤੇ ਲਾਗਾਤਾਰ ਪਿਛਲੇ 16 ਸਾਲ ਤੋਂ ਇਕ ਮਿਠੀ ਰੂਹਾਨੀ ਧਾਰਾ, ਜਾਤ-ਪਾਤ, ਭੇਦ-ਭਾਵ, ਰਾਗ-ਦ੍ਵੈਸ਼ ਤੋਂ ਉਪੱਰ ਉਠ ਕੇ ਹਰ ਇਕ ਦਾ ਜੋ ਨਿੱਜੀ ਧਰਮ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅੰਦਰ ਛਪ ਕੇ ਆਪ ਜੀ ਕੋਲ ਪਹੁੰਚ ਰਹੀ ਹੈ। ਸਾਰੇ ਸੰਸਾਰ ਵਿੱਚ ਇਹ ਹਿੰਦੀ, ਅੰਗਰੇਜੀ ਅਤੇ ਪੰਜਾਬੀ ਭਾਸ਼ਾ ਵਿੱਚ ਛਪਕੇ ਹਰ ਮਹੀਨੇ ਆਪਣਾ ਇਕ ਵਿਲੱਖਣ ਰੂਪ ਵਿਲੱਖਣ ਸਖਸ਼ੀਅਤ ਗੁਰੂਆਂ ਪੀਰਾਂ ਫਕੀਰਾਂ ਵੱਲੋਂ ਦਰਸਾਏ ਗਏ ਰਸਤੇ ਨੂੰ ਦੱਸਣ ਦੀ ਕੋਸ਼ਿਸ਼ ਜਾਰੀ ਰੱਖ ਰਹੀ ਹੈ। ਅਨੇਕਾਂ ਰੂਹਾਨੀ ਰਸਤੇ ਤੇ ਭੁਲੇ-ਭਟਕੇ ਜਗਿਆਸੂਆਂ ਲਈ ਚਾਨਣ ਦਾ ਮੁਨਾਰਾ ਹੈ। ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁੜ੍ਹ ਸਿਧਾਂਤਾਂ ਅਤੇ ਬਹੁਤ ਵੱਡੀ ਫਿਲਾਸਫੀ ਨੂੰ ਸਰਲ ਬੋਲੀ ਵਿੱਚ ਟਰਸਟ ਦੇ ਬਾਨੀ ਮਹਾਂਪੁਰਖਾਂ ਨੇ ਨਿਖਾਰ ਕੇ ਆਮ ਸਮਝ ਆਉਣ ਵਾਲੀ ਬੋਲੀ ਵਿੱਚ ਬਿਆਨ ਕੀਤਾ ਹੈ।

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਦੇ ਬਾਨੀ ਮਹਾਂਪੁਰਖ ਸੱਚਖੰਡ ਵਾਸੀ ਧੰਨ ਧੰਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਆਪਣੇ ਦਿਵਾਨਾਂ ਵਿੱਚ ਬਚਨ ਕਰਦੇ ਸਨ ਕਿ ਜਿਸ ਘਰ ਵਿੱਚ ਇਹ ਰੂਹਾਨੀ ਪਤ੍ਰਿਕਾ "ਆਤਮ ਮਾਰਗ" ਜਾਵੇਗੀ। ਉਸ ਘਰ ਵਿੱਚ ਸੁਖਸ਼ਾਂਤੀ ਦਾ ਵਰਤਾਰਾ ਸਹਿਜੇ ਹੀ ਹੋ ਜਾਵੇਗਾ। ਕਲਹ, ਕਲੇਸ਼, ਦੁਖ, ਰੋਗ, ਸੰਤਾਪ ਦੂਰ ਹੋ ਕੇ ਨਾਮ ਬਾਣੀ ਦਾ ਵਰਤਾਰਾ ਹੋ ਜਾਵੇਗਾ। ਜਿਹੜਾ ਪ੍ਰੇਮੀ ਇਸ ਨੂੰ ਪ੍ਰਸਾਰਨ ਦਾ ਘਰ-ਘਰ ਜਾ ਕੇ ਇਸ ਦੇ ਨਵੇਂ ਮੈਂਬਰ ਬਣਾਉਣ ਦੀ ਸੇਵਾ ਕਰੇਗਾ। ਉਸ ਦੀਆਂ ਮਨੋ ਕਾਮਨਾਵਾਂ ਸਹਿਜ ਨਾਲ ਹੀ ਪੂਰੀਆਂ ਹੋਣਗੀਆਂ।

ਦੇਸ਼ਾਂ ਵਿਦੇਸ਼ਾਂ ਵਿੱਚ ਬੈਠੀਆਂ ਲੱਖਾਂ ਸੰਗਤਾਂ ਅੱਜ ਰੂਹਾਨੀ ਪਤ੍ਰਿਕਾ "ਆਤਮ ਮਾਰਗ" ਨੂੰ ਪੜ੍ਹ ਕੇ ਆਪਣੇ ਜੀਵਨ ਨੂੰ ਸਹੀ ਦਿਸ਼ਾ ਵਿੱਚ ਲੈ ਜਾ ਰਹੀਆਂ ਹਨ। ਮਹਾਂਪੁਰਖਾਂ ਦੀ ਹਾਜਰੀ ਨੂੰ ਪੂਰਨ ਰੂਪ ਵਿੱਚ ਹਾਜਰ ਨਾਜਰ ਸਮਝਦੇ ਹੋਏ ਉਨਾਂ ਦੇ ਬਚਨਾਂ ਤੇ ਪਹਿਰਾ ਦਿੰਦੇ ਹੋਏ। ਘਰੋ-ਘਰੀ ਜਾ ਕੇ ਨਵੇਂ ਮੈਂਬਰ ਬਣਾਉਣ ਦੀ ਸੇਵਾ ਕਰਦੀਆਂ ਹਨ। ਆਪਣੇ ਆਪ ਨੂੰ ਗੁਰ-ਸ਼ਬਦ ਲੰਗਰ ਦੀ ਸੇਵਾ ਕਰਕੇ ਧੰਨ ਭਾਗੀ ਬਣਾਉਂਦੀਆਂ ਹਨ। ਸੈਂਕੜੇ ਪ੍ਰੇਮੀ ਮਹਾਂਪੁਰਖਾਂ ਦੇ ਸਮੇਂ ਤੋਂ ਹੀ "ਆਤਮ ਮਾਰਗ" ਨੂੰ ਵੰਡਣ ਦੀ ਸੇਵਾ ਕਰਦੇ ਆ ਰਹੇ ਹਨ ਆਪਣੇ ਆਪ ਹੀ ਆਪਣੇ ਇਲਾਕੇ ਦੀ ਰਿਨੀਉਵਲ ਕਰਕੇ ਆਤਮ ਮਾਰਗ ਅਦਾਰੇ ਵਿੱਚ ਪਹੁੰਚਾਉਂਦੇ ਹਨ ਜੋ ਧੰਨਤਾ ਯੋਗ ਹਨ।

ਮਿਤੀ 12, 13 ਅਤੇ 14 ਮਈ ਨੂੰ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫਤਹਿ ਕਰਨ ਤੇ "੩●● ਸਾਲਾ ਫਤਿਹ ਦਿਵਸ" ਦੇ ਰੂਪ ਵਿੱਚ ਸ਼ਹੀਦਾਂ ਦੇ ਖੂਨ ਨਾਲ ਰੰਗੀ ਮਹਾਂ ਪਵਿੱਤਰ ਧਰਤੀ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਮਨਾਇਆ ਗਿਆ। ਲੱਖਾਂ ਸੰਗਤਾਂ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਈਆਂ। ਟਰਸਟ ਰਤਵਾੜਾ ਸਾਹਿਬ ਵੱਲੋਂ ਪਰਮ ਪੂਜਯ ਸਤਿਕਾਰਯੋਗ ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ ਦੇ ਅਸ਼ੀਰਵਾਦ ਅਤੇ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਸਰਪ੍ਰਸਤੀ ਹੇਠ ਗੁਰੂ ਲੰਗਰ, ਗੁਰ-ਸ਼ਬਦ ਲੰਗਰ ਆਤਮ ਮਾਰਗ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਪੁਸਤਕਾਂ, ਸੰਤ ਸਮਾਗਮ ਵੱਡੇ ਪੱਧਰ ਤੇ ਕੀਤੇ ਗਏ। ਟਰਸਟ ਰਤਵਾੜਾ ਸਾਹਿਬ ਨਾਲ ਸਬੰਧਤ ਵਿਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਅਤੇ ਸੰਗਤਾਂ ਨੇ ਇਸ ਮਹਾਂਨ ਸੇਵਾ-ਸਿਮਰਨ ਦੇ ਕੁੰਭ ਵਿੱਚ ਭਾਰੀ ਯੋਗਦਾਨ ਪਾਉਂਦੇ ਹੋਏ ਦਿਨ ਰਾਤ ਤਨ-ਮਨ-ਧਨ ਨਾਲ ਸੇਵਾ ਨਿਭਾਈ। ਪ੍ਰੋਗਰਾਮ ਅੰਦਰ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਵੱਲੋਂ ਦਰਸਾਈ ਨਾਮ-ਸਿਮਰਨ ਦੀ ਜੁਗਤ ਅਨੁਸਾਰ ਸਵੇਰੇ ਅੰਮ੍ਰਿਤ ਵੇਲੇ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਅਗਵਾਈ ਹੇਠ ਸੰਗਤਾਂ ਤੋਂ ਨਾਮ ਸਿਮਰਨ ਕਰਵਾਇਆ ਜਾਂਦਾ ਉਪਰੰਤ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਅਤੇ ਸਾਰਾ ਦਿਨ ਗੁਰੂ ਘਰ ਦੇ ਸਾਧੂ ਸੰਤ ਆਪਣੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ। ਮਾਨੋ ਸੇਵਾ ਸਿਮਰਨ ਦਾ ਕੁੰਭ ਹੀ ਲੱਗ ਗਿਆ ਹੋਵੇ। ਜਿਹੜੀਆਂ ਸੰਗਤਾਂ ਨੇ ਲਗਾਤਾਰ ਹਾਜਰੀ ਭਰ ਕੇ ਸੇਵਾ ਕੀਤੀ ਉਸ ਦਾ ਅਨੰਦ ਉਹ ਹੀ ਜਾਣਦੇ ਹਨ। ਗੁਰ-ਸ਼ਬਦ ਲੰਗਰ ਰੂਪ ਵਿੱਚ ਟਰਸਟ ਵੱਲੋਂ ਸੰਚਾਲਿਤ ਅਨੇਕਾਂ ਧਾਰਮਿਕ ਪੁਸਤਕਾਂ ਸੰਗਤਾਂ ਵਿੱਚ ਵਰਤਾਈਆਂ ਸੈਕੜਿਆਂ ਦੀ ਤਾਦਾਦ ਵਿੱਚ ਸੰਗਤਾਂ ਨੇ ਆਤਮ-ਮਾਰਗ ਦੀ ਮੈਂਬਰਸ਼ਿਪ ਲਈ। ਧੰਨਤਾ ਦੇ ਯੋਗ ਹਨ ਜਿਨ੍ਹਾਂ ਸੰਗਤਾਂ ਨੇ ਇਸ ਮਹਾਨ ਸੇਵਾ-ਸਿਮਰਨ ਦੇ ਕੁੰਭ ਵਿੱਚ ਹਾਜਰੀਆਂ ਲਗਾ ਕੇ ਸੰਗਤਾਂ ਦੇ ਜੂਠੇ ਬਰਤਨ ਧੋਣ ਦੀ ਸੇਵਾ, ਲੰਗਰ ਬਨਾਉਣ ਦੀ ਸੇਵਾ, ਪਰਸ਼ਾਦੇ ਪਕਾਉਣ ਦੀ ਸੇਵਾ ਨਿਭਾਅ ਕੇ ਆਪਣੇ ਅਮੋਲਕ ਜਨਮ ਨੂੰ ਸਫਲਾ ਕਿਤਾ ਹੈ।

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵੱਲੋਂ ਵੱਖ-ਵੱਖ ਜਗ੍ਹਾਂ ਦੇਸ਼ਾਂ ਵਿਦੇਸ਼ਾਂ ਅੰਦਰ ਮਹਾਂਪੁਰਖਾਂ ਦੀ ਚਲਾਈ ਪ੍ਰੰਪਰਾ ਅਨੁਸਾਰ ਲਗਾਤਾਰ ਪ੍ਰੋਗਰਾਮ ਜਾਰੀ ਰੱਖੇ ਜਾ ਰਹੇ ਹਨ। ਮਿਤੀ 4, ਅਤੇ 5 ਮਈ ਨੂੰ ਨੰਗਲ ਦੇ ਇਲਾਕੇ ਵਿੱਚ ਪਿੰਡ ਭੱਟੋਂ ਵਿਖੇ ਮਹਾਂਪੁਰਖਾਂ ਵੱਲੋਂ ਕੀਰਤਨ ਸਜਾਏ ਗਏ ਗੁਰ-ਸ਼ਬਦ ਲੰਗਰ ਆਤਮ ਮਾਰਗ ਅਤੇ ਗੁਰੂ ਕੇ ਲੰਗਰ ਅਟੁੱਟ ਵਰਤੇ।

ਮਿਤੀ 17 ਜੂਨ ਨੂੰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਟਰਸਟ ਦੇ ਬਾਨੀ ਮਹਾਂਪੁਰਖ ਸੱਚਖੰਡਵਾਸੀ ਧੰਨ ਧੰਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦਾ ਪਵਿੱਤਰ ਜਨਮ ਦਿਹਾੜਾ ਪਿਆਰ ਸ਼ਰਧਾ ਸਹਿਤ ਆਪ ਜੀ ਦੇ ਜੀਵਨ ਸਾਥੀ ਪਰਮ ਪੂਜਯ ਸਤਿਕਾਰਯੋਗ ਸੰਤ ਮਾਤਾ ਰਣਜੀਤ ਕੌਰ ਜੀ ਦੀ ਅਗਵਾਈ ਹੇਠ ਪਿਆਰਾ ਅਤੇ

(ਬਾਕੀ ਪੰਨਾ 51 ਤੇ)

ਆਸਾੜ੍ਹ ਦੀ ਸੰਗਰਾਂਦ

ਸੰਤ ਵਰਿਆਮ ਸਿੰਘ ਜੀ,
ਬਾਨੀ ਵਿ. ਗੁ. ਰੂ. ਮਿਸ਼ਨ

ਸਤਿਨਾਮ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।
ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥
ਅੰਗ - ੨੫੬

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥
ਅੰਗ - ੨੮੯

ਧਾਰਨਾ- ਪਿਆਰੇ ਜੀ ਚਰਨਾਂ ਦੇ ਵਿਚ ਰੱਖ ਲਓ।
ਕੋਈ ਗੁਣ ਨਾ ਮੇਰੇ ਵਿਚ ਸਾਹਿਬਾ।

ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖਮੰਦਾ॥
ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ॥
ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ॥
ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ॥
ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ॥
ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ॥
ਭਾਈ ਗੁਰਦਾਸ ਜੀ, ਵਾਰ ੩੬ ਪਉੜੀ ੨੧

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ
ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥
ਮਾਯਾ ਮੋਹ ਭਰਮ ਪੈ ਭੂਲੇ
ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ
ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥
ਇਕ ਅਰਦਾਸਿ ਭਾਟ ਕੀਰਤਿ ਕੀ
ਗੁਰ ਰਾਮਦਾਸ ਰਾਖਹੁ ਸਰਣਾਈ ॥
ਅੰਗ - ੧੪੦੬

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ, ਗੁਰੂ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਦੇ ਸਦਕੇ ਆਪ ਕਾਰੋਬਾਰ ਸੰਕੋਚਦੇ ਹੋਏ ਆਸਾੜ ਦੀ ਸੰਗਰਾਂਦ ਦਾ ਦਿਹਾੜਾ ਮਨਾਉਣਾ ਵਾਸਤੇ ਦੂਰ-ਦਰਾਜ਼ ਤੋਂ ਗੁਰੂ ਮਹਾਰਾਜ ਦੀ ਚਰਨ ਸ਼ਰਨ ਪਹੁੰਚੇ ਓਂ, ਏਸ ਪਵਿੱਤਰ ਅਸਥਾਨ 'ਤੇ (ਰਤਵਾੜਾ ਸਾਹਿਬ)। ਜਿਸ ਥਾਂ ਦੇ ਵਿਚ ਇਹ ਬਰਕਤਾਂ ਨੇ ਕਿ ਰੋਗੀਆਂ ਦੇ ਰੋਗ ਦੂਰ ਹੋ ਜਾਂਦੇ ਨੇ, ਕੋਈ ਕਾਮਨਾਵਾਂ ਵਾਲੇ ਆਉਂਦੇ ਨੇ, ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਨੇ। ਵਾਹਿਗੁਰੂ ਜਾਣਦਾ ਹੈ ਕਿ ਏਸ ਦੇ ਵਿਚ ਕਿੰਨੀ ਪਵਿੱਤਰਤਾ ਹੈ ਇਸ ਅਸਥਾਨ ਦੇ ਅੰਦਰ। ਆਸਾ ਪੂਰੀਆਂ ਹੋ ਜਾਂਦੀਆਂ ਹਨ। ਸੋ ਮਹਾਰਾਜ ਜੀ ਨੇ ਸਾਨੂੰ ਸਾਰੇ ਇਲਾਕੇ ਨੂੰ ਦੂਰ-ਦਰਾਜ਼ ਤਕ ਇਹ ਪਵਿੱਤਰ ਅਸਥਾਨ ਦੀ ਬਖਸ਼ਿਸ਼ ਕਰਕੇ ਜੋ ਆਪਾਂ ਭੁੱਲੇ ਰਹੇ ਸੀ। ਬੜੀ ਦੇਰ ਤੋਂ ਪ੍ਰਮੇਸ਼ਰ ਨੂੰ ਗੁਰੂਆਂ ਨੂੰ ਕ੍ਰਿਪਾ ਕਰ ਦਿਤੀ, ਕੋਈ ਪੁੰਨ ਕਰਮ ਜਾਗ ਪਏ ਏਸ ਇਲਾਕੇ ਦੇ। ਕਿਉਂ ਮੈਂ ਇਹ ਗੱਲ ਕਹਿੰਦਾ ਹਾਂ ਕਿਉਂਕਿ ਮੇਰੇ ਮਨ ਵਿਚ ਸਾਰੀ ਜ਼ਿੰਦਗੀ ਕਦੇ ਵੀ ਨਹੀਂ ਸੀ ਇਹ ਖਿਆਲ ਆਇਆ ਕਿ ਕੋਈ ਅਸਥਾਨ ਬਣਾਇਆ ਜਾਵੇ। ਸੰਕਲਪ ਤਕ ਨਹੀਂ ਸੀ ਆਇਆ, ਜਦੋਂ ਬਣਿਆ ਇਹ ਜ਼ਬਰਦਸਤੀ ਹੀ ਬਣ ਗਿਆ। ਓਸ ਵੇਲੇ ਤੋਂ ਹੀ ਇਥੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬਾਣੀ ਦੇ ਜਿਨ੍ਹਾਂ ਦੇ ਫਲ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ। ਜੇ ਕੇਵਲ ਕੀਰਤਨ ਦਾ ਹੀ ਹਿਸਾਬ ਲਾਈਏ ਆਪਾਂ ਤਾਂ ਮਹਾਰਾਜ ਕਹਿੰਦੇ ਜਿਹੜੇ ਇੱਕ ਵਾਰੀ ਕੀਰਤਨ ਸੁਣ ਲੈਂਦੇ ਨੇ, ਉਨ੍ਹਾਂ ਪ੍ਰੇਮੀਆ ਨੂੰ ਫਲ ਕਿੰਨਾ ਹੁੰਦਾ ਹੈ -

ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥
ਅੰਗ - ੫੪੬

ਕਈ ਕਰੋੜ ਯੱਗਾਂ ਦਾ ਫਲ ਹੁੰਦਾ ਹੈ ਤੇ ਇੱਥੇ ਕਿੰਨਾਂ ਕੀਰਤਨ ਹੋ ਰਿਹਾ ਹੈ, ਸੰਗਰਾਂਦ ਦਾ ਹੁੰਦਾ ਹੈ, ਪੂਰਨਮਾਸ਼ੀ, ਹਰ ਐਤਵਾਰ ਦਾ ਹੁੰਦਾ ਹੈ, ਹਰ ਰੋਜ਼ ਹੁੰਦਾ ਹੈ, ਆਸਾ ਜੀ ਦੀ ਵਾਰ ਲਗਦੀ ਹੈ, ਸ਼ਾਮ ਨੂੰ ਹੁੰਦਾ ਹੈ, ਕੀਰਤਨ ਕਰਨ ਵਾਲੇ ਜੱਥੇ ਇਥੋਂ ਦੂਰ-ਦੂਰ ਜਾਂਦੇ ਨੇ। ਸਭ ਤੋਂ ਉਤਮ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬਾਣੀ ਦਾ ਲਗਾਤਾਰ ਪ੍ਰਸਾਰ ਹੋ ਰਿਹਾ ਹੈ, ਜਿਸ ਦਿਨ ਤੋਂ ਇੱਥੇ ਆਪ ਦੇ ਦਰਸ਼ਨ ਹੋਏ ਤੇ ਆਪ ਸਸ਼ੋਭਤ ਹੋਏ। ਮੂਲਮੰਤਰ ਦੇ ਪਾਠ ਕਈ ਸਾਲ ਹੁੰਦੇ ਰਹੇ। ਕਈ ਸਾਲ ਗੁਰਮੰਤਰ ਦੇ ਨਾਲ ਹੁੰਦੇ ਰਹੇ ਤੇ ਹੁਣ ਜਪੁਜੀ ਸਾਹਿਬ ਦਾ ਹੋ ਰਿਹਾ ਹੈ। ਮਹਾਨ ਤੀਰਥ ਬਣ ਜਾਂਦਾ ਹੈ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਹਜ਼ਾਰ ਪਾਠ ਹੋ ਜਾਵੇ, ਉਥੇ ਆ ਕੇ ਕੋਈ ਵੀ ਬੰਦਾ ਸੱਚੇ ਦਿਲ ਦੇ ਨਾਲ, ਪੂਰੀ ਸ਼ਰਧਾ ਦੇ ਨਾਲ ਜੋ ਕੁਛ ਆ ਕੇ ਮੰਗਦਾ ਹੈ ਉਹ ਮਿਲ ਜਾਂਦਾ ਹੈ। ਪਰ ਮੰਗਣ ਦੇ ਵਿਚ ਫਰਕ ਹੋਇਆ ਕਰਦਾ ਹੈ। ਇਕ ਤਾਂ ਮੰਗਤਾ ਹੁੰਦਾ ਹੈ ਜਿਹੜਾ ਸਿੱਧਾ ਹੀ ਆਉਂਦਾ ਹੈ ਤੇ ਮੰਗਣ ਲਗ ਜਾਂਦਾ ਹੈ। ਇੱਕ ਉਹ ਨੇ ਜਿਹੜੇ ਗੁਰੂ ਨੂੰ ਪ੍ਰਸੰਨ ਕਰਦੇ ਨੇ ਪਹਿਲਾਂ, ਉਹ ਫੇਰ ਗੁਰੂ ਉਨ੍ਹਾਂ ਦੀ ਵੱਡੀ ਤੋਂ ਵੱਡੀ ਜੋ ਮੰਗ ਹੈ ਉਸਨੂੰ ਪ੍ਰਵਾਨ ਕਰ ਲੈਂਦਾ ਹੈ। ਸਿਹਤ ਦਾ ਰਾਜ਼ੀ ਹੋ ਜਾਣਾ ਬਹੁਤ ਵੱਡੀ ਮੰਗ ਹੈ, ਪੁੱਛੋ ਉਨ੍ਹਾਂ ਬੀਮਾਰਾਂ ਨੂੰ ਜਿਨ੍ਹਾਂ ਨੂੰ ਕੋਈ ਦਵਾਈ ਨਹੀਂ ਲਗਦੀ, ਡਾਕਟਰਾਂ ਨੇ ਜਵਾਬ ਦੇ ਦਿਤਾ, ਸੈਂਕੜਿਆਂ ਦੀ ਤਾਦਾਦ 'ਚ ਅੱਜ ਤੰਦਰੁਸਤ ਹੋਏ ਫਿਰਦੇ ਨੇ, ਪਰ ਸੇਵਾ ਜੋ ਹੈ, ਗੁਰੂ ਨੂੰ ਰਿਝਾਉਣਾ ਜੋ ਹੈ, ਉਹ ਬੜੀ ਜ਼ਰੂਰੀ ਬਾਤ ਹੋਇਆ ਕਰਦੀ ਹੈ। ਦੁਕਾਨਦਾਰੀ ਨਹੀਂ ਹੈ ਕਿ ਦਸ ਰੁਪਏ ਮੱਥਾ ਟੇਕਿਆ ਕਿ ਜੀ ਮੇਰਾ ਆਹ ਕੰਮ ਹੋ ਜਾਵੇ। ਨਹੀਂ। ਸੇਵਾ ਵੀ ਕਰੋ, ਸੇਵਾ ਕਰਕੇ ਗੁਰੂ ਰੀਝਦਾ ਹੈ। ਗੁਰੂ ਘਰ ਦੇ ਅੰਦਰ ਦੋਵੇਂ ਸਾਧਨ ਵੱਡੇ ਨੇ, ਸੇਵਾ ਕਰਨਾ ਤੇ ਨਾਮ ਜਪਣਾ। ਨਾਮ ਜਪਣ ਦੇ

ਨਾਲ ਕੁੱਲ ਦੁੱਖਾਂ ਤੋਂ ਛੁਟਕਾਰਾ ਮਿਲ ਜਾਇਆ ਕਰਦਾ ਹੈ। ਇਸ ਗੱਲ ਨੂੰ ਅਸੀਂ ਭੁੱਲੇ ਹੋਏ ਹਾਂ, ਬਹੁਤ ਵਾਰੀ ਮੈਂ ਦੱਸਿਆ ਹੈ ਖੋਲ੍ਹ-ਖੋਲ੍ਹ ਕੇ ਕਿ ਨਾਮ ਜਪਣ ਦੇ ਨਾਲ ਕਿਵੇਂ ਸੁੱਖ ਪ੍ਰਾਪਤ ਹੋ ਜਾਇਆ ਕਰਦੇ ਨੇ। ਸਾਰੇ ਹੀ ਸੁੱਖ ਨਾਮ ਦੇ ਵਿਚ ਨੇ। ਸੇਵਾ ਕਰਨ ਦੇ ਨਾਲ ਗੁਰੂ ਪ੍ਰਸੰਨ ਹੁੰਦਾ ਹੈ। ਗੁਰੂ ਪ੍ਰਸੰਨ ਹੋ ਕੇ ਜੋ ਉਸ ਤੋਂ ਮੰਗੋ ਉਹ ਪ੍ਰਾਪਤ ਹੋ ਜਾਇਆ ਕਰਦਾ ਹੈ ਤੇ ਗੁਰੂ ਘਰ 'ਚ ਜਦੋਂ ਸੇਵਾ ਪ੍ਰਵਾਨ ਹੋ ਜਾਂਦੀ ਹੈ ਤਾਂ ਇੱਥੇ ਵੀ ਮਾਣ ਮਿਲਦਾ ਹੈ ਤੇ ਜਦੋਂ ਸੰਸਾਰ ਤੋਂ ਜਾਂਦਾ ਹੈ ਨਾ ਸੇਵਾਦਾਰ, ਉਸ ਵੇਲੇ ਜੈ-ਜੈਕਾਰ ਹੁੰਦੀ ਹੈ ਅੱਗੇ।

ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥ ਅੰਗ - ੨੯੩

ਸੇਵਾ ਕਰਨ ਵਾਲਿਆਂ ਦੀਆਂ, ਕਿੰਨਿਆਂ ਦੀਆਂ ਮਿਸਾਲਾਂ ਅੰਤ ਦੇ ਸਮੇਂ ਦੀਆਂ ਸੀਨੇ-ਬ-ਸੀਨੇ ਚਲੀਆਂ ਆਉਂਦੀਆਂ ਨੇ।

ਸ੍ਰੀ ਮਾਨ ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਆਪ ਦੇ ਜੱਥੇ ਦੇ ਦੋ ਸਿੰਘਾਂ ਦੀ ਵਾਰਤਾ ਹੈ। ਆਪ ਦੇ ਕੋਲ ਪੜ੍ਹਦੇ ਸਨ ਤੇ ਬੀਮਾਰ ਹੋ ਗਏ। ਉਹ ਬੀਮਾਰ ਹੋਏ ਤਾਂ ਸੰਤਾਂ ਨੇ ਕਿਹਾ ਕਿ ਇਨ੍ਹਾਂ ਦਾ ਤਾਂ ਅੰਤ ਸਮਾਂ ਆ ਗਿਆ। ਗੁਰੂ ਘਰ ਦੇ ਵਿਚ ਰਹਿੰਦਾ ਸੇਵਾਦਾਰ ਜਦੋਂ ਸਾਰੀ ਜ਼ਿੰਦਗੀ ਉਹਨੇ ਗੁਰੂ ਦੇ ਉੱਤੇ ਨਿਛਾਵਰ ਕਰ ਦਿੱਤੀ। ਆਪਣਾ ਆਪ ਗੁਰੂ ਨੂੰ ਦੇ ਦਿੱਤਾ। ਗੁਰੂ ਦਾ ਵੀ ਫਰਜ਼ ਹੋਇਆ ਕਰਦਾ ਹੈ, ਡਿਊਟੀ ਹੈ ਗੁਰੂ ਦੀ ਕਿ-

ਅਪੁਨੇ ਸੇਵਕ ਕੀ ਆਪੇ ਰਾਖੈ
ਆਪੇ ਨਾਮੁ ਜਪਾਵੈ ॥ ਜਹ ਜਹ ਕਾਜ ਕਿਰਤਿ
ਸੇਵਕ ਕੀ ਤਹਾ ਤਹਾ ਉਠਿ ਧਾਵੈ ॥ ਅੰਗ-੪੦੩

ਸੰਤ ਜਾਂਦੇ ਨੇ ਪ੍ਰੇਮੀ ਕਹਿਣ ਲੱਗੇ ਕਿ ਮਹਾਰਾਜ! ਉਹ ਤਾਂ ਆਖਰੀ ਸਵਾਸਾਂ ਤੇ ਹੀ ਲਗਦਾ ਹੈ, ਮਾੜਾ ਮਾੜਾ ਬੋਲਦਾ ਹੈ। ਸੰਤ ਗਏ ਜਾ ਕੇ ਫਤਹਿ ਬੁਲਾਈ, ਗੁਰਸਿਖ ਨੇ ਹੱਥ ਉਤੇ ਚੁੱਕ 'ਤੇ। ਬਾਬਾ ਜੀ ਨੇ ਪੁੱਛਿਆ ਸੁਣਾ ਬਈ ਸਿੰਘਾਂ ਕੀ ਹਾਲ ਹੈ? ਕਹਿੰਦਾ, ਮਹਾਰਾਜ! ਮੈਂ ਤਾਂ ਤੁਹਾਡੇ ਤੋਂ ਆਗਿਆ ਮੰਗ ਰਿਹਾ ਸੀ, ਅੱਛਾ ਹੋ ਗਿਆ ਤੁਸੀਂ ਦਰਸ਼ਨ ਦੇ ਦਿੱਤੇ ਤੇ ਕ੍ਰਿਪਾ ਕਰੀ, ਕੀ ਹਾਲ ਹੈ ਅਗਲੇ ਲੋਕ ਦਾ ਕੁਛ ਦਸ ਸਾਨੂੰ? ਕਿਉਂਕਿ ਅਗਲੇ ਲੋਕ ਦਾ ਕਈਆਂ ਦੇ ਕੋਲ ਸਮਾਂ ਹੁੰਦਾ ਹੈ ਕਿ ਦਸ ਵੀ ਦਿੰਦੇ ਨੇ।

ਸਾਡੇ ਇੱਕ ਰਿਸ਼ਤੇਦਾਰ ਸੀ, ਜਦੋਂ ਚੜ੍ਹਾਈ ਕਰਨ ਲੱਗੇ ਪੁੱਛਿਆ ਉਨ੍ਹਾਂ ਨੂੰ ਕਿ ਕੀ ਹੈ? ਕਹਿੰਦਾ ਮੈਂ ਬਹੁਤ ਦੁਖੀ ਹਾਂ, ਔਹ ਸਾਮ੍ਹਣੇ ਭਿਆਨਕ ਸ਼ਕਲਾਂ ਵਾਲੇ ਜਮਦੂਤ ਮੈਨੂੰ ਤੰਗ ਕਰ ਰਹੇ ਨੇ। ਮੇਰੇ ਵਲ ਦੇਖ ਰਹੇ ਨੇ, ਮੇਰਾ ਅੰਤ ਸਮਾਂ ਆ ਗਿਆ, ਹੁਣ ਨਹੀਂ ਮੈਂ ਬਚਦਾ। ਬਹੁਤ ਭਿਆਨਕ ਸ਼ਕਲਾਂ ਵਾਲੇ ਨੇ ਦੇਖੇ ਨਹੀਂ ਜਾ ਰਹੇ ਉਹ। ਡਰ ਗਿਆ ਉਹ।

ਇੱਥੇ ਮਹਾਂਪੁਰਸ਼ਾਂ ਨੇ ਪੁੱਛਿਆ ਕਿ ਤੁਸੀਂ ਦੱਸੋ? ਕਹਿਣ ਲੱਗੇ, ਜੀ ਐਸ ਵੇਲੇ ਮੈਂ ਮਸਤੂਆਣੇ ਵਾਲੇ ਮਹਾਂਪੁਰਸ਼ਾਂ ਨੂੰ, ਬਾਬਾ ਅਤਰ ਸਿੰਘ ਨੂੰ ਸਾਰੀ ਜ਼ਿੰਦਗੀ ਪਿਆਰ ਕਰਦਾ ਰਿਹਾ ਹਾਂ। ਉਹ ਆਪ ਹਾਜ਼ਰ ਹੋਏ ਨੇ ਮੈਨੂੰ ਇੱਥੋਂ ਲਿਜਾਣ ਵਾਸਤੇ। ਸਾਮ੍ਹਣੇ ਨੇ ਤੇ ਮੈਂ ਆਪ ਦੀ ਆਗਿਆ ਮੰਗਦਾ ਹਾਂ। ਥੋੜ੍ਹੀ ਦੇਰ ਤੋਂ ਬਾਅਦ ਉਹ ਸਰੀਰ ਛੱਡ ਗਏ। ਇੱਕ ਹੋਰ ਪ੍ਰੇਮੀ ਗੁਰਦਾਸਪੁਰ ਜਾ ਕੇ ਬੀਮਾਰ ਹੋ ਗਿਆ ਤੇ ਉਨ੍ਹਾਂ ਨੂੰ ਵੀ ਪੁੱਛਿਆ, ਕਹਿਣ ਲੱਗਿਆ, ਮਹਾਰਾਜ! ਪੰਜ ਸਿੰਘ ਆਏ ਨੇ ਲੈਣ ਵਾਸਤੇ, ਆਗਿਆ ਦੇਵੋ ਤੇ ਮੈਂ ਇਨ੍ਹਾਂ ਦੇ ਨਾਲ ਚਲਿਆ ਜਾਵਾਂ। ਕਿਉਂਕਿ ਸੇਵਾ ਕਰਨ ਵਾਲਾ-

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬

ਉਥੇ ਮੋਢੇ ਸੰਗੋੜ ਕੇ ਨਹੀਂ ਤੁਰਦਾ, ਚੌੜੀ ਛਾਤੀ ਨਾਲ ਤੁਰਦਾ ਹੈ, ਕਿਉਂਕਿ ਦੁਨੀਆ 'ਚ ਸੇਵਾ ਕੀਤੀ ਹੋਈ ਹੈ। ਐਸਾ ਫੁਰਮਾਨ ਹੈ ਗੁਰੂ ਮਹਾਰਾਜ ਦਾ -

ਧਾਰਨਾ - ਦਰਗਹ ਬੈਸਣ ਪਾਈਐ ਜੀ,
ਜੇ ਵਿਚ ਦੁਨੀਆ ਸੇਵ ਕਮਾਈਐ।

ਕਿਹੋ ਜਿਹਾ ਸੁੰਦਰ ਰਸਤਾ ਗੁਰੂ ਮਹਾਰਾਜ ਨੇ ਸਾਨੂੰ, ਬੜਾ ਹੀ ਸੁਖੈਨ ਦਸ ਦਿਤਾ ਕਿ ਸੰਸਾਰ ਦੇ ਅੰਦਰ ਸੇਵਾ ਕਰੋ ਭਾਈ। ਦਰਗਾਹ ਦੇ ਵਿਚ ਜੈ-ਜੈਕਾਰ ਹੋਏਗੀ, ਥਾਂ ਮਿਲੇਗਾ।

ਸੋ ਇਸ ਤਰ੍ਹਾਂ ਦੇ ਨਾਲ ਬਾਬਾ ਸਾਹਿਬ ਸਿੰਘ ਜੀ ਮਹਾਰਾਜ, ਆਪ ਦੇ ਲੰਗਰ ਵਿਚ ਭਾਗ ਸਿੰਘ ਨਾਮ ਦੇ ਲਾਂਗਰੀ ਹੋਇਆ ਕਰਦੇ ਸੀ। ਬਹੁਤ ਪ੍ਰੇਮੀ ਸਨ, ਸ੍ਰੀ ਮਾਨ ਸੀ ਸਾਰੀ ਸੰਗਤ ਨੂੰ ਖੁਸ਼ ਰਖਣਾ, ਆਇਆਂ ਗਿਆਂ ਦਾ ਆਦਰ ਸਤਿਕਾਰ ਕਰਨਾ, ਮਿੱਠਾ ਬੋਲਣਾ। ਦੋ ਤਰ੍ਹਾਂ ਦੇ ਹੁੰਦੇ ਨੇ ਇਹ, ਇਕ ਹੁੰਦਾ ਹੈ ਕਿ ਹੱਠ ਦੇ ਨਾਲ ਸੇਵਾ ਕਰ ਰਿਹਾ ਹੈ, ਉਹਦੇ 'ਚ ਤਮੋ ਗੁਣ ਵਧ ਜਾਇਆ ਕਰਦਾ ਹੈ, ਉਹਨੂੰ ਜੇ ਬੁਲਾਓ ਖਿੱਝ ਕੇ ਬੋਲੇਗਾ, ਕੌੜਾ ਬੋਲੇਗਾ। ਕਿਉਂਕਿ ਸੇਵਾ ਦੇ ਨਾਲ ਮਿਠਾਸ ਨਹੀਂ ਆਈ, ਹੱਠ ਦੇ ਨਾਲ ਸੇਵਾ ਕਰ ਰਿਹਾ ਹੈ। ਮਹਾਰਾਜ ਕਹਿੰਦੇ -

ਹਠੁ ਕਰਿ ਮਰੈ ਨ ਲੇਖੈ ਪਾਵੈ ॥ ਅੰਗ - ੨੨੬

ਦੂਸਰਾ ਹੁੰਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਦਾ ਲੰਗਰ, ਇਹਦੀ ਸੇਵਾ ਮੈਨੂੰ ਮਿਲ ਗਈ, ਮੇਰੇ ਤਾਂ ਭਾਗ ਜਾਗ ਪਏ। ਐਸਾ ਮੈਂ ਭਾਗਾਂ ਵਾਲਾ ਹੋ ਗਿਆ ਸੰਸਾਰ ਦੇ ਅੰਦਰ ਕਿ ਸੱਚੇ ਪਾਤਸ਼ਾਹ ਨੇ ਆਪਣੇ ਲੰਗਰ ਦੀ ਸੇਵਾ ਮੈਨੂੰ ਬਖਸ਼ ਦਿਤੀ ਇਹ ਲੰਗਰ ਕਿਸੇ ਦਾ ਨਾਉਂ ਅੱਜ ਤਕ ਸੁਣਿਆ ਹੈ ਕਿ ਕਿਸੇ ਦਾ, ਜਾਂ ਫਲਾਣੇ ਦਾ ਲੰਗਰ ਚੱਲ ਰਿਹਾ ਹੈ। ਕਸ਼ੇਤਰ ਤਾਂ ਚਲਦੇ ਸੀ ਸੇਠ ਲੋਕਾਂ ਦੇ। ਲੇਕਿਨ ਲੰਗਰ ਜਿੰਨੇ ਚੱਲ ਰਹੇ ਨੇ ਕਿਸੇ ਦਾ ਨਾਉਂ ਨਹੀਂ ਉਹਦੇ ਉਤੇ, ਨਾ ਕਿਸੇ ਸੰਤਾਂ ਦਾ ਨਾਉਂ ਹੈ, ਨਾ ਕਿਸੇ ਹੋਰ ਦਾ। ਜਦੋਂ ਨਾਉਂ ਹੋਏਗਾ ਗੁਰੂ ਕਾ ਲੰਗਰ ਹੋਏਗਾ, ਤੇ ਗੁਰੂ ਨਾਨਕ ਪਾਤਸ਼ਾਹ ਦਾ ਹੋਵੇ ਲੰਗਰ ਕਿਉਂਕਿ -

ਦੇਗ ਤੇਗ ਜਗ ਮਹਿ ਦੋਊ ਚਲੈ।

ਮਹਾਰਾਜ ਨੇ ਅਕਾਲ ਪੁਰਖ ਤੋਂ ਵੀ ਇਹੀ ਮੰਗਿਆ ਹੈ ਕਿ ਸੰਸਾਰ 'ਚ ਜਿੰਨਾਂ ਚਿਰ ਰਹਿਣਾ ਹੈ, ਜਿੰਨਾਂ ਚਿਰ ਤੇਰੇ

ਪ੍ਰੇਮੀਆਂ ਨੇ ਰਹਿਣਾ ਹੈ ਦੇਗ ਵੀ ਚੱਲੇ, ਤੇਗ ਵੀ ਚੱਲੇ। ਨਾਮ ਰੂਪੀ ਤੇਗ ਤੇ ਅੰਨ ਰੂਪੀ ਦੇਗ। ਨਾਮ ਰੂਪੀ ਤੇਗ ਚਲਾ ਕੇ ਪਾਪਾਂ ਦਾ ਨਾਸ਼ ਹੁੰਦਾ ਹੈ, ਕਾਮ ਕ੍ਰੋਧ, ਲੋਭ ਮੋਹ, ਅਹੰਕਾਰ, ਈਰਖਾ ਨਿੰਦਿਆ ਚੁਗਲੀ ਵਖੀਲੀ। ਵੱਡੇ-ਵੱਡੇ ਯੋਧਿਆਂ ਦਾ ਖਾਤਮਾ ਹੁੰਦਾ ਹੈ।

ਖਾਲਸਾ ਸੋ ਜੋ ਕਰੈ ਨਿਤ ਜੰਗ।

ਕਹਿੰਦੇ ਇਸ ਤਰ੍ਹਾਂ ਦੇ ਨਾਲ -

ਮਨ ਮਹਿ ਜੁਧ ਬੀਚਾਰੈ।

ਹਰ ਵਕਤ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਦੇ ਨਾਲ ਜਿਹੜਾ ਯੁੱਧ ਵੀਚਾਰਦਾ ਹੈ। ਉਹ ਨਾਮ ਦੀ ਤੇਗ ਤੋਂ ਬਗੈਰ ਨਹੀਂ ਹੋਇਆ ਕਰਦਾ। ਸੋ ਦੇਗ ਹੈ ਇਹ ਸੰਸਾਰ ਦੇ ਅੰਦਰ ਬਹੁਤ ਵੱਡੀ ਚੀਜ਼ ਹੈ। ਜਿਹੜੇ ਪੁੰਨ ਦਾਨ ਕਰਦੇ ਨੇ, ਇੱਕ ਬੋਰੀ ਦਿੰਦੇ ਨੇ ਸੈਂਕੜੇ ਬੋਰੀਆਂ ਦਰਗਾਹ ਦੇ ਵਿਚ ਉਥੇ ਵੀ ਤੇ ਇੱਥੇ ਵੀ ਬਰਕਤਾਂ ਪੈ ਜਾਂਦੀਆਂ ਨੇ। ਇਹ ਨਹੀਂ ਕਿ ਗੁਰੂ ਘਰ ਨੂੰ ਦੇ ਦਿਤਾ ਤੇ ਉਹਦੇ ਨਾਲ ਕਰੋੜਾਂ ਵਿਘਨ ਗੁਰੂ ਸਾਹਿਬ ਨਾਲ ਦੀ ਨਾਲ ਕੱਟ ਦਿੰਦੇ ਨੇ, ਸਾਨੂੰ ਪਤਾ ਨਹੀਂ ਹੈ ਗੁਰੂ ਮਹਾਰਾਜ ਜਾਣਦੇ ਨੇ। ਸੋ ਲੰਗਰ ਦੀ ਸੇਵਾ ਮਿਲ ਜਾਣੀ, ਦੋਵੇਂ ਤਰੀਕੇ ਹੁੰਦੇ ਨੇ, ਇੱਕ ਤਾਂ ਉਹ ਹੁੰਦਾ ਹੈ ਕਿ ਗੁਰੂ ਨਾਨਕ ਰੂਪ ਸਮਝਣਾ, ਸਾਰੇ ਮਹਾਂਪੁਰਸ਼ਾਂ ਦਾ ਇਹੀ ਮੱਤ ਹੈ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਹੀ ਮਹਾਰਾਜ, ਰਾੜਾ ਸਾਹਿਬ) ਆਹੀ ਬਚਨ ਸੰਗਤ 'ਚ ਕਰਿਆ ਕਰਦੇ ਸੀ ਕਿ ਪਿਆਰਿਓ! ਗੁਰੂ ਨਾਨਕ ਰੂਪ ਸਮਝ ਕੇ ਸੇਵਾ ਕਰਿਆ ਕਰੋ ਸੰਗਤਾਂ ਦੀ। ਇਨ੍ਹਾਂ ਦੇ ਵਿਚ ਹੀ ਪ੍ਰਮੇਸ਼ਰ ਹੈ, ਇਹ ਜਦੋਂ ਅੰਨ੍ਹ ਛਕ ਕੇ ਚਿੱਤ ਪ੍ਰਸੰਨ ਹੋਣਾ ਹੈ, ਪ੍ਰਮੇਸ਼ਰ ਪ੍ਰਸੰਨ ਹੋ ਜਾਂਦਾ ਹੈ।

ਸੰਤਨ ਦੁਖ ਪਾਏ ਤੇ ਦੁਖੀ॥
ਸੁਖ ਪਾਏ ਸਾਧੁਨ ਕੇ ਸੁਖੀ॥
ਕਬਯੋ ਬਾਚ ਬੇਨਤੀ ਚੌਪਈ, ਪਾਤਸ਼ਾਹੀ ੧੦

ਤੇ ਹਰ ਵਕਤ ਇਹ ਤਾਗੀਦ ਕਰਦੇ ਸੀ।

ਇਕ ਵਾਰੀ ਬਾਬਾ ਜਵਾਲਾ ਸਿੰਘ ਜੀ ਦੇ ਸਿੰਘ ਕਹਿਣ ਲੱਗੇ ਕਿ ਮਹਾਰਾਜ! ਤੁਸੀਂ ਕਹਿੰਦੇ ਓਂ ਕਿ ਗੁਰੂ ਨਾਨਕ ਲੰਗਰ ਵਿਚ ਆਉਂਦੇ ਨੇ, ਕਦੇ ਦਰਸ਼ਨ ਤਾਂ ਕਰਾ ਦਿਓ। ਕਹਿੰਦੇ ਦਰਸ਼ਨ ਤਾਂ ਹੋ ਜਾਣਗੇ, ਪਰ ਤੁਹਾਡੇ ਤੋਂ ਸਾਂਭੇ ਨਹੀਂ ਜਾਣੇ। ਕਹਿਣ ਲੱਗੇ, ਨਹੀਂ ਮਹਾਰਾਜ! ਕਹਿੰਦੇ ਚੰਗਾ। ਅੱਜ ਮੈਨੂੰ ਦੱਸਿਓ ਸਾਰਾ ਕਿ ਕੌਣ-ਕੌਣ ਆਇਆ। ਲੰਗਰ ਨੌਂ-ਦਸ ਵਜੇ ਰਾਤ ਤਕ ਚਲਦਾ ਰਿਹਾ ਉਸ ਤੋਂ ਬਾਅਦ ਲਾਂਗਰੀ ਸਿੰਘ ਪੈ ਗਏ ਤੇ ਇੱਕ ਪ੍ਰੇਮੀ ਆਇਆ ਤੇ ਆ ਕੇ ਕਹਿਣ ਲੱਗਿਆ ਕਿ ਭਾਈ! ਮੈਨੂੰ ਪ੍ਰਸ਼ਾਦਾ ਦਿਓ, ਬਹੁਤ ਭੁੱਖ ਲੱਗੀ ਹੋਈ ਹੈ। ਕਈ ਹਾਕਾਂ ਮਾਰੀਆਂ ਤੇ ਕੋਈ ਜਾਗਿਆ ਨਾ। ਅਖੀਰ ਇਕ ਜਾਗਿਆ, ਦੂਸਰੇ ਨੂੰ ਜਗਾਇਆ, ਪ੍ਰਸ਼ਾਦਾ ਪਕਾਇਆ, ਪਕਾ ਕੇ ਛਕਾ ਦਿੱਤਾ ਤੇ ਜਦੋਂ ਹੱਥ ਸੁੱਚੇ ਕਰਾਏ, ਚੂਲਾ ਪੜ੍ਹਿਆ ਉਨ੍ਹਾਂ ਨੇ ਤੇ ਜਿਹੜੇ ਨੇੜੇ-ਨੇੜੇ ਬੈਠੇ ਸੀ, ਉਨ੍ਹਾਂ 'ਤੇ ਇਨ੍ਹਾਂ ਨੇ ਕੁਰਲੀ ਡੋਲ੍ਹ ਦਿੱਤੀ। ਬੜਾ ਬੁਰਾ ਮਨਾਇਆ ਉਨ੍ਹਾਂ ਨੇ, ਕਹਿੰਦੇ ਆਹ ਕੀ ਕਰਿਆ, ਸਾਨੂੰ ਇਸ਼ਨਾਨ ਕਰਨ ਵਾਲਾ ਕਰ ਦਿੱਤਾ ਤੁਸੀਂ। ਉਹ ਹੱਸ ਕੇ ਚਲੇ ਗਏ, ਕੋਈ ਗੱਲ ਦਾ ਜਵਾਬ ਨਹੀਂ ਦਿੱਤਾ। ਦੂਸਰੇ ਦਿਨ ਮਹਾਂਪੁਰਸ਼ਾਂ ਨੂੰ ਕਹਿਣ ਲੱਗੇ ਕਿ ਮਹਾਰਾਜ! ਹੋਰ ਤਾਂ ਸਭ ਠੀਕ ਸੀ, ਇੱਕ ਰਾਤ ਨੂੰ ਆਇਆ, ਉਹਨੇ ਆਹ ਗੱਲ ਕਰੀ, ਮਹਾਰਾਜ ਕਹਿੰਦੇ, ਤੁਹਾਡੇ ਤੋਂ ਫੇਰ ਪਛਾਣਿਆ ਗਿਆ, ਗੁਰੂ ਨਾਨਕ ਆਇਆ ਸੀ ਟੈਸਟ ਲੈਣ ਤੁਹਾਡਾ ਕਿ ਸਹੀ ਨੇ, ਕਿਵੇਂ ਕਰਦੇ ਨੇ, ਕੋਈ ਬੁਰਾ ਬਚਨ ਤਾਂ ਨਹੀਂ ਬੋਲ, ਕਹਿੰਦੇ ਨਹੀਂ ਮਹਾਰਾਜ! ਬੁਰਾ ਤਾਂ ਨਹੀਂ ਬੋਲੇ, ਪਰ ਐਨਾ ਜ਼ਰੂਰ ਕਿਹਾ ਹੈ ਕਿ ਆਹ ਤੂੰ ਕੀ ਕਰਿਆ ਹੈ। ਮਹਾਰਾਜ ਜੀ ਦੇ ਸਿਆਲ ਦਾ ਮਹੀਨਾ ਸੀ, ਧੁੰਦ ਪੈ ਰਹੀ ਸੀ ਬਹੁਤ, ਰਾਤ ਦੇ ਬਾਰ੍ਹਾਂ ਵਜੇ ਇੱਕ ਆ ਗਿਆ ਸਿੰਘ, ਮਹਾਰਾਜ ਜੀ ਦੇ ਕੋਲ ਚਲਿਆ ਗਿਆ, ਓਦੋਂ ਪਹਿਰੇ ਘੱਟ ਹੁੰਦੇ ਸੀ। ਨੇੜੇ ਹੀ ਰਹਿੰਦੇ ਸੀ, ਮਹਾਰਾਜ ਜੀ ਉੱਠੇ, ਉਠ ਕੇ ਕਹਿਣ ਲੱਗੇ, ਕੁਵੇਲੇ ਆਇਆਂ ਹੈਂ ਬਹੁਤ, ਪ੍ਰਸ਼ਾਦਾ ਲੰਗਰ ਛਕ ਚੱਲ ਕੇ। ਲੰਗਰ 'ਚ ਆਇਆ ਤਾਂ ਉਥੇ ਬੱਤੀਆਂ ਘੱਟ ਕੀਤੀਆਂ ਹੋਈਆਂ ਸੀ, ਚਲਿਆ ਗਿਆ ਵਾਪਸ ਕਹਿੰਦਾ, ਮਹਾਰਾਜ! ਉਥੇ ਤਾਂ ਸੌਂ ਗਏ। ਕਹਿੰਦੇ, ਸੌਂਦੇ ਨਹੀਂ, ਲੰਗਰ ਬੰਦ ਕਰਨ ਦਾ ਹੁਕਮ ਨਹੀਂ ਹੈ। ਦਰਵਾਜ਼ੇ ਖੁਲ੍ਹੇ ਨੇ, ਅੰਦਰ ਦਰਵਾਜ਼ੇ ਨੂੰ ਧੱਕਾ ਦੇ, ਅੰਦਰ ਲਾਂਗਰੀ ਸਿੰਘ ਹੋਣਗੇ ਤੇ ਓਸ ਵੇਲੇ ਅੰਦਰ ਗਿਆ ਤਾਂ ਲਾਂਗਰੀ ਸਿੰਘ ਜਿਹੜਾ ਡਿਊਟੀ 'ਤੇ ਸੀ, ਉਹ ਊਂਘ ਰਿਹਾ ਸੀ, ਕਹਿਣ ਲੱਗਿਆ ਕਿ ਮੈਂ ਪ੍ਰਸ਼ਾਦਾ ਛਕਣਾ ਹੈ, ਕੋਈ ਜਵਾਬ ਹੀ ਨਾ ਦਿੱਤਾ। ਫੇਰ ਮਹਾਰਾਜ ਜੀ ਕੋਲ ਮੁੜ ਕੇ ਚਲਿਆ ਗਿਆ। ਕਹਿੰਦਾ, ਮਹਾਰਾਜ! ਉਹ ਤਾਂ ਕੋਈ ਜਵਾਬ ਨਹੀਂ ਦਿੰਦੇ। ਕਹਿੰਦੇ, ਚਲੋ ਅਸੀਂ ਚਲਦੇ ਹਾਂ। ਮਹਾਰਾਜ ਜੀ ਨੇ ਆਪਣਾ ਸਰਦੀ ਦਾ ਮਹੀਨਾ ਸੀ, ਉਪਰ ਕਪੜਾ ਵੇੜ੍ਹਿਆ ਤੇ ਦਸਤਾਰੇ ਦੇ ਉੱਤੇ ਦੀ ਝੁੰਬੀਆਂ ਹੁੰਦੀਆਂ ਸੀ, ਝੁੰਬੀ ਲੈ ਲਈ ਤੇ ਇੱਕ ਪਟਕੇ ਦੇ ਨਾਲ ਗੰਢ ਦੇ ਲਈ। ਆ ਕੇ ਸਿੱਧੇ ਹੀ ਲੰਗਰ ਵਿਚ ਆ ਗਏ ਤੇ ਪਰਾਤ ਚੁੱਕੀ ਤੇ ਆਟਾ ਗੁੰਨਣਾ ਸ਼ੁਰੂ ਕਰ ਦਿੱਤਾ ਤੇ ਜਦੋਂ ਮਹਾਰਾਜ ਜੀ ਨੇ ਆਟਾ ਗੁੰਨ ਲਿਆ ਤੇ ਜਾ ਕੇ ਪ੍ਰਸ਼ਾਦਾ ਪਾਉਣ ਵਾਸਤੇ ਅੱਗ ਜਾਲੀ, ਓਸ ਵੇਲੇ ਸਿੰਘਾਂ ਨੂੰ ਜਾਗ ਗਈ। ਜਾਗ ਆਈ ਤਾਂ ਦੇਖਣ ਕਿ ਐਸ ਵੇਲੇ ਲੰਗਰ 'ਚ ਕੌਣ ਆ ਗਿਆ। ਸਾਡੇ ਹੁਕਮ ਤੋਂ ਬਗੈਰ ਪ੍ਰਸ਼ਾਦਾ ਕੌਣ ਲਾਹੁੰਣ ਲੱਗਿਆ ਹੈ। ਜਦੋਂ ਨੇੜੇ ਗਏ ਤਾਂ ਕੀ ਦੇਖਦੇ ਨੇ ਕਿ ਮਹਾਰਾਜ ਜੀ ਨੇ ਨੀਵੀਂ ਪਾਈ ਹੋਈ ਹੈ ਬਹੁਤ, ਤੇ ਆਪਣਾ ਪੇੜਾ ਵਗੈਰਾ ਕਰਕੇ ਪ੍ਰਸ਼ਾਦਾ ਲਾਹੁੰਣ ਦੀ ਤਿਆਰੀ ਕਰ ਰਹੇ ਨੇ। ਸ੍ਰੀ ਮਾਨ ਵੀ ਬੇਨਤੀਆਂ ਕਰਦਾ ਹੈ, ਮੱਥੇ ਟੇਕਦਾ ਹੈ ਮਹਾਰਾਜ! ਭੁੱਲ ਹੋ ਗਈ, ਕ੍ਰਿਪਾ ਕਰੋ, ਗਲਤੀ ਹੋ ਗਈ ਸਾਡੇ ਤੋਂ। ਬਹੁਤ ਬੇਨਤੀਆਂ ਕਰਨ ਤੋਂ ਬਾਅਦ ਆਟਾ ਮਹਾਰਾਜ ਜੀ ਦੇ ਹੱਥ 'ਚੋਂ ਲੈ ਲਿਆ। ਮਹਾਰਾਜ ਕਹਿਣ ਲੱਗੇ, ਕਿਉਂ ਭਾਈ ਇਹ ਲੰਗਰ ਈਸ਼ਰ ਸਿੰਘ ਦਾ ਹੈ ਕਿ ਗੁਰੂ ਨਾਨਕ ਦਾ ਹੈ? ਚੁੱਪ ਕਰ ਗਏ ਉਹ। ਕਹਿੰਦੇ ਗੁਰੂ ਨਾਨਕ ਦੇ ਲੰਗਰ 'ਚੋਂ ਕੋਈ ਬੰਦਾ ਭੁੱਖਾ ਚਲਿਆ ਜਾਵੇ, ਤਾਂ ਇਹ ਟਰੱਸਟੀ ਦਾ, ਮੇਰੇ ਜ਼ਿੰਮੇ ਕਰਿਆ ਹੋਇਆ ਹੈ, ਮੇਰੀ ਡਿਊਟੀ ਲਾਈ ਹੋਈ ਹੈ ਉਨ੍ਹਾਂ ਨੇ ਕਿ ਲੰਗਰ ਚਲਾਉਣਾ ਹੈ ਤੂੰ। ਫੇਰ ਜਵਾਬ ਤਾਂ ਮੈਨੂੰ ਹੀ ਦੇਣਾ ਪੈਣਾ ਹੈ, ਤੁਸੀਂ ਤਾਂ ਪਾਸੇ ਹਟ

ਜਾਣਾ ਹੈ। ਕਹਿੰਦੇ, ਮਹਾਰਾਜ! ਅੱਜ ਕ੍ਰਿਪਾ ਕਰੋ, ਅਗਾਂਹਾਂ ਨੂੰ ਜੋ ਹੁਕਮ ਹੋਏਗਾ ਕਰਾਂਗੇ। ਮਹਾਰਾਜ ਕਹਿਣ ਲੱਗੇ, ਪਿਆਰਿਓ! ਚੌਵੀ ਘੰਟੇ ਜਦੋਂ ਕੋਈ ਆਉਂਦਾ ਹੈ ਖੁਦੀਆਵੰਤ, ਉਸ ਵੇਲੇ ਹੀ ਉਹਨੂੰ ਛਕਣ ਨੂੰ ਕੁਛ ਦਿਓ ਤੁਸੀਂ। ਲੰਗਰ ਨਹੀਂ ਬੰਦ ਕਰਨਾ ਕਦੇ ਵੀ, ਨਹੀਂ ਹੈਗਾ ਤਾਂ ਤਾਜ਼ੀ ਲਾਹ ਕੇ ਦਿਓ। ਸੋ ਇਹ ਸੇਵਾ ਹੋਇਆ ਕਰਦੀ ਹੈ।

ਭਾਗ ਸਿੰਘ ਲਾਂਗਰੀ ਸੇਵਾ ਕਰਦਾ ਹੈ। ਸੇਵਾ ਉਹ ਹੁੰਦੀ ਜਿਹਦੇ ਉਤੇ ਮਹਾਂਪੁਰਸ਼ਾਂ ਦਾ ਚਿੱਤ ਪ੍ਰਸੰਨ ਹੋਵੇ, ਕਿਉਂਕਿ ਉਨ੍ਹਾਂ ਦੀ ਡਿਊਟੀ ਹੋਇਆ ਕਰਦੀ ਹੈ, ਡਿਊਟੀ ਹੋਣ ਦੇ ਨਾਲ ਉਹ ਦੇਖਦੇ ਰਹਿੰਦੇ ਨੇ ਕਿ ਠੀਕ ਚੱਲ ਰਿਹਾ ਹੈ ਕੰਮ। ਕਿਉਂਕਿ ਜਵਾਬ ਤਲਬੀ ਤਾਂ ਉਨ੍ਹਾਂ 'ਤੇ ਹੋਇਆ ਕਰਦੀ ਹੈ। ਗਲਤੀ ਕਰਨ ਵਾਲੇ ਤੋਂ ਥੋੜ੍ਹਾ ਨਾ ਹੁੰਦੀ ਹੈ, ਸੰਤਾਂ ਤੇ ਬਹੁਤੀ ਜਵਾਬ ਤਲਬੀ ਹੁੰਦੀ ਹੈ ਕਿ ਤੁਸੀਂ ਕੀ ਕਰਦੇ ਸੀ? ਦੂਸਰਾ ਦਿਨ ਹੋਇਆ ਤਾਂ ਦੱਸਿਆ ਬਾਬਾ ਜੀ ਨੂੰ ਕਿ ਬਾਬਾ ਜੀ! ਇਹਦੀ ਮਾਤਾ ਜੀ! ਚੜ੍ਹਾਈ ਕਰ ਗਈ। ਅੰਤਰ ਧਿਆਨ ਹੋਏ, ਕਹਿੰਦੇ ਉਨ੍ਹਾਂ ਦੇ ਸਰੀਰ ਦਾ ਸਸਕਾਰ ਨਾ ਕਰਿਓ, ਸਰੀਰ ਰੋਕ ਲੈਣਾ, ਉਹਨੇ ਆ ਜਾਣਾ ਹੈ। ਕਾਫੀ ਸਮੇਂ ਤੋਂ ਬਾਅਦ ਉਹ ਮਾਤਾ ਜਿਉਂਦੀ ਹੋ ਗਈ। ਇਕੱਠੇ ਹੋ ਕੇ ਮਹਾਂਪੁਰਸ਼ਾਂ ਵਲ ਆਏ ਸਾਰੇ। ਸਾਰੀ ਵਾਰਤਾ ਦੱਸੀ ਕਿ ਮਹਾਰਾਜ! ਚੜ੍ਹਾਈ ਕਰ ਗਈ ਸੀ, ਕਿੰਨੇ ਘੰਟੇ ਮਰੀ ਪਈ ਰਹੀ ਹੈ ਤੇ ਫੇਰ ਜਿਉਂਦੀ ਹੋ ਗਈ। ਮਹਾਂਪੁਰਸ਼ ਕਹਿਣ ਲੱਗੇ, ਕਿਉਂ ਬੀਬੀ! ਐਉਂ ਦਸ ਜਦੋਂ ਤੂੰ ਇਥੋਂ ਗਈ ਹੈਂ ਤਾਂ ਕੀ ਹਾਲ ਤੇਰੇ ਨਾਲ ਹੋਇਆ। ਕਿਸ ਤਰ੍ਹਾਂ ਦੇ ਨਾਲ ਭਾਣਾ ਵਰਤਿਆ, ਕਹਿਣ ਲੱਗੀ ਬਾਬਾ ਜੀ! ਇਥੋਂ ਹੀ ਮੈਨੂੰ ਇੱਜ਼ਤ ਦੇ ਨਾਲ, ਸਤਿਕਾਰ ਦੇ ਨਾਲ ਲੈ ਗਏ। ਜਦੋਂ ਮੈਂ ਧਰਮਰਾਜ ਦੇ ਕੋਲ ਗਈ, ਧਰਮਰਾਜ ਨੇ ਕਿਹਾ ਚਿਤਰਗੁਪਤਾ ਨੂੰ ਕਿ ਇਹਦਾ ਹਿਸਾਬ ਕਿਤਾਬ ਜੋ ਹੈ, ਪਾਪ ਪੁੰਨ, ਉਹ ਮੇਰੇ ਸਾਮ੍ਹਣੇ ਪੇਸ਼ ਕਰੋ। ਉਥੇ ਨਾਉਂ ਦੇਖਦੇ ਨੇ, ਨਾਉਂ ਲੱਭਿਆ ਨਾ ਮਹਾਰਾਜ ਮੇਰਾ। ਬੜਾ ਹੈਰਾਨ ਹੋ ਗਿਆ ਧਰਮਰਾਜ, ਕਹਿਣ ਲੱਗਿਆ, ਬੜੀ ਭਾਰੀ ਭੁੱਲ ਹੋਈ ਭਾਈ ਆਪਾਂ ਤੋਂ ਇਹ ਤਾਂ ਗੁਰੂ ਨਾਨਕ ਦੀ ਦਰਗਾਹ ਨੂੰ ਜਾਣ ਵਾਲੀ ਬੀਬੀ ਸੀ, ਮੇਰੇ ਕੋਲ ਕਿਉਂ ਲੈ ਕੇ ਆਏ ਓਂ। ਐਡੀ ਵੱਡੀ ਭੁੱਲ ਤੁਹਾਡੀ? ਕਿਉਂਕਿ -

ਧਰਮ ਰਾਇ ਨੋ ਹੁਕਮੁ ਹੈ
ਬਹਿ ਸਚਾ ਧਰਮੁ ਬੀਚਾਰਿ ॥
ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥
ਅੰਗ - ੩੮

ਜਿਹੜੇ ਦੁਸ਼ਟ ਬੰਦੇ ਨੇ, ਪਾਪੀ ਬੰਦੇ ਨੇ, ਸਿਰਫ ਓਹੀ ਧਰਮਰਾਜ ਦੀ ਦਰਗਾਹ 'ਚ ਜਾਂਦੇ ਨੇ, ਜਿਹੜੇ ਗੁਰੂ ਵਾਲੇ ਗੁਰੂ ਨਾਨਕ ਨਾਲ ਪਿਆਰ ਕਰਦੇ ਨੇ। ਗੁਰੂ ਘਰ ਦੀ ਸੇਵਾ ਕਰਦੇ ਨੇ, ਉਹ ਨਹੀਂ ਜਾਇਆ ਕਰਦੇ, ਜੇ ਕਿਤੇ ਚਲੇ ਜਾਣ, ਤਾਂ ਧਰਮਰਾਜਾ ਵੀ ਉਨ੍ਹਾਂ ਦੀ ਸੇਵਾ ਕਰਦਾ ਹੈ।

ਰੇ ਰੇ ਦਰਗਹ ਕਹੈ ਨ ਕੋਊ ॥
ਆਉ ਬੈਠੁ ਆਦਰੁ ਸੁਭ ਦੇਊ ॥ ਅੰਗ - ੨੫੨

ਉਥੇ ਅਰੇ-ਅਰੇ ਨਹੀਂ ਕਰਦੇ ਕੋਈ ਵੀ ਫੇਰ, ਜਿਹੜੇ ਨਾਮ ਜਪਣ ਵਾਲੇ, ਸੇਵਾ ਕਰਨ ਵਾਲੇ ਨੇ, ਉਨ੍ਹਾਂ ਨੂੰ ਦਰਗਾਹ ਦੇ ਵਿਚ ਆਦਰ ਮਿਲਦਾ। ਕਹਿਣ ਲੱਗੀ ਮਹਾਂਪੁਰਸ਼ੋ! ਉਨ੍ਹਾਂ ਨੇ ਮੈਨੂੰ ਬੜੇ ਪਿਆਰ ਦੇ ਨਾਲ ਉਸ ਥਾਂ ਦੇ ਉਤੇ ਵਰਤਾਵ ਕਰਿਆ। ਮੈਨੂੰ ਕਹਿਣ ਲੱਗੇ, ਬੀਬੀ! ਸਾਡੇ ਤੋਂ ਭੁੱਲ ਹੋ ਗਈ ਤੇ ਤੇਰੇ ਸਰੀਰ 'ਚ ਅਸੀਂ ਤੈਨੂੰ ਵਾਪਸ ਕਰਦੇ ਹਾਂ। ਹੋਰ ਬੀਬੀ ਲਿਆਉਣੀ ਸੀ, ਲੈ ਆਏ ਤੈਨੂੰ। ਮਹਾਰਾਜ! ਕਹਿਣ ਲੱਗੇ, ਕਿਉਂ ਭਾਈ ਸਾਧਸੰਗਤ ਜੀ! ਸੁਣ ਲਈ ਤੁਸੀਂ ਵਿਥਿਆ ਤੇ ਤੁਹਾਡੇ ਯਾਦ ਹੈ ਸੁਖਮਨੀ ਸਾਹਿਬ ਦੇ ਵਿਚ ਜੋ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਨੇ ਫੁਰਮਾਨ ਕੀਤਾ ਹੈ। ਸਾਰੇ ਚੁੱਪ ਕਰ ਗਏ, ਕਹਿੰਦੇ ਬਾਬਾ ਜੀ! ਯਾਦ ਨਹੀਂ ਆ ਰਿਹਾ, ਆਪ ਹੀ ਕ੍ਰਿਪਾ ਕਰਕੇ ਦੱਸੋ, ਆਪ ਕਿਸ ਪਾਸੇ ਇਸ਼ਾਰਾ ਕਰ ਰਹੇ ਓਂ। ਫੁਰਮਾਨ ਕੀਤਾ ਇਸ ਤਰ੍ਹਾਂ -

ਧਾਰਨਾ - ਧਰਮਰਾਜਾ ਵੀ ਕਰੇਗਾ ਸੇਵਾ,
ਸੰਤਾਂ ਦੇ ਸੰਗੀਆਂ ਦੀ।
ਸਾਧਸੰਗਿ ਧਰਮ ਰਾਇ ਕਰੇ ਸੇਵਾ ॥
ਸਾਧ ਕੈ ਸੰਗਿ ਸੋਭਾ ਸੁਰਦੇਵਾ ॥ ਅੰਗ - ੨੭੧

ਕਿਉਂ ਸਾਧਸੰਗਤ ਜੀ! ਫੇਰ ਆਇਆ ਯਕੀਨ ਏਸ ਫੁਰਮਾਨ 'ਤੇ ਗੁਰੂ ਨਾਨਕ ਪਾਤਸ਼ਾਹ ਦੇ? ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਨੇ ਜੋ ਸੁਖਮਨੀ ਸਾਹਿਬ 'ਚ ਫੁਰਮਾਨ ਕੀਤਾ ਹੈ ਕਿ ਸਾਧਸੰਗਿ ਧਰਮ ਰਾਇ ਕਰੇ ਸੇਵਾ॥' ਇਹ ਬੀਬੀ ਇੱਥੇ ਲੰਗਰ ਦੇ ਵਿਚ ਸੇਵਾ ਕਰਿਆ ਕਰਦੀ ਸੀ, ਬਰਤਨ ਮਾਂਜਦੀ ਸੀ, ਝਾੜੂ ਦਿੰਦੀ ਸੀ, ਹੋਰ ਅਨੇਕਾਂ ਕਿਸਮ ਦੀ ਸੇਵਾ ਕਰਦੀ ਸੀ ਤੇ ਜਦੋਂ ਗਲਤੀ ਦੇ ਨਾਲ ਉਥੇ ਚਲੀ ਗਈ ਤਾਂ ਧਰਮਰਾਜ ਨੇ ਬੜੀ ਸੇਵਾ ਕੀਤੀ। ਕਹਿਣ ਲੱਗੇ, ਬੀਬੀ! ਫੇਰ ਕੀ ਹੋਇਆ? ਕਹਿਣ ਲੱਗੀ, ਮੈਂ ਕਿਹਾ ਕਿ ਮਹਾਰਾਜ! ਮੈਂ ਜਿੱਥੇ ਆਉਣਾ ਹੈ ਫੇਰ? ਤੇ ਤੁਸੀਂ ਕਹਿੰਦੇ ਓਂ ਕਿ ਤੇਰੀ ਅਜੇ ਉਮਰ ਰਹਿੰਦੀ ਹੈ ਛੇ-ਸੱਤ ਸਾਲ ਦੀ ਤੇ ਉਸ ਤੋਂ ਬਾਅਦ ਮੈਂ ਕਿੱਥੇ ਆਉਣਾ ਹੈ, ਮੈਨੂੰ ਉਹ ਜਗ੍ਹਾ ਤਾਂ ਦਿਖਾ ਦਿਓ। ਕਹਿੰਦੇ, ਬੀਬੀ! ਉਹ ਜਗ੍ਹਾ ਹੈ ਗੁਰੂ ਦੀ ਦਰਗਾਹ। ਉਹਦੇ ਵਿਚ ਜੋ ਗੁਰੂ ਦੇ ਨਾਲ ਪਿਆਰ ਕਰਦੇ ਨੇ -

ਅੰਤਰਿ ਗੁਰੁ ਆਰਾਧਣਾ ਜਿਹਵਾ
ਜਪਿ ਗੁਰ ਨਾਉ ॥ ਨੇਤ੍ਰੀ ਸਤਿਗੁਰੁ ਪੇਖਣਾ
ਸ੍ਰਵਣੀ ਸੁਨਣਾ ਗੁਰ ਨਾਉ ॥
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥
ਅੰਗ - ੫੧੭

ਧਾਰਨਾ - ਦਰਗਹ ਮਿਲਦੈ ਥਾਉਂ,
ਗੁਰਾਂ ਨਾ ਰੱਤਿਆਂ-ਗੁਰਾਂ ਨਾਲ ਰੱਤਿਆਂ।

ਬਾਬਾ ਜੀ ਕਹਿਣ ਲੱਗੇ ਕਿ ਦੇਖੋ ਗੁਰਮੁਖੋ! ਜਿਹੜੇ ਬੰਦੇ ਗੁਰੂ ਦੇ ਨਾਲ ਪਿਆਰ ਕਰਦੇ ਨੇ, ਉਹ ਧਰਮਰਾਜ ਦੇ ਨਹੀਂ ਜਾਇਆ ਕਰਦੇ। ਕਹਿੰਦੇ, ਮਹਾਰਾਜ! ਕੋਈ ਵੀ ਨਹੀਂ ਜਾਂਦਾ? ਕਹਿੰਦੇ, ਜਿਹੜਾ ਗਲਤ ਸੋਚਦਾ ਹੈ ਸਿੱਖ, ਉਹਨੂੰ ਤਾਂ ਜਾਣਾ ਪੈਂਦਾ ਹੈ? ਕੀ ਗਲਤ ਸੋਚਦਾ ਹੈ? ਕਹਿੰਦੇ, ਦਾਨ ਦਿੰਦਾ ਹੈ, ਦਾਨ ਦਾ ਬਦਲਾ ਚਾਹੁੰਦਾ ਹੈ ਦਰਗਾਹ ਵਿਚ।

ਪੁੰਨ ਦਾਨੁ ਜੋ ਬੀਜਦੇ
ਸਭ ਧਰਮ ਰਾਇ ਕੈ ਜਾਈ ॥ ਅੰਗ - ੧੪੧੪

ਮਹਾਰਾਜ ਨੇ ਕਹਿ ਦਿਤਾ ਕਿ ਉਹ ਤਾਂ ਸਾਰੇ ਜਾਣਗੇ, ਨਰਕਾਂ ਵਿਚ ਨਹੀਂ ਉਨ੍ਹਾਂ ਨੇ ਜਾਣਾ, ਉਹ ਸਵਰਗ ਭੋਗਣ ਵਾਸਤੇ ਜਾਂਦੇ ਨੇ ਪਰ ਉਨ੍ਹਾਂ ਸਵਰਗਾਂ ਦੇ ਵਿਚ ਇੱਕ ਨੁਕਸ ਹੈ, ਜਿਹਦਾ ਸਾਨੂੰ ਪਤਾ ਨਹੀਂ ਹੈ, ਉਹ ਇਹ ਹੈ ਕਿ ਜੇ ਉਨ੍ਹਾਂ ਦੇ ਨਮਿੱਤ ਉਨ੍ਹਾਂ ਦੇ ਵਾਰਸ ਸਾਲ ਤੋਂ ਬਾਅਦ ਪੂਜਾ ਪਾਠ ਕਰਾਉਂਦੇ ਰਹਿਣ, ਦਾਨ ਦਿੰਦੇ ਰਹਿਣ ਫੇਰ ਉਹ ਦਾਨ ਹਜ਼ਾਰਾਂ ਗੁਣਾਂ ਹੋ ਕੇ ਉਥੇ ਪਹੁੰਚ ਜਾਂਦਾ ਹੈ, ਪਿੱਤਰ ਲੋਕ ਤਕ। ਤੇ ਉਹ ਭੋਗ ਦੀ ਇਛਿਆ ਨਾਲ ਜਾਂਦੇ ਨੇ, ਉਹ ਭੋਗ ਦੀ ਇੱਛਿਆ ਨਾਲ ਸਵਰਗਾਂ 'ਚ ਜਾਣਗੇ। ਪਰ ਫੇਰ ਵੀ ਇੱਥੋਂ ਉਨ੍ਹਾਂ ਦੇ ਵਾਰਸਾਂ ਨੂੰ ਭੇਜਣਾ ਪੈਂਦਾ ਹੈ, ਜੇ ਨਹੀਂ ਭੇਜਦੇ ਫੇਰ ਉਨ੍ਹਾਂ 'ਤੇ ਕਰਜ਼ਾ ਚੜ੍ਹ ਜਾਂਦਾ ਹੈ, ਵਿਘਨ ਆ ਜਾਂਦਾ ਹੈ। ਕਿਉਂਕਿ ਪਿੱਤਰ ਰਿਣ ਹੋਇਆ ਕਰਦਾ ਹੈ। ਬਾਕੀ ਸੰਸਾਰ ਸਾਰੇ ਨੂੰ ਵਿਧਾਨ ਹੈ, ਗੁਰਸਿਖੀ ਵਿਚ ਹੋਰ ਤਰ੍ਹਾਂ ਨਾਲ ਉਹ ਇਹ ਹੈ ਕਿ ਅਸੀਂ ਜਾਂਦੇ ਹਾਂ ਗੁਰੂ ਨਾਨਕ ਦੀ ਦਰਗਾਹ 'ਚ। ਉਥੇ ਭੰਡਾਰੇ ਸਾਰੇ ਭਰਪੂਰ ਨੇ, ਕਿਸੇ ਚੀਜ਼ ਦੀ ਲੋੜ ਨਹੀਂ ਕਿ ਹੁਣ ਪਿੱਛੋਂ ਆਵੇ। ਉਥੇ ਆਪ ਹੀ ਸਭ ਕੁਛ ਭਜਨ ਬੰਦਗੀ ਵਧਦੀ ਹੈ। ਆਪ ਹੀ ਆਦਮੀ ਨਾਮ ਜਪਦਾ ਹੈ, ਬੰਦਗੀ ਕਰਦਾ ਹੈ, ਦਰਸ਼ਨ ਕਰਦਾ ਹੈ ਸੰਗਤਾਂ ਦੇ, ਬ੍ਰਹਮਗਿਆਨੀਆਂ ਦੇ ਉਹਦੇ ਨਾਲ ਉਹਦਾ ਫਲ ਵਧੀ ਜਾਂਦਾ ਹੈ। ਸੋ ਇਹ ਫਰਕ ਹੈ, ਉਹ ਨਹੀਂ ਜਾਂਦੇ, ਜਿਹੜੇ ਨਿਸ਼ਕਾਮ ਜਾਂਦੇ ਨੇ ਸੇਵਾ ਕਰਕੇ, ਦਾਨ ਕਰਕੇ ਅਰਦਾਸ ਕਰਦੇ ਨੇ ਕਿ ਹੇ ਸੱਚੇ ਪਾਤਸ਼ਾਹ! ਜੋ ਅੱਜ ਸਵੇਰ ਤੋਂ ਲੈ ਕੇ ਹੁਣ ਤਕ ਪਾਠ ਕੀਤੇ ਨੇ, ਇਨ੍ਹਾਂ ਨੂੰ ਸੋਧ ਕੇ ਆਪਣੇ ਖਜ਼ਾਨੇ ਵਿਚ ਦਾਖਲ ਕਰ ਤੇ ਦਰੋਂ ਘਰੋਂ ਜੋ ਮੈਨੂੰ ਦੇਣਾ ਹੈ ਉਹ ਸਿੱਖੀ ਸਿਦਕ ਦੇ, ਪਿਆਰ ਦੇ ਆਪਣਾ। ਮੰਗਦੇ ਨਹੀਂ ਹੈਗੇ, ਅਣਮੰਗਿਆ ਜੋ ਦਾਨ ਹੈ, ਉਹ ਬੇਅੰਤ ਵਧ ਜਾਂਦਾ ਹੈ, ਉਹਦਾ ਫਲ ਦਰਗਾਹ 'ਚ ਜਾ ਕੇ ਮਿਲਿਆ ਕਰਦਾ ਹੈ। ਸੋ ਕਹਿਣ ਲੱਗੀ ਕਿ ਬਾਬਾ ਜੀ! ਫੇਰ ਮੈਨੂੰ ਉਨ੍ਹਾਂ ਨੇ ਗੁਰੂ ਨਾਨਕ ਦੀ ਦਰਗਾਹ ਦਿਖਾ ਦਿਤੀ। ਉਥੇ ਗਈ ਤਾਂ ਉਹ ਕਹਿਣ ਲੱਗੀ ਕਿ ਬੀਬੀ ਤੇਰੇ ਤਾਂ ਅਜੇ ਸੱਤ ਸਾਲ ਬਾਕੀ ਨੇ, ਸਾਰੀ ਗੱਲ ਦੱਸੀ ਕਿ ਮੈਂ ਇਸ ਤਰ੍ਹਾਂ ਆਈ ਹਾਂ। ਕਹਿੰਦੇ ਨਹੀਂ ਤੁਸੀਂ ਸੱਤ ਸਾਲ ਕੱਟ ਕੇ ਇੱਥੇ ਹੀ ਆ ਜਾਣਾ।

ਸੋ ਇਹ ਜੋ ਮਹਾਰਾਜ ਫੁਰਮਾਨ ਕਰਦੇ ਨੇ ਕਿ -

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬

ਕਿੱਡੀ ਵੱਡੀ ਚੀਜ਼ ਹੈ ਸੇਵਾ ਤੇ ਦਰਗਾਹ ਵਿਚ ਥਾਂ ਮਿਲ ਜਾਂਦੀ ਹੈ -

ਦਰਗਾਹ ਵਿਚ ਥਾਂ ਮਿਲ ਜਾਂਦੀ ਹੈ, ਫੇਰ ਉਹ ਸੁੰਗੜ ਕੇ ਨਹੀਂ ਤੁਰਿਆ ਕਰਦਾ। ਛਾਤੀ ਕੱਢ ਕੇ ਤੁਰਦਾ ਹੈ, ਬੇ-ਡਰ ਹੋ ਕੇ, ਬੇਖੌਫ ਹੋ ਕੇ ਤੁਰਦਾ ਹੈ। ਕਿਉਂਕਿ ਥਾਂ ਮਿਲ ਜਾਂਦਾ ਹੈ, ਕਿਉਂਕਿ ਗੁਰੂ ਮਹਾਰਾਜ ਨੇ ਦੋਵੇਂ ਸਾਧਨ ਸਾਡੇ ਵਾਸਤੇ, ਸਿਮਰਨ ਦਾ ਤੇ ਸੇਵਾ ਦਾ ਇਹ ਪ੍ਰਧਾਨ ਸਾਧਨ ਦੱਸੇ ਨੇ ਕਿ ਕਲਜੁਗ 'ਚ ਉਮਰ ਥੋੜ੍ਹੀ ਹੈ ਤੇ ਜੇ ਸੇਵਾ ਕਰੇ, ਤੇ ਅੰਦਰ ਨਾਮ ਜਪੇ। ਇਨ੍ਹਾਂ ਦੋਹਾਂ ਦਾ ਫਲ ਬੇਅੰਤ ਅਧਿਕ ਹੋਣ ਕਰਕੇ, ਉਹਦੀ ਗਤੀ ਬਹੁਤ ਉਤਮ ਹੋਇਆ ਕਰਦੀ ਹੈ।

ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,
ਸੇਵਾ ਕਰਕੇ ਮਾਣ ਪਾਈਦੈ।

ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ - ੨੭੪

ਇੱਥੇ ਵੀ ਮਾਣ ਤੇ ਦਰਗਾਹ 'ਚ ਵੀ। ਦੋ ਸਾਧਨ ਗੁਰੂ ਮਹਾਰਾਜ ਨੇ ਸਾਡੇ ਵਾਸਤੇ ਪ੍ਰਚਲਤ ਕਰੇ ਨੇ। ਮਹਾਰਾਜ ਦੀ ਬੜੀ ਮਿਹਰ ਹੈ। ਇਹੀ ਨਹੀਂ ਕਿ ਦਰਗਾਹ ਦੇ ਵਿਚ ਥਾਂ ਮਿਲਦਾ ਹੈ। ਦੁਨੀਆਂ ਦੇ ਵਿਚ ਵੀ ਜੋ ਚੀਜ਼ ਲੋੜੀਂਦੀ ਹੈ, ਸੇਵਾ ਕਰੋ ਮਿਲ ਜਾਂਦੀ ਹੈ। ਜਿਹੜੀ ਮਿਲ ਹੀ ਨਹੀਂ ਸਕਦੀ ਕਿਸੇ ਕੀਮਤ ਦੇ ਨਾਲ, ਉਹ ਵੀ ਮਿਲ ਜਾਂਦੀ ਹੈ। ਇਹ ਹੈ ਕਿ ਸੇਵਾ ਕਰਕੇ ਦੇਖੋ ਤਾਂ ਸਹੀ, ਐਸਾ ਫੁਰਮਾਨ ਹੈ -

ਧਾਰਨਾ - ਕਰਕੇ ਕੋਈ ਵੇਖ ਲਓ,
ਸੇਵਾ ਤੋਂ ਮਿਲਦੈ ਮੇਵਾ।

ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨਾਇ,
ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ।
ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ,
ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ।
ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,
ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।
ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ,
ਤੈਸਾ ਫਲ ਸਿਖ ਕਉ ਚਾਪਿ ਪਗ ਸੁਆਏ ਕਾ।
ਕਬਿੱਤ ਭਾਈ ਗੁਰਦਾਸ ਜੀ

ਪੁੰਨਾਂ ਦਾ ਵੇਰਵਾ ਲਿਖਿਆ ਹੈ ਭਾਈ ਗੁਰਦਾਸ ਜੀ ਨੇ ਕਿ ਜੇ ਇਕ ਬੰਦਗੀ ਕਰਨ ਵਾਲੇ ਮਹਾਂਪੁਰਸ਼ਾਂ ਦਾ ਸਮੇਂ ਸਿਰ ਇਸ਼ਨਾਨ ਕਰਾ ਦਿਤਾ ਤਾਂ ਫਲ ਕਿੰਨਾ ਲਗਦਾ ਹੈ, ਜਿੰਨਾਂ ਪੰਜ ਵਾਰ ਗੰਗਾ ਜਾਵੇ ਤੇ ਪੰਜ ਵਾਰ ਪਰਾਗ ਜਾ ਕੇ ਨਹਾ ਕੇ ਆਵੇ। ਜੇ ਗੁਰਸਿਖ ਨੂੰ, ਗੁਰਮੁਖ ਪਿਆਰੇ ਨੂੰ ਸ਼ਰਧਾ ਪਿਆਰ ਦੇ ਨਾਲ ਪਾਣੀ ਪਿਲਾ ਦਿਤਾ ਤੇ ਉਹਦਾ ਫਲ ਕੁਰਸ਼ੇਤਰ ਦੇ ਇਸ਼ਨਾਨ ਦੇ ਬਰਾਬਰ ਲਗਦਾ ਹੈ ਤੇ ਉਹਨੂੰ ਪ੍ਰਸ਼ਾਦਾ ਛਕਾ ਦਿਤਾ ਤਾਂ ਅਸ੍ਵਮੇਧ ਜਗ ਦਾ ਫਲ ਪ੍ਰਾਪਤ ਹੋ ਜਾਇਆ ਹੈ। ਸੋਨੇ ਦੇ ਸੌ ਮੰਦਰ ਸੋਨੇ ਦੇ ਬਣਾ ਕੇ ਭੇਟਾ ਕਰਨੇ ਤੇ ਇਕ ਸ਼ਬਦ ਗੁਰਸਿੱਖ ਨੂੰ ਸਿਖਾ ਦੇਣਾ, ਯਾਦ ਕਰਾ ਦੇਣਾ। ਹੌਲੀ-ਹੌਲੀ ਜਪੁਜੀ ਸਾਹਿਬ ਯਾਦ ਕਰਾ ਦੇਣਾ। ਹੋਰ ਕੋਈ ਬਾਣੀ ਯਾਦ ਕਰਾ ਦੇਣੀ, ਸੌ ਮੰਦਰ ਸੋਨੇ ਦੇ ਦਾਨ ਕਰਨ ਜਿੰਨਾਂ ਪੁੰਨ ਹੋਇਆ ਕਰਦਾ ਹੈ। ਵੀਹ ਵਾਰੀ ਕਿਸੇ ਸਾਧ ਦੇ ਦਰਸਨ ਕਰਨ ਜਾਂਦਾ ਹੈ ਤੇ ਜੇ ਇੱਕ ਗੁਰਸਿੱਖ ਬੰਦਗੀ ਕਰਨ ਵਾਲਾ, ਨਾਮ ਜਪਣ ਵਾਲਾ ਥੱਕਿਆ ਹੋਇਆ ਹੈ, ਜੇ ਉਹਦੀਆਂ ਲੱਤਾਂ ਘੁੱਟ ਕੇ, ਚਰਨ ਘੁੱਟ ਕੇ, ਪਿੱਠ ਦੱਬ ਕੇ, ਨੀਂਦ ਆ ਜਾਵੇ ਉਸਨੂੰ ਤਾਂ ਕਿ ਸਮੇਂ ਸਿਰ ਫੇਰ ਉਠ ਸਕੇ, ਕਹਿੰਦੇ ਐਨਾ ਫਲ

ਹੋਇਆ ਕਰਦਾ ਹੈ। ਸੋ ਸੇਵਾ ਤੋਂ ਸਭ ਕੁਛ ਮਿਲਦਾ ਹੈ, ਸੇਵਾ ਕਰਕੇ ਦੇਖ ਲਓ। ਜੋ ਚੀਜ਼ ਨਾਯਾਬ ਹੈ ਉਹ ਵੀ ਮਿਲ ਜਾਂਦੀ ਹੈ। ਐਸੀਆਂ ਚੀਜ਼ਾਂ ਨੇ ਦੁਨੀਆਂ ਦੇ ਅੰਦਰ ਜਿਹੜੀਆਂ ਮਿਲਦੀਆਂ ਹੀ ਨਹੀਂ, ਪੁੱਤਰ ਦੀ ਲੋੜ ਹੈ ਕਿਸੇ ਨੂੰ ਨਹੀਂ ਮਿਲਦਾ। ਜ਼ੋਰ ਲਾ ਲਏ ਜਿੰਨਾਂ ਲਗਦਾ ਹੈ, ਡਾਕਟਰ ਵੀ ਹਾਰ ਜਾਂਦੇ ਨੇ ਜਿਹੜੇ ਪੰਜਾਹ-ਪੰਜਾਹ ਹਜ਼ਾਰ ਰੁਪਏ ਲੈਂਦੇ ਨੇ ਕਿ ਸਾਡੇ ਕੋਲ ਆਓ, ਸਾਡੇ ਇਲਾਜ ਨਾਲ ਹੋ ਜਾਏਗਾ ਪੁੱਤਰ, ਨਹੀਂ ਹੁੰਦਾ। ਕਿਉਂਕਿ ਦਰਗਾਹ 'ਚੋਂ ਲੇਖ ਲਿਖਿਆ ਹੀ ਨਹੀਂ ਹੈ। ਨਾ ਲਿਖਣ ਦੇ ਨਾਲ ਮਿਲੇਗਾ ਕਿੱਥੋਂ? ਲੇਕਿਨ ਗੁਰੂ ਘਰ ਦੇ ਅੰਦਰ ਜੇ ਗੁਰੂ ਨੂੰ ਪ੍ਰਸੰਨ ਕਰ ਲਓ, ਗੁਰੂ ਦੀ ਦਇਆ ਹੋ ਜਾਵੇ ਤਾਂ ਇਹ ਨਾਯਾਬ ਚੀਜ਼ ਜਿਹੜੀ ਪੈਸਿਆਂ ਨਾਲ ਨਹੀਂ ਕਿਸੇ ਤਰੀਕੇ ਨਾਲ ਮਿਲਦੀ। ਉਹ ਚੀਜ਼ ਵੀ ਗੁਰੂ ਦੀ ਸੇਵਾ ਤੋਂ ਪ੍ਰਾਪਤ ਹੋ ਜਾਂਦੀ ਹੈ। ਹੋਰ ਚੀਜ਼ਾਂ ਤਾਂ ਅਮੀਰੀ ਹੋ ਜਾਣੀ, ਪੈਸਾ ਟਕਾ ਹੋ ਜਾਣਾ, ਇਹ ਤਾਂ ਮਾਮੂਲੀ ਗੱਲਾਂ ਹੁੰਦੀਆਂ ਨੇ। ਜਿਹੜੀ ਇਹ ਚੀਜ਼ ਇਹ ਨਹੀਂ ਆਉਂਦੀ, ਪੁੱਤਰ ਕਦੇ ਪੈਸਿਆਂ ਨਾਲ ਕਿਸੇ ਨੂੰ ਮਿਲਿਆ ਹੈ ਅੱਜ ਤਕ? ਨੱਠ ਭੱਜ ਕੇ ਮਿਲਿਆ ਹੈ?

ਇਕ ਵਾਰੀ ਗੁਰੂ ਚੌਥੇ ਪਾਤਸ਼ਾਹ ਦੇ ਸਮੇਂ ਦੀ ਵਾਰਤਾ ਹੈ ਕਿ ਬਠਿੰਡੇ ਜ਼ਿਲੇ ਦੇ ਵਿਚ ਇੱਕ ਚੰਗਾ ਪ੍ਰੇਮੀ, ਗੁਰਮੁਖ ਪਿਆਰਾ ਭਲਾ ਪੁਰਸ਼, ਆਏ ਗਏ ਦੀ ਸੇਵਾ ਕਰਨ ਵਾਲਾ, ਆਏ ਗਏ ਸਾਧ ਸੰਤ ਦੀ ਸੇਵਾ 'ਚ ਕੁਛ ਨਾ ਕੁਛ ਭੇਟਾ ਦੇਣ ਵਾਲਾ। ਆਦਮ ਨਾਮ ਦਾ ਸਿੱਖ ਵਸਦਾ ਸੀ। ਉਮਰ ਬੀਤਦੀ ਗਈ, ਪੁੱਤਰ ਦੀ ਦਾਤ ਪ੍ਰਾਪਤ ਨਾ ਹੋਈ। ਉਹਦੇ ਵਾਸਤੇ ਬਹੁਤ ਕੁਛ ਕਰਿਆ, ਜਗਰਾਤੇ ਕਰਾਏ ਹੋਰ ਦਾਨ ਕਰੇ, ਤੀਰਥਾਂ 'ਤੇ ਘੁੰਮਿਆ, ਬੜੇ ਥਾਵਾਂ 'ਤੇ ਗਿਆ, ਜਿਥੇ ਕਿਸੇ ਨੇ ਦੱਸਿਆ ਉਥੇ ਹੀ ਪਹੁੰਚਿਆ, ਲੇਕਿਨ ਪੁੱਤਰ ਦੀ ਦਾਤ ਨਾ ਮਿਲੀ, ਉਮਰ 70 ਸਾਲ ਦੀ ਹੋ ਗਈ, ਘਰਵਾਲੀ ਦੀ ਵੀ ਹੋ ਗਈ, ਪਰ ਪੁੱਤਰ ਦੀ ਵਾਸ਼ਨਾ ਐਨੀ ਪ੍ਰਬਲ ਕਿ ਪੂਰੀ ਨਾ ਹੋਈ।

ਭਾਰਤ ਵਰਸ਼ ਦੇ ਇਤਿਹਾਸ 'ਚ ਇੱਕ ਜ਼ਿਕਰ ਆਉਂਦਾ ਹੈ ਕਿ ਇਕ ਰਾਜਾ ਸੀ, ਉਹ ਰੋਜ਼ ਹੀ ਵਿਆਹ ਕਰਾਉਂਦਾ ਸੀ। ਪੁੱਤਰ ਦੀ ਲਾਲਸਾ ਦੇ ਨਾਲ, ਲੇਕਿਨ ਉਹਦੇ ਵੀ ਪੁੱਤਰ ਨਾ ਹੋਇਆ, ਅਖੀਰ ਬਹੁਤ ਦੁਖੀ ਹੋਇਆ, ਸੀ ਸੰਤ ਸੇਵੀ। ਸਾਰੇ ਸੰਤਾਂ ਨੇ ਸਮਝਾਇਆ ਕਿ ਤੈਨੂੰ ਪੁੱਤਰ ਵਾਸ਼ਨਾ ਗਲਤ ਹੋ ਗਈ। ਨਾ ਕਰ ਤੂੰ, ਇਹ ਤੈਨੂੰ ਨਰਕਾਂ 'ਚ ਲੈ ਜਾਏਗੀ। ਰਾਜੇ ਦਾ ਹਠ ਬੜਾ ਸੀ, ਕਹਿੰਦਾ ਜੀ ਮੈਂ ਇੱਕ ਵਾਰੀ ਮੈਂ ਪੁੱਤਰ ਦਾ ਮੂੰਹ ਦੇਖ ਲਵਾਂ। ਕਹਿੰਦੇ ਮੂੰਹ ਦੇਖਿਆ ਤਾਂ ਤੈਨੂੰ ਉਸੇ ਵੇਲੇ ਬਿਪਤਾ ਛਿੜ ਜਾਣੀ ਹੈ। ਨਾ ਹੋਣਾ ਚੰਗਾ ਹੈ, ਮੂੰਹ ਦੇਖ ਕੇ ਚਲੇ ਜਾਣ ਵਾਲਾ, ਮਾੜੀ ਗੱਲ। ਜਦੋਂ ਬਹੁਤ ਹੀ ਖਹਿੜੇ ਪਿਆ ਤਾਂ ਉਸ ਵੇਲੇ ਵਸਿਸ਼ਟ ਜੀ ਨੇ, ਵਿਸ਼ਵਾਮਿਤਰ ਨੇ ਤੇ ਦੂਸਰੇ ਰਿਸ਼ੀਆਂ ਨੇ ਇਕੱਠੇ ਹੋ ਇੱਕ ਯੱਗ ਕਰਿਆ, ਉਹਦੇ ਫਲ ਸਰੂਪ, ਉਨ੍ਹਾਂ ਦੇ ਵਰ ਦੇਣ ਦੇ ਨਾਲ, ਇਨ੍ਹਾਂ ਦੇ ਘਰ ਪੁੱਤਰ ਹੋ ਗਿਆ। ਚਿਤਰਕੋਟੂ ਉਸ ਰਾਜੇ ਦਾ ਨਾਮ ਸੀ। ਵਿਆਹ ਤਾਂ ਲੱਖਾਂ ਦੀ ਤਾਦਾਦ 'ਚ ਉਹਦੇ ਲਿਖੇ ਨੇ, ਖੈਰ ਜਿੰਨੇ ਵੀ ਉਹਦੇ ਹੋ ਸਕਦੇ ਸੀ ਉਹ ਕਰਾਉਂਦਾ ਰਿਹਾ। ਜਿਸ ਵਕਤ ਬੱਚਾ ਸਾਲ ਦੋ ਸਾਲ ਦਾ ਹੋਇਆ, ਪਿਆਰ ਪੈ ਗਿਆ, ਉਸ ਤੋਂ ਬਾਅਦ ਉਹ ਚੜ੍ਹਾਈ ਕਰ ਗਿਆ, ਫੇਰ ਉਹ ਟੱਕਰਾਂ ਮਾਰੇ। ਬਹੁਤ ਦੁਖੀ ਹੋਇਆ। ਰਿਸ਼ੀਆਂ ਨੇ ਸਮਝਾਇਆ ਲੇਕਿਨ ਉਹ ਮੰਨੇ ਹੀ ਨਾ ਕਿਸੇ ਦੀ। ਸੋ ਇਹ ਪ੍ਰਬਲ ਵਾਸ਼ਨਾ ਹੋਇਆ ਕਰਦੀ ਹੈ, ਪੂਰੀ ਹੁੰਦੀ ਨਹੀਂ ਕਿਸੇ ਦਾ ਜ਼ੋਰ ਨਹੀਂ ਚਲਦਾ, ਕੋਈ ਸਿਫਾਰਸ਼ ਨਹੀਂ ਚਲਦੀ।

ਸੋ ਭਾਈ ਆਦਮ ਨੇ ਵੀ ਬੜੇ ਯਤਨ ਕਰੇ, ਭਾਈ ਆਦਮ ਜਿੱਥੇ ਕੋਈ ਦੱਸੇ ਉਥੇ ਹੀ ਚਲੇ ਜਾਇਆ ਕਰੇ। ਇੱਕ ਵਾਰੀ ਇਕ ਗੁਰਸਿੱਖ ਨਾਲ ਇਸ ਦੀ ਭੇਂਟ ਹੋ ਗਈ, ਇਹਨੇ ਆਪਣਾ ਮਨੋਰਥ ਦੱਸਿਆ ਕਿ ਗੁਰਸਿੱਖਾ ਕੋਈ ਥਾਂ ਦਸ ਜਿਸ ਥਾਂ 'ਤੇ ਜਾ ਕੇ ਮੇਰੀ ਵਾਸ਼ਨਾ ਪੂਰੀ ਹੋਵੇ। ਦਿਨ ਰਾਤ ਮੈਨੂੰ ਚਿੰਤਾ ਰਹਿੰਦੀ ਹੈ, ਵੱਡਾ ਮੈਂ ਜ਼ਿੰਮੀਦਾਰ ਹਾਂ, ਸਾਂਭਣ ਵਾਲਾ ਕੋਈ ਨਹੀਂ ਹੈ ਤੇ ਹੋ ਸਕਦਾ ਹੈ ਮੈਨੂੰ ਇੱਥੇ ਹੀ ਘੁੰਮਣਾ ਪਵੇ ਭੂਤ-ਪ੍ਰੇਤ ਬਣ ਕੇ, ਮੇਰੇ 'ਤੇ ਕ੍ਰਿਪਾ ਕਰ ਕੋਈ ਮੈਨੂੰ ਥਹੁ ਪਤਾ, ਉੱਘ ਸੁੱਘ ਦੇ ਕਿਸੇ ਥਾਂ ਤੋਂ ਮੇਰੀ ਇੱਛਾ ਵੀ ਕੀ ਪੂਰੀ ਹੋ ਸਕਦੀ ਹੈ? ਉਸ ਵੇਲੇ ਗੁਰਸਿੱਖ ਨੇ ਇਸ ਤਰ੍ਹਾਂ ਦੇ ਨਾਲ ਉਹਨੂੰ ਸਮਝਾਉਂਣਾ ਕੀਤਾ -

ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,
ਸੇਵਾ ਕਰ ਲੈ ਸਾਧੂਆਂ ਦੀ।

ਕਹਿਣ ਲੱਗੇ ਪਿਆਰਿਆ! ਗੁਰਸਿੱਖਾਂ ਦੀ ਸੇਵਾ ਕਰ ਲੈ। ਗੁਰੂ ਪ੍ਰਸੰਨ ਹੋ ਜਾਏਗਾ ਤੇ ਉਹਦੇ ਨਾਲ ਤੇਰੀ ਜੋ ਵਾਸ਼ਨਾ ਹੈ ਪੂਰੀ ਹੋ ਜਾਏਗੀ। ਕਿਉਂਕਿ ਗੁਰੂ ਦਾ ਮੰਨਣਾ ਜ਼ਰੂਰੀ ਹੋਇਆ ਕਰਦਾ, ਮਹਾਤਮਾ ਦਾ ਚਿੱਤ ਅਤਿ ਪ੍ਰਸੰਨ ਹੋ ਜਾਵੇ ਤੇ ਉਹਦੇ ਮੁਖ 'ਚੋਂ ਨਿਕਲ ਜਾਵੇ ਤਾਂ ਬਾਤ ਬਣ ਜਾਇਆ ਕਰਦੀ ਹੈ।

ਇੱਕ ਵਾਰੀ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ) ਜਦੋਂ ਮੈਂ ਇੱਥੇ ਹੁੰਦਾ ਤਾਂ ਸਾਡੇ ਕੋਲ ਰਹਿ ਕੇ ਮਹਾਰਾਜ ਜੀ ਇੱਕੀ ਦਿਨ ਦੀਵਾਨ ਲਾਉਂਦੇ ਰਹੇ, ਬੜੀਆਂ ਸੰਗਤਾਂ ਆਈਆਂ, ਅਨੇਕਾਂ ਹੀ ਕਿਸਮ ਦੇ ਵਿਚਾਰ ਸਰਵਣ ਕਰਦੇ ਰਹੇ ਤੇ ਉਸ ਤੋਂ ਬਾਅਦ ਪੰਜ-ਛੇ ਦਿਨ ਕਾਲਕਾ ਆਪ ਰਿਹਾ ਕਰਦੇ ਸੀ, 22 ਤੋਂ 27 ਤੱਕ, ਮਈ ਦਾ ਮਹੀਨਾ ਸੀ, ਉਸ ਵੇਲੇ ਮਹਾਰਾਜ ਜੀ ਦੀ ਮੌਜ ਆਈ, ਕਿਸੇ ਪ੍ਰੇਮੀ ਨੇ ਕਿਹਾ ਕਿ ਮਹਾਰਾਜ! ਬਹੁਤ ਜ਼ਿਆਦਾ ਗਰਮੀ ਹੈ ਥੋੜ੍ਹੇ ਦਿਨ ਆਪ ਜੇ ਪਹਾੜਾਂ ਵਲ ਜਾ ਆਓ ਤੇ ਕੁਛ ਦਿਨਾਂ ਨੂੰ ਠੰਢ ਵੀ ਹੋ ਜਾਏਗੀ, ਬਰਸਾਤਾਂ ਆ ਜਾਣ ਗਈਆਂ ਤੇ ਤੁਸੀਂ ਕੁਝ ਦਿਨ ਕਿਸੇ ਪਹਾੜ ਦੇ ਉੱਤੇ ਜੇ ਕ੍ਰਿਪਾ ਕਰੋਂ ਜਾਣ ਦੀ ਤਾਂ ਬਹੁਤ ਵਧੀਆ ਹੈ। ਇੰਤਜ਼ਾਮ ਮੈਂ ਕਰ ਦੇਵਾਂਗਾ। ਮਹਾਰਾਜ ਜੀ ਕਹਿੰਦੇ, ਕਿਹੜਾ ਪਹਾੜ ਹੈ, ਸੋਹਣਾ? ਬਹੁਤਾ ਉੱਚਾ ਨਾ ਹੋਵੇ, ਹੋਵੇ ਠੰਢਾ। ਕਹਿਣ ਲੱਗੇ, ਯੂ.ਪੀ. ਦੇ ਅੰਦਰ ਨੈਨੀਤਾਲ ਤਾਂ ਠੰਢਾ ਹੈ ਤੇ ਥੋੜ੍ਹਾ ਜਿਹਾ ਨੀਵਾਂ ਹੈ ਭੀਮਤਾਲ। ਉਹ ਵੀ ਸੁੰਦਰ ਜਗ੍ਹਾ ਹੈ, ਸਵੱਛ ਹੈ, ਇਕਾਂਤ ਹੈ, ਭਜਨ ਕਰਨ ਵਾਸਤੇ ਤੇ ਉਥੇ ਕੋਈ ਰਾਤ ਨੂੰ ਤੁਰਦਿਆਂ-ਫਿਰਦਿਆਂ ਨੂੰ ਬਹੁਤਾ disturb ਨਹੀਂ ਕਰੇਗਾ, ਪਹਾੜੀ ਲੋਕ ਹੈਗੇ। ਆਪ ਕ੍ਰਿਪਾ ਕਰੋ, ਉਥੇ ਬਹੁਤ ਸੋਹਣੀ ਕੋਠੀ ਹੈ, ਬਾਗ ਲੱਗਿਆ ਹੋਇਆ

ਹੈ ਤੇ ਕੁਝ ਦਿਨ ਆਪ ਓਸ ਥਾਂ 'ਤੇ ਦਰਸ਼ਨ ਦਿਓ। ਮਹਾਰਾਜ ਜੀ ਇੱਥੋਂ ਚੰਡੀਗੜ੍ਹੋਂ ਤੁਰੇ, ਪਤਾ ਲਗ ਗਿਆ ਰਸਤੇ ਵਾਲਿਆਂ ਨੂੰ ਤੇ ਮੁਰਾਦਾਬਾਦ, ਪਹਿਲਾਂ ਹਾਪੜ ਗਏ। ਹਾਪੜ ਜਾ ਕੇ ਦੁਪਹਿਰ ਦਾ ਪ੍ਰਸ਼ਾਦ ਪਾਣੀ ਛਕਣ ਤੋਂ ਬਾਅਦ ਉਦੋਂ ਹੀ ਤੁਰ ਪਏ ਮਹਾਰਾਜ। ਮੁਰਾਦਾਬਾਦ ਚਲੇ ਜਾਂਦੇ ਨੇ, ਉਥੇ ਖੇੜਾ ਟਰਾਂਸਪੋਰਟ ਵਾਲੇ, ਉਨ੍ਹਾਂ ਦਿਨਾਂ 'ਚ ਸਰਦਾਰ ਚੰਨਣ ਸਿੰਘ, ਸੁਰਜੀਤ ਸਿੰਘ ਵਗੈਰਾ ਸਨ, ਹੁਣ ਤਾਂ ਚੜ੍ਹਾਈ ਕਰ ਗਏ ਸਾਰੇ ਹੀ। ਉਨ੍ਹਾਂ ਬੇਨਤੀ ਕੀਤੀ ਮਹਾਰਾਜ ਨੂੰ ਕਿ ਮਹਾਰਾਜ! ਆਪ ਨੇ ਅੱਗੇ ਜਾਣਾ ਹੈ ਅਸੀਂ ਰਸਤੇ ਵਿਚ ਆਉਂਦੇ ਹਾਂ। ਕੁਝ ਦੇਰ ਸਾਡੇ ਕੋਲ ਠਹਿਰੋ, ਪ੍ਰਵਾਨ ਹੋ ਗਈ ਬੇਨਤੀ ਤੇ ਮਹਾਰਾਜ ਜੀ ਨੂੰ ਠਹਿਰਨ ਵਾਸਤੇ, ਉਨ੍ਹਾਂ ਨੇ ਰਾਮੇਸ਼ ਕੁਮਾਰ ਸਾਹੂ ਕੋਟ ਦੁਆਰ ਦਾ ਛੋਟਾ ਜਿਹਾ ਰਾਜਾ ਹੁੰਦਾ ਇਹ, ਦੋ ਚਾਰ ਪਿੰਡਾਂ ਦਾ। ਉਹ ਜਦੋਂ ਰਾਜ ਲੈ ਲਏ ਤਾਂ ਕਹਿੰਦੇ ਤਾਂ ਰਾਜੇ ਰਹੇ, ਪਰ ਉਨ੍ਹਾਂ ਕੋਲ ਬਚਿਆ ਨਾ ਕੁਛ ਵੀ। ਸੋ ਮੁਰਾਦਾਬਾਦ ਉਹਦੀ ਬੜੀ ਜਾਇਦਾਦ ਸੀ, ਉਸਨੇ ਇੱਕ ਮਹੱਲ ਵਰਗੀ ਕੋਠੀ ਪਾਈ ਹੋਈ ਸੀ। ਉੱਥੇ ਜਾ ਕੇ ਉਨ੍ਹਾਂ ਨੇ ਪੁਛਿਆ ਕਿ ਸਾਡੇ ਮਹਾਂਪੁਰਸ਼ਾਂ ਨੇ ਆਉਣਾ ਹੈ, ਕਹਿੰਦਾ, ਮੈਂ ਸੇਵਾ ਕਰਾਂਗਾ, ਧੰਨ ਭਾਗ ਮੇਰੇ ਜੇ ਮਹਾਂਪੁਰਸ਼ ਦਰਸ਼ਨ ਦੇਣ। ਸੋ ਮਹਾਰਾਜ ਜੀ ਚਲੇ ਗਏ ਤਾਂ ਉਸ ਕੋਠੀ ਦੇ ਵਿਚ ਮਹਾਰਾਜ ਜੀ ਨੂੰ ਬਿਠਾਇਆ ਗਿਆ। ਦੁਪਹਿਰਾ ਆਪ ਨੇ ਕੱਟਿਆ, ਜਦੋਂ ਸ਼ਾਮ ਹੋਈ, ਭੀਮਤਾਲ ਨੂੰ ਜਾਣ ਵਾਸਤੇ ਤਿਆਰ ਹੋਏ ਉਸ ਵੇਲੇ ਸੁਰਜੀਤ ਸਿੰਘ ਜਿਹੜਾ ਛੋਟਾ ਸੀ ਚੰਨਣ ਸਿੰਘ ਤੋਂ ਕਹਿਣ ਲੱਗਿਆ, ਸਾਹੂ ਸਾਹਿਬ! ਤੇਰੇ ਘਰ ਭਗਵਾਨ ਆਏ ਹੋਏ ਨੇ, ਮੰਗ ਲੈ ਜੋ ਮੰਗ ਸਕਦਾ ਹੈਂ। ਕਹਿੰਦਾ ਮਿਲ ਜਾਏਗਾ? ਕਹਿੰਦੇ ਹਾਂ, ਤੇਰੀ ਸ਼ਰਧਾ ਦੀ ਲੋੜ ਹੈ। ਭੰਡਾਰੇ ਖੁਲ੍ਹੇ ਨੇ, ਮਿਲ ਜਾਣਗੇ ਗੱਫੇ। ਉਸ ਵੇਲੇ ਆਪਣੀ ਰਾਣੀ ਤੇ ਆਪ ਨੇ ਇਸ਼ਨਾਨ ਕਰਕੇ, ਸਫੈਦ ਵਸਤਰ ਪਹਿਨ ਕੇ, ਗਲ ਵਿਚ ਪਰਨੇ ਪਾ ਕੇ ਤੇ ਪੂਰੀ ਮਰਿਆਦਾ ਦੇ ਨਾਲ ਘਾਹ ਮੰਗਾ ਲਿਆ ਮਾਲੀ ਨੂੰ ਕਹਿ ਕੇ, ਘਾਹ ਫੜਿਆ ਹੋਇਆ ਹੈ ਹੱਥਾਂ ਦੇ ਅੰਦਰ, ਜਿਸ ਵਕਤ ਮਹਾਰਾਜ ਜੀ ਦੇ ਕੋਲ ਗਏ। ਉਥੇ ਜਾ ਕੇ ਦੋ-ਦੋ ਤਿਣਕੇ ਘਾਹ ਦੇ ਮੂੰਹ ਵਿਚ ਪਾ ਲਏ ਆਪ ਨੇ। ਰਾਣੀ ਨੇ ਵੀ ਤੇ ਓਸ ਨੇ ਵੀ। ਮਹਾਰਾਜ ਨੇ ਦੇਖਿਆ ਕਿ ਇਹ ਤਾਂ ਮਰਿਆਦਾ ਪੁਰਸ਼ੋਤਮ ਪੁਰਸ਼ ਨੇ, ਪੂਰੀ ਵਿਧੀ ਦੇ ਨਾਲ ਇਹ ਤਾਂ ਆਏ ਨੇ, ਜਿਵੇਂ ਮਹਾਂਪੁਰਸ਼ਾਂ ਕੋਲ ਆਉਣਾ ਚਾਹੀਦਾ ਹੈ। ਉਸ ਵੇਲੇ ਆਪ ਦਾ ਮਨ ਪਸੀਜ ਗਿਆ। ਕਹਿਣ ਲੱਗੇ, ਕੌਣ ਨੇ ਇਹ। ਸਿੰਘਾਂ ਨੇ ਕਿਹਾ ਕਿ ਮਹਾਰਾਜ ਜੀ ਇਸ ਕੋਠੀ ਦੇ ਮਾਲਕ ਨੇ ਇਹ। ਇਹਦਾ ਨਾਉਂ ਰਾਜਾ ਰਾਮੇਸ਼ ਕੁਮਾਰ ਸਾਹੂ ਹੈ ਤੇ ਐਮ.ਪੀ ਹੈ ਅੱਜਕਲ੍ਹ ਇਹ। ਮਹਾਰਾਜ ਕਹਿੰਦੇ ਭਾਈ! ਕਿਵੇਂ ਆਏ ਭਾਈ?

ਕਹਿਣ ਲੱਗੇ, ਮਹਾਰਾਜ! ਆਪ ਸਭ ਜਾਣਦੇ ਓਂ, ਸਾਡੇ ਇੱਕ ਲੜਕੀ ਹੈ ਜੋ 25 ਸਾਲ ਦੀ ਹੋ ਗਈ ਹੈ, ਉਸ ਤੋਂ ਬਾਅਦ ਓਲਾਦ ਨਹੀਂ ਹੋਈ ਕੋਈ ਵੀ। ਕ੍ਰਿਪਾ ਕਰੋ ਆਪ।

ਮਹਾਰਾਜ ਜੀ ਕਹਿਣ ਲੱਗੇ, ਕੀ ਯਤਨ ਕਰੇ ਨੇ?

ਕਹਿੰਦੇ, ਮਹਾਰਾਜ! ਕੋਈ ਯਤਨ ਨਹੀਂ ਛੱਡਿਆ, 68 ਤੀਰਥਾਂ 'ਤੇ ਇਸ਼ਨਾਨ ਕਰਕੇ ਹਜ਼ਾਰਾਂ ਰੁਪਏ ਖਰਚੇ ਨੇ, ਵਿਧੀਪੂਰਵਕ ਦਾਨ ਕਰਨ ਵਾਸਤੇ। ਜੋ-ਜੋ ਉਥੇ ਦੇ ਅਚਾਰੀਆ ਨੇ, ਇੰਚਾਰਜਾਂ ਨੇ ਕਿਹਾ ਕਿ ਆਹ ਦਾਨ ਕਰੋ, ਆਹ ਕਰੋ, ਉਸੇ ਤਰ੍ਹਾਂ ਅਸੀਂ ਕਰਿਆ ਹੈ। ਉਸ ਤੋਂ ਬਾਅਦ ਇੱਥੇ ਆਪਣੀ ਕੋਠੀ ਦੇ ਪਾਰਕ ਵਿਚ ਬੜੇ ਜਗਰਾਤੇ ਕਰਾਏ ਨੇ, ਮਹਾਂਪੁਰਸ਼ਾਂ ਦੇ ਠਹਿਰਨ ਨੂੰ ਜਗ੍ਹਾ ਬਣਾਈ ਹੋਈ ਹੈ। ਸਾਧੂ ਆਉਂਦੇ ਨੇ ਸਭ ਦੇ ਕੋਲ ਅਸੀਂ ਬੇਨਤੀ ਕਰਦੇ ਹਾਂ, ਪਰ ਮਹਾਰਾਜ ਅਜੇ ਤਕ ਪੁੱਤਰ ਦਾ ਮੂੰਹ ਦੇਖਣਾ ਨਸੀਬ ਨਹੀਂ ਹੋਇਆ ਤੇ ਆਪ ਕ੍ਰਿਪਾ ਕਰੋ। ਸਮਰੱਥ ਪੁਰਸ਼ ਸਨ, ਆਪ ਦੇ ਮਨ ਵਿਚ ਦਇਆ ਆਈ। ਕਹਿਣ ਲੱਗੇ, ਸਾਹੂ ਸਾਹਿਬ! ਭਜਨ ਬੰਦਗੀ ਵੀ ਕੋਈ ਕਰਦੇ ਓਂ? ਕਹਿੰਦੇ, ਹਾਂ ਜੀ ਮਹਾਰਾਜ! ਮੈਂ ਉਪਾਸਨਾ ਕਰਿਆ ਕਰਦਾ ਹਾਂ, ਵਿਸ਼ਨੂੰ ਜੀ ਦੀ। ਮਹਾਰਾਜ ਕਹਿਣ ਲੱਗੇ, ਠੀਕ ਹੈ, ਐਸ ਵੇਲੇ ਰਾਜ ਗੁਰੂ ਨਾਨਕ ਦਾ ਚੱਲ ਰਿਹਾ ਹੈ, ਜਿਹਦਾ ਰਾਜ ਉਹਦਾ ਤੇਜ। ਵਿਸ਼ਨੂੰ ਜੀ ਮੁਖੀ ਦੇਵਤਾ ਨੇ, ਉਹ ਵੀ ਠੀਕ ਨੇ ਲੇਕਿਨ ਜੋ ਪੂਰੇ ਜ਼ੋਰ ਵਾਲਾ ਐਸ ਵੇਲੇ ਹੈ ਉਹ ਗੁਰੂ ਨਾਨਕ ਹੈ, ਉਹਦੇ ਘਰੋਂ ਜੋ ਕੁਛ ਮੰਗ ਲਓ ਉਹ ਪ੍ਰਾਪਤ ਹੋ ਜਾਂਦਾ ਹੈ। ਐਸਾ ਬਾਣੀ ਦੇ ਅੰਦਰ ਫੁਰਮਾਨ ਆਉਂਦਾ ਹੈ -

ਧਾਰਨਾ - ਸੇਵ ਹਰਿ ਕੇ ਚਰਨ ਰਸਾਇਣ ਜੀ,
ਜੋ ਜੋ ਮਾਂਗੈ ਸੋਈ ਸੋਈ ਪਾਵੈ।

ਮਹਾਰਾਜ ਕਹਿਣ ਲੱਗੇ, ਐਉਂ ਕਰਿਆ ਕਰੋ ਸਾਹੂ ਸਾਹਿਬ! ਇਹ ਜਿੱਥੇ ਵਿਸ਼ਨੂੰ ਜੀ ਦੀ ਪ੍ਰੀਤਮਾ ਰੱਖੀ ਹੋਈ ਹੈ, ਮੂਰਤੀ ਰੱਖੀ ਹੋਈ ਹੈ ਓਥੇ ਗੁਰੂ ਸਾਹਿਬ ਦੀ ਵੱਡੀ ਤਸਵੀਰ ਲਾ ਲੈ। ਬਾਕੀ ਜਿਹੜੀ ਤੂੰ ਪੂਜਾ ਪਹਿਲਾਂ ਕਰਦਾ ਹੈਂ ਉਸੇ ਤਰ੍ਹਾਂ ਕਰੀ ਜਾਹ। ਇਹ ਬਾਹਰ ਦੀ ਉਪਾਸਨਾ ਹੈ, ਅੰਦਰ ਦੀ ਉਪਾਸਨਾ ਦਾ ਭਜਨ ਕਰਨ ਵਾਲਿਆਂ ਨੂੰ ਪਤਾ ਲਗਦਾ ਹੈ। ਬਾਹਰਲੀ ਉਪਾਸਨਾ ਦੇ ਨਾਲ ਚੀਜ਼ਾਂ ਮਿਲ ਜਾਂਦੀਆਂ ਨੇ, ਜੋ ਵੀ ਕਹੀਏ। ਇਹਦੀ ਥਾਂ 'ਤੇ ਹੁਣ ਗੁਰੂ ਨਾਨਕ ਦੀ ਭਗਤੀ ਕਰ, ਫਕੀਰ ਦੀ ਅਰਦਾਸ ਹੁੰਦੀ ਹੈ ਤੇ ਦੇਣ ਵਾਲਾ ਗੁਰੂ ਨਾਨਕ ਹੈ। ਸ਼ਰਧਾ ਦੇ ਨਾਲ ਰੋਜ਼ ਕਰੋ। ਬਚਨ ਕਰ ਦਿਤਾ, ਦੱਸ ਮਹੀਨੇ ਬਾਅਦ ਪੁੱਤਰ ਨੇ ਜਨਮ ਲੈ ਲਿਆ। ਸੋ ਇਹ ਪੂਰਾ ਹੋ ਜਾਇਆ ਕਰਦਾ ਹੈ। ਕਹਿਣ ਲੱਗੇ ਕਿ ਮਹਾਂਪੁਰਸ਼ਾਂ ਦੀ ਸੇਵਾ ਕਰਨ ਨਾਲ ਫਲ ਮਿਲ ਜਾਇਆ ਕਰਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਜੇ ਸੇਵਾ ਨਹੀਂ ਹੈ ਤਾਂ ਪ੍ਰਵਾਨ ਨਹੀਂ ਹੈ ਗੁਰੂ ਘਰ 'ਚ, ਬਿਲਕੁਲ। ਕਿੱਡਾ ਹੀ ਸਿਆਣਾ, ਕਿੱਡਾ ਹੀ ਲਿਖਾਰੀ ਕਿਉਂ ਨਾ ਹੋਵੇ। ਜੇ ਉਹ ਸੇਵਾ ਨਹੀਂ ਕਰਦਾ ਤਾਂ ਉਹ ਪ੍ਰਵਾਨ ਨਹੀਂ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦੀਵਾਨ ਲੱਗਿਆ ਹੋਇਆ ਹੇ ਗਰਮੀ ਦਾ ਮਹੀਨਾ ਹੈ, ਲੂ ਚੱਲ ਰਹੀ ਹੈ। ਐਸਾ ਹੈ ਕਿ ਬਾਰ-ਬਾਰ ਪਾਣੀ ਪੀਣ ਨੂੰ ਜੀਅ ਕਰਦਾ ਹੈ ਤੇ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਜਲ ਕਹਿ ਹੋ ਗਿਆ। ਜਲ ਕਹਿਣ ਦੀ ਦੇਰ ਸੀ, ਉਹ ਜੋ ਆਲਮ ਸਿੰਘ ਸੀ ਉਸ ਥਾਂ ਦੇ ਉਤੇ ਸੇਵਾ ਕਰਨ ਵਾਲਾ, ਚੋਰ ਬਰਦਾਰ ਕਿਸੇ ਪਾਸੇ ਗਿਆ ਹੋਇਆ ਸੀ ਤੇ ਉਹ ਜਲ ਦੀ ਆਵਾਜ਼ ਕਿਸੇ ਬੱਚੇ ਨੇ ਸੁਣ ਲਈ। ਬਹੁਤ ਅਮੀਰ ਬੱਚਾ

ਸੀ ਤੇ ਮਨ ਵਿਚ ਚਾਉ ਆਇਆ ਕਿ ਮੈਂ ਜਲ ਲਿਆ ਕੇ ਗੁਰੂ ਮਹਾਰਾਜ ਨੂੰ ਪਿਲਾਵਾਂ। ਬੜਾ ਬਰਤਨ ਧੋ ਕੇ, ਸਾਫ ਕਰਕੇ, ਹੱਥ ਧੋ ਕੇ ਕਟੋਰਾ ਮਹਾਰਾਜ ਜੀ ਦੇ ਕੋਲ ਲੈ ਕੇ ਆਇਆ ਤੇ ਮਹਾਰਾਜ ਜੀ ਨੇ ਜਲ ਪ੍ਰਵਾਨ ਕਰ ਲਿਆ। ਹੱਥ 'ਚ ਚੁੱਕ ਲਿਆ ਤੇ ਨਾਲ ਦੀ ਨਾਲ ਨਿਗ੍ਹਾ ਉਹਦੇ ਹੱਥਾਂ 'ਤੇ ਪਈ। ਮਹਾਰਾਜ ਜੀ ਨੇ ਦੇਖਿਆ ਕਿ ਇਹਦੇ ਹੱਥ ਐਨੇ ਕੋਮਲ ਨੇ, ਇਹ ਬੱਚਾ ਕੋਈ ਸੇਵਾ ਨਹੀਂ ਕਰਦਾ ਹੋਣਾ, ਕੰਮ ਨਹੀਂ ਕਰਦਾ ਹੋਣਾ ਤਾਂ ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿਉਂ ਬੇਟਾ! ਤੇਰੇ ਹੱਥ ਕਿਉਂ ਐਨੇ ਨਰਮ ਨੇ, ਤੂੰ ਕਦੇ ਸੇਵਾ ਨਹੀਂ ਕਰੀ? ਕਹਿੰਦਾ ਨਹੀਂ ਮਹਾਰਾਜ? ਆਪ ਦਾ ਦਿੱਤਾ ਹੋਇਆ ਹੈ ਕਿ ਸਾਨੂੰ ਲੋੜ ਹੀ ਨਹੀਂ ਪਈ ਕੰਮ ਕਰਨ ਦੀ। ਕਹਿੰਦੇ ਉਹ ਤਾਂ ਠੀਕ ਹੈ ਪਰ ਸਤਿਸੰਗ ਦੇ ਵਿਚ ਤਾਂ ਸੇਵਾ ਕਰਨੀ ਚਾਹੀਦੀ ਹੈ, ਕਿੱਡਾ ਹੀ ਵੱਡਾ ਕਿਉਂ ਨਾ ਹੋਵੇ। ਕਦੇ ਤੂੰ ਤੱਪੜ ਝਾੜ ਕੇ ਵਿਛਾਏ ਨੇ? ਕਦੇ ਤੇਰੇ ਉੱਤੇ ਧੂੜ ਪਈ ਹੈ ਤੱਪੜਾਂ ਦੀ? ਕਦੇ ਤੱਪੜਾਂ ਦੀ ਧੂੜੀ ਵਿਚ ਤੂੰ ਇਸ਼ਨਾਨ ਕਰਿਆ ਹੈ, ਕਿ ਡਰਦਾ ਮਾਰਿਆ ਦੂਰ ਹੀ ਹੋ ਜਾਂਦਾ ਹੈਂ ਕਿ ਮੇਰੇ ਉੱਤੇ ਗਰਦ ਨਾ ਪੈ ਜਾਏ?

ਕਹਿੰਦਾ ਨਾ ਮਹਾਰਾਜ।

ਕਹਿੰਦੇ, ਕਦੇ ਜਲ ਪਿਲਾਇਆ ਹੋਵੇ?

ਕਹਿੰਦਾ ਨਹੀਂ ਮਹਾਰਾਜ ਮੈਂ ਕਦੇ ਕਿਸੇ ਨੂੰ ਜਲ ਨਹੀਂ ਪਿਲਾਇਆ। ਸਾਡੇ ਨੌਕਰ ਹੀ ਐਨੇ ਨੇ ਉਨ੍ਹਾਂ ਨੂੰ ਕਹਿ ਦੇਈਦਾ ਹੈ।

ਕਦੇ ਜੋੜੇ ਸਾਫ ਕਰੇ ਹੋਣ?

ਕਹਿੰਦਾ, ਨਹੀਂ ਮਹਾਰਾਜਾ।

ਕਦੇ ਪ੍ਰਸ਼ਾਦ ਲਿਆ ਕੇ ਸੰਗਤ ਵਿਚ ਵੰਡਿਆ ਹੋਵੇ?

ਕਹਿੰਦਾ ਨਹੀਂ ਮਹਾਰਾਜ, ਮੈਂ ਨਹੀਂ ਕਦੇ ਐਹੋ ਜਿਹਾ ਕੰਮ ਕਰਿਆ।

ਕੋਈ ਹੋਰ ਸੇਵਾ, ਕਿਸੇ ਥੱਕੇ ਹਾਰੇ ਦੇ ਕਦੇ ਚਰਨ ਨੱਪੇ ਹੋਣ।

ਕਹਿੰਦਾ, ਨਾ ਮਹਾਰਾਜ! ਮੇਰੀ ਜ਼ਿੰਦਗੀ 'ਚ ਅੱਜ ਪਹਿਲਾ ਦਿਨ ਹੈ ਕਿ ਮੈਂ ਆਪ ਦੇ ਪਾਸ ਜਲ ਦਾ ਕਟੋਰਾ ਭਰ ਕੇ ਲਿਆਇਆ ਹਾਂ। ਜਿੱਥੋਂ ਤਕ ਮੇਰੇ ਯਾਦ ਹੈ ਮੈਂ ਨਹੀਂ ਕਦੇ ਕੋਈ ਕੰਮ ਕਰਿਆ। ਮਹਾਰਾਜ ਜੀ ਨੇ ਜਿਹੜਾ ਜਲ ਦਾ ਕਟੋਰਾ ਸੀ, ਪਿੱਛੇ ਕਰਕੇ ਰੱਖ ਦਿੱਤਾ। ਕਹਿੰਦੀ ਭਾਈ! ਇਹਨੂੰ ਡੋਲ੍ਹ ਦਿਓ ਬਾਹਰ। ਡੁਲ੍ਹਾ ਦਿੱਤਾ ਆਪ ਨੇ ਜਲ। ਸੰਗਤ ਦੇਖ ਰਹੀ ਹੈ ਬਚਨ ਕਰਦਿਆਂ ਨੂੰ ਆਪ ਨੂੰ। ਸਮਝ 'ਚ ਆ ਨਹੀਂ ਰਹੇ। ਉਸ ਵੇਲੇ ਜਦੋਂ ਸ਼ਬਦ ਦੀ ਸਮਾਪਤੀ ਹੋਈ, ਸੰਸਾ ਦੇਖ ਕੇ ਮਹਾਰਾਜ ਜੀ ਨੇ ਸੰਗਤ ਦਾ ਕਹਿਣ ਲੱਗੇ, ਗੁਰਸਿੱਖੋ! ਕੀ ਸੰਸਾ ਹੈ? ਇੱਕ ਗੁਰਸਿੱਖ ਖੜ੍ਹਾ ਹੋ ਗਿਆ ਹੱਥ ਬੰਨ੍ਹ ਕੇ ਕਿ ਪਾਤਸ਼ਾਹ! ਆਪ ਦੇ ਵਾਸਤੇ ਇਹ ਬੱਚਾ ਜਲ ਲੈ ਕੇ ਆਇਆ ਹੈ ਤੇ ਆਪ ਨੇ ਪਹਿਲਾਂ ਕੋਈ ਬਚਨ ਕਰੇ ਨੇ, ਪਹਿਲਾਂ ਜਲ ਆਪ ਨੇ ਇਸ ਕੋਲੋਂ ਫੜ ਲਿਆ ਫੇਰ ਰਖਾ ਦਿਤਾ, ਫੇਰ ਡੁਲ੍ਹਾ ਦਿੱਤਾ? ਇਹ ਗੱਲ ਸਾਡੇ ਸਮਝ ਵਿਚ ਨਹੀਂ ਆਈ। ਮਹਾਰਾਜ ਕਹਿੰਦੇ, ਕਿਉਂ ਭਾਈ ਗੁਰਮੁਖੋ! ਤੁਹਾਡੇ ਵਿਚ ਕੋਈ ਐਸਾ ਹੈ ਜਿਹਨੇ ਮੁਰਦੇ ਨਾਲ ਛੋਹਿਆ ਹੋਇਆ ਜਲ ਪੀਤਾ ਹੋਵੇ। ਕਹਿੰਦੇ, ਸੱਚੇ ਪਾਤਸ਼ਾਹ! ਮੁਰਦੇ ਨਾਲ ਜਲ ਛੋਹਿਆ ਤਾਂ ਇਕ ਪਾਸੇ ਰਿਹਾ ਅਸੀਂ ਤਾਂ ਜੇ ਮੁਰਦੇ ਦੇ ਪਿੱਛੇ ਸ਼ਮਸ਼ਾਨ ਭੂਮੀ ਤਕ ਜਾਈਏ, ਜਦੋਂ ਤੱਕ ਵਸਤਰਾਂ ਸਹਿਤ ਇਸ਼ਨਾਨ ਨਹੀਂ ਕਰਦੇ ਜਾਂ, ਪੰਜ ਇਸ਼ਨਾਨਾ ਨਹੀਂ ਕਰਦੇ, ਓਨੀਂ ਦੇਰ ਤਕ ਅਸੀਂ ਜਲ ਤੇ ਅੰਨ ਨੂੰ ਮੂੰਹ ਨਹੀਂ ਲਾਉਂਦੇ, ਕਿਉਂਕਿ ਸਾਡਾ ਸਰੀਰ ਅਪਵਿੱਤਰ ਹੋਇਆ ਹੁੰਦਾ ਹੈ। ਮਹਾਰਾਜ ਕਹਿੰਦੇ, ਫੇਰ ਭਾਈ ਅਸੀਂ ਕਿਵੇਂ ਜਲ ਪੀ ਲੈਂਦੇ? ਸਾਰੇ ਹੈਰਾਨ ਹੋ ਗਏ ਕਿ ਮਹਾਰਾਜ ਤਾਂ ਇੱਕ ਪਾਸੇ ਮੁਰਦੇ ਦੀ ਗੱਲ ਕਰਦੇ ਨੇ। ਇੱਕ ਪਾਸੇ ਅਮੀਰ ਬੱਚਾ ਹੈ ਐਨਾ ਖੂਬਸੂਰਤ।ਸਾਰਿਆਂ ਦੇ ਮਨ ਦਾ ਸ਼ੰਕਾ ਦੇਖ ਕੇ ਮਹਾਰਾਜ ਕਹਿਣ ਲੱਗੇ, ਤੁਹਾਨੂੰ ਗੁਰੂ ਨਾਨਕ ਦਾ ਸੰਦੇਸ਼ ਭੁੱਲ ਗਿਆ ਭਾਈ? ਕੋਈ ਵੀ ਨਹੀਂ ਜਿਹਦੇ ਯਾਦ ਹੋਵੇ? ਸਾਰੇ ਨੀਵੀਆਂ ਪਾ ਗਏ ਕਹਿਣ ਲੱਗੇ ਪਾਤਸ਼ਾਹ! ਸਾਨੂੰ ਨਹੀਂ ਪਤਾ, ਆਪ ਹੀ ਕ੍ਰਿਪਾ ਕਰਕੇ ਫੁਰਮਾਨ ਕਰੋ।

ਧਾਰਨਾ - ਮ੍ਰਿਤਕ ਕਹੀਏ ਨਾਨਕਾ,
ਜੇ ਪ੍ਰੀਤ ਨਹੀਂ ਭਗਵੰਤ।

ਅਤਿ ਸੁੰਦਰ ਕੁਲੀਨ ਚਤੁਰ
ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ
ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥

ਅੰਗ - ੨੫੩

ਕਹਿਣ ਲੱਗੇ, ਸਾਧਸੰਗਤ ਜੀ! ਜੋ ਸੇਵਾ ਨਹੀਂ ਕਰਦਾ ਉਹ ਮੁਰਦਾ ਹੋਇਆ ਕਰਦਾ ਹੈ ਕਿਉਂਕਿ ਉਹ ਪਿਆਰ ਤੋਂ ਖਾਲੀ ਹੈ। ਪੰਜ ਸਿਫਤਾਂ ਇੱਕ ਬੰਦੇ 'ਚ ਹੋਣ, ਹੱਦ ਤੋਂ ਜ਼ਿਆਦਾ ਸੁੰਦਰ ਹੋਵੇ, ਸਾਰੇ ਲੋਕ ਦੇਖਦੇ ਹੋਣ ਕਿ ਜੀ ਇਹ ਤਾਂ ਸਾਰੀਆਂ ਦੁਨੀਆਂ ਵਿਚ ਸੁੰਦਰ ਹੈ। ਕੁਲੀਨ, ਹੋਵੇ, ਚਤੁਰ ਹੋਵੇ, ਗੱਲਬਾਤ 'ਚ ਕਿਸੇ ਨੂੰ ਬਾਰੇ ਨਾ ਆਉਣ ਦੇਵੇ। ਮੂੰਹ ਦਾ ਗਿਆਨੀ ਹੋਵੇ, ਧਨ ਉਹਦੇ ਕੋਲ ਸਾਰੀ ਦੁਨੀਆਂ ਨਾਲੋਂ ਜ਼ਿਆਦਾ ਹੋਵੇ ਪਰ ਜੇ ਪ੍ਰੀਤ ਨਹੀਂ ਉਹਦੇ ਹਿਰਦੇ 'ਚ। ਸੋ ਪਿਆਰਿਓ! ਇਸ ਬੱਚੇ ਨੇ ਕਦੇ ਸੇਵਾ ਨਹੀਂ ਕਰੀ। ਮਨ 'ਚ ਪਿਆਰ ਹੁੰਦਾ ਤਾਂ ਸੇਵਾ ਕਰਦਾ। ਪਿਆਰ ਤੋਂ ਬਿਨਾਂ ਮੁਰਦਾ ਹੈ। ਅਸੀਂ ਏਸਨੂੰ ਪੁੱਛਿਆ ਕਿ ਕਦੇ ਹੱਥਾਂ ਦੇ ਬਰਤਨ ਮਾਂਜੇ ਹੋਣ। ਕਦੇ ਪੱਖਾ ਝੱਲਿਆ ਹੋਵੇ, ਕਦੇ ਕੋਈ ਹੋਰ ਪਾਣੀ ਪਿਲਾਉਣ ਦੀ ਸੇਵਾ ਕੀਤੀ, ਜੋੜੇ ਸਾਫ ਕਰਨ ਦੀ, ਜੋੜੇ ਸਾਂਭਣ ਦੀ ਸੇਵਾ ਕੀਤੀ ਹੋਵੇ ਤੇ ਹੱਥਾਂ ਦੇ ਨਾਲ ਦਰੀਆਂ ਵਗੈਰਾ ਵਿਛਾਈਆਂ ਹੋਣ। ਹੋਰ ਕੰਮ ਕਰਿਆ ਹੋਵੇ ਤੇ ਕਹਿਣ ਲੱਗਿਆ ਕਿ ਮਹਾਰਾਜ! ਮੇਰਾ ਤਾਂ ਅੱਜ ਪਹਿਲਾ ਦਿਨ ਹੈ ਕਿ ਆਪ ਲਈ ਜਲ ਲਿਆ ਕੇ ਦਿੱਤਾ। ਸੋ ਇਹਦਾ ਸਰੀਰ ਜਿਹੜਾ ਹੈ ਉਹ ਸੇਵਾ ਤੋਂ ਬਗੈਰ ਅਪਵਿੱਤਰ ਹੈ। ਪਵਿੱਤਰ ਨਹੀਂ ਹੋਇਆ ਕਰਦਾ, ਭਾਈ ਗੁਰਦਾਸ ਜੀ ਦਾ ਇਸ ਤਰ੍ਹਾ ਫੁਰਮਾਨ ਹੈ -

ਧਾਰਨਾ - ਧਿਰਕਾਰ ਹੱਥਾਂ ਪੈਰਾਂ ਨੂੰ,
ਬਾਝ ਗੁਰਾਂ ਦੀ ਸੇਵਾ।

ਵਿਣੁ ਸੇਵਾ ਧ੍ਰਿਗ ਹਥ ਪੈਰ
ਹੋਰ ਨਿਹਫਲ ਕਰਣੀ।

ਭਾਈ ਗੁਰਦਾਸ ਜੀ ਵਾਰ ੨੭/੧੦

ਸੌ ਵਾਰੀ ਫਿਟੇ ਮੂੰਹ ਕਹੋ ਇਕ ਵਾਰੀ ਧਿਰਕਾਰ।

ਧ੍ਰਿਗੁ ਸਿਰੁ ਜੋ ਗੁਰ ਨਾ ਨਿਵੈ
ਗੁਰ ਲਗੈ ਨ ਚਰਣੀ।
ਭਾਈ ਗੁਰਦਾਸ ਜੀ ਵਾਰ ੨੭/੧●

ਕਹਿੰਦੇ, ਧਿਰਕਾਰ ਹੈ ਉਸ ਸੀਸ ਨੂੰ ਜੋ ਗੁਰੂ ਨੂੰ ਆ ਕੇ ਨਮਸ਼ਕਾਰ ਨਹੀਂ ਕਰਦਾ। ਉਹ ਅੱਖਾਂ ਧਿਰਕਾਰਯੋਗ ਨੇ ਜਿਹੜੀਆਂ ਸਾਧਾਂ, ਸੰਤਾਂ, ਗੁਰੂ ਦੇ ਪਿਆਰਿਆਂ ਦਾ ਦਰਸ਼ਨ ਨਹੀਂ ਕਰਦੀਆਂ। ਉਹ ਕੰਨ ਧਿਰਕਾਰਯੋਗ ਨੇ ਜਿਹੜੇ ਗੁਰੂ ਦੇ ਮੰਤਰ ਨੂੰ ਸੁਣ ਕੇ ਅੰਦਰ ਧਾਰਨ ਨਹੀਂ ਕਰਦੇ। ਉਹ ਰਸਨਾ ਧਿਰਕਾਰਯੋਗ ਹੈ ਜੋ ਗੁਰੂ ਦੇ ਸ਼ਬਦ ਨੂੰ ਛੱਡ ਕੇ, ਹੋਰ ਕੱਚ-ਪੱਚ ਗਾਉਂਦੀ ਫਿਰਦੀ ਹੈ। ਸੋ ਕਹਿਣ ਲੱਗੇ ਕਿ ਇਹਨੇ ਤਾਂ ਕਦੇ ਸੇਵਾ ਨਹੀਂ ਕਰੀ। ਸੋ ਇਸ ਕਰਕੇ ਮੁਰਦਾ ਹੈ, ਮੁਰਦੇ ਨਾਲ ਛੋਹਿਆ ਹੋਇਆ ਅਸੀਂ ਪਾਣੀ ਕਿਵੇਂ ਪੀ ਲਈਏ। ਮਹਾਰਾਜ ਕਹਿੰਦੇ, ਗੁਰੂ ਘਰ ਦੇ ਅੰਦਰ ਸੇਵਾ ਪ੍ਰਧਾਨ ਹੈ। ਸਾਧਸੰਗਤ ਜੀ! ਕਿਸੇ ਕਿਸਮ ਦੀ ਸੇਵਾ ਹੋਵੇ, ਇੱਕ ਉਹ ਨੇ ਜਿਹੜੇ ਪੋਥੀਆਂ ਲਿਖਦੇ ਨੇ, ਬਾਣੀ ਲਿਖ-ਲਿਖ ਕੇ ਦਿੰਦੇ ਸੀ, ਪ੍ਰੈਸ ਤਾਂ ਓਦੋਂ ਹੁੰਦੇ ਨਹੀਂ ਸੀ। ਉਹ ਦਿਨ ਰਾਤ ਬਾਣੀ ਲਿਖਦੇ ਰਹਿੰਦੇ ਸੀ। ਗੁਟਕੇ ਲਿਖੀ ਜਾਣੀ। ਜਿਹਨੇ ਕਹਿਣਾ ਭਾਈ ਮੈਨੂੰ ਗੁਟਕਾ ਚਾਹੀਦਾ ਹੈ, ਉਨ੍ਹਾ ਨੇ ਲਿਖ-ਲਿਖ ਦੇਈ ਜਾਣਾ। ਇੱਕ ਉਹ ਨੇ ਜਿਹੜੇ ਗੁਰੂ ਘਰ ਦੇ ਵਿਚ ਸੇਵਾ ਕਰਦੇ ਨੇ, ਕੋਈ ਪਸ਼ੂਆਂ ਦੀ ਸੇਵਾ ਕਰਦਾ ਹੈ, ਕੋਈ ਖੇਤੀਬਾੜੀ ਦੀ ਕਰਦਾ ਹੈ, ਇੱਕ ਉਹ ਨੇ ਜਿਹੜੇ ਸੰਸਾਰ ਦੇ ਅੰਦਰ ਸੇਵਾ ਕਰਦੇ ਨੇ। ਵਾਹਿਗੁਰੂ ਦੀ ਸੇਵਾ ਕਰਦੇ ਨੇ, ਟੀਚਰ ਨੇ, ਮਾਸਟਰ ਨੇ, ਚੰਗੀ ਤਰ੍ਹਾਂ ਦੇ ਨਾਲ ਪੜ੍ਹਾਉਂਦੇ ਹਨ, ਮਨ 'ਚ ਖਿਆਲ ਹੁੰਦਾ ਹੇ ਕਿ ਮੇਰਾ ਪੜ੍ਹਾਇਆ ਹੋਇਆ ਬੱਚਾ ਕੋਈ ਫੇਲ੍ਹ ਨਾ ਹੋਵੇ, ਡਾਕਟਰ ਹੈ ਕਿ ਮੇਰੀ ਦਿੱਤੀ ਹੋਈ ਦਵਾਈ, ਇਹਨੂੰ ਦੁਬਾਰਾ ਲੈਣ ਦੀ ਲੋੜ ਨਾ ਰਹੇ, ਇਹ ਛੇਤੀ ਤੋਂ ਛੇਤੀ ਰਾਜ਼ੀ ਹੋ ਜਾਵੇ। ਦਫਤਰ ਦੇ ਕਰਮਚਾਰੀ ਨੇ ਕਿ ਮੈਂ ਇਨ੍ਹਾਂ ਨੂੰ ਗੁਰੂ ਨਾਨਕ ਰੂਪ ਸਮਝ ਕੇ ਸੰਸਾਰ ਦੀ ਸੇਵਾ ਕਰਾ। ਪਰੇਸ਼ਾਨੀਆਂ ਘਟਾਵਾਂ ਇਨ੍ਹਾਂ ਦੇ ਕੰਮ ਕਰਾਂ। ਇਸੇ ਤਰ੍ਹਾਂ ਦੇ ਨਾਲ ਹਰ sphere ਦੇ ਅੰਦਰ ਸੇਵਾ ਹੀ ਸੇਵਾ ਹੀ ਹੈ, ਜੋ ਵੀ ਸੇਵਾ ਕਰਦਾ ਹੈ ਕਹਿੰਦੇ ਉਹ ਪ੍ਰਵਾਨ ਹੈ ਦਰਗਾਹ ਦੇ ਅੰਦਰ ਤੇ ਜਿਹੜਾ ਸੇਵਾ ਨਹੀਂ ਕਰਦਾ ਉਹ ਪ੍ਰਵਾਨ ਨਹੀਂ ਹੋਇਆ। ਗੁਰੂ ਘਰ ਦੇ ਵਿਚ ਆਪ ਸੇਵਾ ਕਰਕੇ ਦਿਖਾਓ। ਆਪ ਸਭ ਨੇ ਸੇਵਾ ਕਰੀ ਹੈ ਗੁਰੂ ਅਮਰਦਾਸ ਜੀ ਨੇ ਬਾਰ੍ਹਾਂ ਸਾਲ ਉਹ ਸੇਵਾ ਕਰੀ ਜੋ ਕਰ ਹੀ ਨਹੀਂ ਸਕਦਾ ਕੋਈ। ਗੁਰੂ ਚੌਥੇ ਪਾਤਸ਼ਾਹ ਨੇ ਕਿੰਨੀ ਸੇਵਾ ਕਰੀ, ਗੁਰੁ ਪੰਜਵੇਂ ਪਾਤਸ਼ਾਹ ਨੇ ਕਿੰਨੀ ਸੇਵਾ ਕਰੀ। ਮਿਸਾਲਾਂ ਨੇ।

ਇੱਕ ਵਾਰੀ ਸੰਗਤ ਦੂਰ ਤੋਂ ਆ ਰਹੀ ਹੈ, ਪਿਸ਼ਾਵਰ ਤੋਂ। ਵੱਡੀਆਂ-ਵੱਡੀਆਂ ਮੰਜ਼ਲਾਂ ਮਾਰ ਕੇ। ਲਾਹੌਰ ਆ ਕੇ ਰਾਤ ਪੈ ਗਈ ਉਨ੍ਹਾਂ ਨੂੰ ਤੇ ਰਾਤ ਨੂੰ ਫੇਰ ਆਪਸ ਵਿਚ ਸਲਾਹ ਕਰਦੇ ਨੇ ਕਿ ਕੱਲ੍ਹ ਨੂੰ ਸਵੇਰੇ ਹੀ ਤੁਰ ਕੇ ਆਪਾਂ ਐਨੇ ਸਾਝਰੇ ਚੱਲੀਏ ਕਿ ਜਾ ਕੇ ਗੁਰੂ ਮਹਾਰਾਜ ਦੇ ਚਰਨਾਂ 'ਚ ਵਿਸ਼ਰਾਮ ਕਰੀਏ ਤੇ ਅੰਮ੍ਰਿਤ ਵੇਲੇ ਸਰੋਵਰ ਦੇ ਵਿਚੋਂ ਇਸ਼ਨਾਨ ਕਰਕੇ ਗੁਰੂ ਮਹਾਰਾਜ ਦੇ ਮੁਖਾਰਬਿੰਦ ਤੋਂ ਪਹਿਲਾਂ ਸ਼ਬਦ ਸੁਣੀਏ ਆਸਾ ਜੀ ਦੀ ਵਾਰ ਦੇ ਫੇਰ ਕਥਾ ਵਗੈਰਾ, ਉਨ੍ਹਾਂ ਦੇ ਪ੍ਰਵਚਨ ਸੁਣੀਏ। ਬੜੀ ਹਿੰਮਤ ਦੇ ਨੋ ਨਾਲ ਆਏ, 35 ਮੀਲ ਦਾ ਸਫਰ ਸੀ। ਸੰਗ ਦੇ ਵਿਚ ਬੁੱਢੇ ਵੀ ਸਨ, ਬੀਬੀਆਂ ਵੀ ਸੀ, ਬੱਚੇ ਵੀ ਸੀ ਤੇ ਭਾਈ ਵੱਡੇ ਜੁਆਨ ਵੀ ਸੀ। ਬੜੀ ਤੇਜ਼ੀ ਦੇ ਨਾਲ ਆਉਂਦੇ-ਆਉਂਦੇ ਰਾਤ ਪੈ ਗਈ ਉਨ੍ਹਾਂ ਨੂੰ ਤੇ ਮਨ ਵਿਚ ਖਿਆਲ ਹੋ ਗਿਆ ਕਿ ਹੁਣ ਸਾਡੇ ਤੋਂ ਜਾ ਨਹੀਂ ਹੋਣਾ। ਇੱਕ ਤਾਂ ਰਸਤੇ 'ਚ ਕੁਛ ਪ੍ਰਸ਼ਾਦ ਪਾਣੀ ਨਹੀਂ ਛਕਿਆ। ਇੱਕ ਥੱਕ ਗਏ ਤੇ ਅਜੇ ਅੰਮ੍ਰਿਤਸਰ ਕਾਫੀ ਦੂਰ ਹੈ। ਓਧਰ ਇਹ ਉਨ੍ਹਾਂ ਦੇ ਮਨ ਵਿਚ ਹੈ, ਓਧਰ ਗੁਰੂ ਪੰਜਵੇਂ ਪਾਤਸ਼ਾਹ ਨੇ ਮਾਤਾ ਗੰਗਾ ਜੀ ਨੂੰ ਕਿਹਾ ਕਿ ਤੁਸੀਂ ਗੁਪਤ ਰੂਪ ਦੇ ਅੰਦਰ ਇੱਕ ਪਤੀਲਾ ਦਾਲੇ ਦਾ ਤੇ ਇੱਕ ਟੋਕਰਾ ਪ੍ਰਸ਼ਾਦਿਆਂ ਦਾ ਤਿਆਰ ਕਰਾਓ, ਦਸਣਾ ਨਹੀਂ ਕਿਸੇ ਨੂੰ, ਆਪਾਂ ਜਾਣਾ ਹੈ ਬਾਹਰ। ਮਾਤਾ ਜੀ ਨੇ ਆਪਣੇ ਹੱਥਾਂ ਦੇ ਨਾਲ ਪ੍ਰਸ਼ਾਦੇ ਲਾਹੇ ਦੇਗਾ ਤਿਆਰ ਕਰਿਆ, ਕਿਸੇ ਨੂੰ ਨਹੀਂ ਪਤਾ ਕਿ ਲੰਗਰ 'ਚ ਭੇਜਣਾ ਹੋਣਾ, ਸਾਰੇ ਧਿਆਨ ਨਹੀਂ ਦਿੰਦੇ ਹੁੰਦੇ। ਕੋਈ ਟਾਂਵਾਂ-ਟਾਂਵਾਂ ਹੁੰਦਾ ਹੈ ਜਿਹਵਾ ਬੰਦਾ ਧਿਆਨ ਦੇਵੇ। ਕਿਸੇ ਨੇ ਵੀ ਧਿਆਨ ਨਾ ਦਿੱਤਾ। ਜਦੋਂ ਸ਼ਾਮ ਹੋ ਗਈ ਜਿਉਂ ਹਨ੍ਹੇਰਾ ਹੋਣ ਲੱਗਿਆ। ਓਸ ਵੇਲੇ ਮਹਾਰਾਜ ਜੀ ਨੇ ਭੇਸ ਬਦਲ ਲਿਆ ਤੇ ਸਿੱਧੇ ਸਾਧੇ ਵਸਤਰ ਪਹਿਨ ਕੇ ਮਡਾਸਾ ਮਾਰ ਲਿਆ ਸਿਰ ਦੇ ਉੱਤੇ ਤੇ ਪੱਲਾ ਮੂੰਹ ਦੇ ਉੱਤੇ ਦੇ ਲਿਆ। ਕੇਵਲ ਅੱਖਾਂ-ਅੱਖਾਂ ਨੰਗੀਆਂ ਰਹਿ ਗਈਆਂ ਤੇ ਆਪ ਨੇ ਟੋਕਰਾ ਚੁੱਕਿਆ ਪ੍ਰਸ਼ਾਦਿਆਂ ਦਾ, ਇਸੇ ਮਾਤਾ ਜੀ ਨੇ ਦੇਗਾ ਚੁੱਕਿਆ, ਭੇਸ ਬਦਲ ਲਿਆ ਥੋੜ੍ਹਾ ਸੇਵਾਦਾਰਾਂ ਤੋਂ। ਕਿਸੇ ਦੇ ਧਿਆਨ ਵਿਚ ਨਾ ਆਏ, ਦੋ ਪੱਖੇ ਮੋਢਿਆਂ 'ਚ ਪਾ ਲਏ, ਇਸੇ ਤਰ੍ਹਾਂ ਚਲਦੇ-ਚਲਦੇ ਓਧਰੋਂ ਸੰਗਤ ਆ ਰਹੀ ਹੈ, ਏਧਰੋਂ ਕਾਹਲੀ ਨਾਲ ਗੁਰੂ ਮਹਾਰਾਜ ਜਾ ਰਹੇ ਨੇ ਤੇ ਪਿੱਪਲੀ ਸਾਹਿਬ ਪਹੁੰਚਦੇ ਨੇ, ਉਹ ਵੀ ਪਹੁੰਚ ਗਏ ਤੇ ਇਹ ਵੀ ਪਹੁੰਚ ਗਏ। ਕੋਲ ਖੂਹ ਸੀਗਾ ਤੇ ਉਸ ਵੇਲੇ ਬਚਨ ਹੋਣ ਲੱਗ ਗਏ, ਜਿਹੜੇ ਬਿਰਧ ਸੀ ਸੰਗ ਦੇ ਅੰਦਰ ਕਹਿਣ ਲੱਗੇ, ਹੁਣ ਨਹੀਂ ਹਿੰਮਤ ਰਹੀ ਜਾਣ ਦੀ। ਕਿੰਨੀ ਕੁ ਦੂਰ ਹੈ ਇਥੋਂ ਅੰਮ੍ਰਿਤਸਰ, ਜਥੇਦਾਰ ਨੇ ਦੱਸਿਆ ਕਿ ਅਜੇ ਤਾਂ ਐਨਾ ਫਾਸਲਾ ਹੈ, ਕਹਿੰਦੇ ਨਾ-ਨਾ ਹੁਣ ਨਹੀਂ ਜਾ ਹੋਣਾ। ਇੱਕ ਤਾਂ ਭੁੱਖੇ ਹਾਂ, ਪ੍ਰਸ਼ਾਦੇ ਦਾ ਬੰਦੋਬਸਤ ਕੋਈ ਹੈ ਨਹੀਂ, ਰਸਤੇ ਵਿਚ ਵੀ ਨਹੀਂ ਛਕਿਆ, ਇੱਥੇ ਵੀ ਕੋਈ ਬੰਦੋਬਸਤ ਹੈ ਨਹੀਂ। ਆਹ ਖੂਹ ਤਾਂ ਹੈਗਾ ਇਸ਼ਨਾਨ ਕਰਨ ਨੂੰ, ਇਥੇ ਇਸ਼ਨਾਨ ਕਰਕੇ ਅੰਮ੍ਰਿਤ ਵੇਲੇ ਚੱਲਾਂਗੇ। ਕੁਛ ਪੈ ਕੇ ਥੋੜ੍ਹਾ ਬਹੁਤਾ ਆਰਾਮ ਆ ਜਾਏਗਾ। ਸੋ ਅਜੇ ਕੋਈ ਫੈਸਲਾ ਨਹੀਂ ਸੀ ਹੋ ਰਿਹਾ। ਬਾਤਾਂ ਹੀ ਹੋ ਰਹੀਆਂ ਸੀ ਤੇ ਇਧਰੋਂ ਮਹਾਰਾਜ ਪਹੁੰਚ ਗਏ, ਕਹਿਣ ਲੱਗੇ, ਗੁਰਸਿੱਖੋ! ਲੰਗਰ ਆ ਗਿਆ ਭਾਈ ਤੁਹਾਡੇ ਛਕਣ ਵਾਸਤੇ, ਸਾਵਧਾਨ ਹੋਵੋ, ਪੰਜ ਇਸ਼ਨਾਨੇ ਕਰੋ। ਅੱਗੇ ਵਧਿਆ ਇੱਕ ਸਿੰਘ ਤੇ ਉਸਨੇ ਮਹਾਰਾਜ ਜੀ ਦੇ ਸੀਸ ਤੋਂ ਟੋਕਰਾ ਉਤਰਵਾ ਲਿਆ, ਦੂਸਰਾ ਮਾਈ ਨੇ, ਮਾਤਾ ਜੀ ਦੇ ਸੀਸ ਤੋਂ ਜਿਹੜਾ ਦੇਗਾ ਸੀ ਉਹ ਉਤਰਵਾ ਲਿਆ, ਉਸ ਵੇਲੇ ਮਹਾਰਾਜ ਜੀ ਇੱਕ ਦਮ ਖੂਹ 'ਤੇ ਗਏ, ਡੋਲ ਫੜਿਆ, ਆਪ ਪਾਣੀ ਕੱਢਦੇ ਨੇ, ਮਾਤਾ ਗੰਗਾ ਜੀ ਸਾਰਿਆਂ ਦੇ ਚਰਨਾਂ 'ਤੇ ਜਲ ਪਾਉਂਦੀ ਹੈ ਨਾਲ ਚਰਨ ਧੋਈ ਜਾਂਦੀ ਹੈ, ਜਲ ਛਕਾਇਆ, ਕੁਰਲੇ ਕਰਾਏ, ਪੰਜ ਇਸ਼ਨਾਨੇ ਕਰਾਏ ਉਸ ਤੋਂ ਬਾਅਦ ਪੰਗਤ ਲਗ ਗਈ, ਉਸ ਤੋਂ ਬਾਅਦ ਪੰਗਤ ਲਗ ਗਈ, ਮਹਾਰਾਜ ਆਪ ਪ੍ਰਸ਼ਾਦੇ ਵਰਤਾਉਂਦੇ ਨੇ, ਮਾਤਾ ਜੀ ਦਾਲਾਂ ਵਰਤਾਉਂਦੇ ਨੇ। ਉਸ ਤੋਂ ਬਾਅਦ

ਸੰਗਤ ਨੇ ਪ੍ਰਸ਼ਾਦਾ ਛਕ ਲਿਆ। ਥੋੜ੍ਹਾ ਵਿਸ਼ਰਾਮ ਕਰਨ ਵਾਸਤੇ ਬੈਠੇ ਨੇ ਕਿ ਸਲਾਹ ਕਰੀਏ ਕਿ ਹੁਣ ਕਿਵੇਂ ਕਰਨਾ ਹੈ। ਕਹਿੰਦੇ, ਲੈ ਬਈ ਆਹ ਗੁਰਸਿੱਖ ਤਾਂ ਬੜਾ ਭਲਾ ਬੰਦਾ ਹੈ ਵਿਚਾਰਾ, ਪ੍ਰਸ਼ਾਦਾ ਲੈ ਆਇਆ। ਮਹਾਰਾਜ ਜੀ ਨੇ ਸਾਡੇ ਵਾਸਤੇ ਪ੍ਰਸ਼ਾਦੇ ਭੇਜ ਦਿੱਤੇ, ਆਪ ਅੰਤਰਜਾਮੀ ਨੇ। ਐਸੇ ਬਚਨ ਕਰਨ ਲਗ ਗਏ, ਆਪਣੇ-ਆਪਣੇ ਸੁਣਾਉਣ ਲਗ ਗਏ ਕਿ ਮੈਂ ਜਦੋਂ ਮਹਾਰਾਜ ਜੀ ਕੋਲ ਆਇਆ ਸੀ ਮੇਰੇ ਨਾਲ ਐਸ ਤਰ੍ਹਾਂ ਹੋਇਆ, ਜਦ ਮੈਂ ਆਇਆ ਸੀ ਏਸ ਤਰ੍ਹਾਂ ਹੋਇਆ। ਬਚਨ ਕਰਦੇ ਰਹੇ, ਜਥੇਦਾਰ ਨੇ ਕਿਹਾ ਕਿ ਦੱਸੋ ਹੁਣ ਕੀ ਸਲਾਹ ਹੈ, ਕਹਿੰਦੇ ਹੁਣ ਤਾਂ ਤਕੜੇ ਹੋ ਗਏ ਆਪਾਂ ਪ੍ਰਸ਼ਾਦੇ ਛਕ ਕੇ। ਹੁਣ ਇਥੇ ਨਾ ਵਿਸ਼ਰਾਮ ਕਰੀਏ, ਹੁਣ ਜਾ ਕੇ ਵਿਸ਼ਰਾਮ ਪ੍ਰਕਰਮਾ 'ਚ ਕਰੀਏ, ਮਾਤਾ ਜੀ ਤੇ ਮਹਾਰਾਜ ਜੀ ਪੱਖੇ ਹੱਥਾਂ ਵਿਚ ਨੇ, ਗਰਮੀ ਦਾ ਮਹੀਨਾ ਹੈ ਤੇ ਝੱਲੀ ਜਾਂਦੇ ਨੇ। ਸਾਰਿਆਂ ਦੀ ਸਲਾਹ ਹੋਈ ਤਾਂ ਮਹਾਰਾਜ ਜੀ ਕਹਿਣ ਲੱਗੇ ਕਿ ਠੀਕ ਹੈ ਪਿਆਰਿਓ! ਸਫਰ ਹੁਣ ਨਿਕਲ ਜਾਏਗਾ, ਚਲੋ। ਜੱਥਾ ਅੱਗੇ ਹੋ ਗਿਆ। ਬਰਤਨ ਮਹਾਰਾਜ ਜੀ ਨੇ ਇੱਕ ਟੋਕਰੇ 'ਚੋਂ ਪਾ ਕੇ ਦੇਗਾ ਸਿੰਘ ਨੂੰ ਚੁਕਾ ਦਿੱਤੇ ਤੇ ਆਪ ਪੱਖੇ ਲੈ ਕੇ ਬੜੀ ਤੇਜ਼ੀ ਦੇ ਨਾਲ ਚਾਰੇ ਪਾਸੇ ਘੁੰਮ-ਘੁੰਮ ਕੇ ਸਭ ਨੂੰ ਪੱਖੇ ਦੀ ਝਾਲ ਮਾਰਦੇ ਨੇ। ਦਰਬਾਰ ਸਾਹਿਬ ਪਹੁੰਚੇ ਤੇ ਉਥੇ ਦੇ ਮਹਾਰਾਜ ਜੀ ਜਾਣੂੰ ਸਨ, ਕਹਿਣ ਲੱਗੇ ਆਓ ਤੁਹਾਨੂੰ ਦੱਸੀਏ ਕਿ ਟਿਕਾਣਾ ਕਿੱਥੇ ਪੈਣਾ। ਇੱਕ ਥਾਂ ਕਿਤੇ ਵਿਹਲਾ ਸੀ ਉਥੇ ਮਹਾਰਾਜ ਜੀ ਲੈ ਗਏ, ਲਿਜਾ ਕੇ ਕਿਹਾ ਐਥੇ ਤੁਸੀਂ ਪੈ ਜਾਓ। ਕਈ ਕਹਿਣ ਲੱਗੇ ਕਿ ਅਸੀਂ ਥੱਕ ਬਹੁਤ ਗਏ, ਕਹਿੰਦੇ ਕੋਈ ਨਹੀਂ ਅਸੀਂ ਤੁਹਾਡੇ ਚਰਨ ਨਪਦੇ ਹਾਂ। ਮਾਤਾ ਜੀ ਬੀਬੀਆਂ ਦੇ ਚਰਨ, ਲੱਤਾਂ ਵਗੈਰਾ ਘੁੱਟਣ ਲਗ ਗਏ। ਗੁਰੂ ਮਹਾਰਾਜ ਸੱਚੇ ਪਾਤਸ਼ਾਹ ਸੰਗਤ ਦੇ, ਜਿਹਨੂੰ ਨੀਂਦ ਆਈ ਜਾਵੇ, ਦੂਸਰੇ ਕੋਲ ਮਹਾਰਾਜ ਜੀ ਚਲੇ ਜਾਣ। ਇਕ ਬਿਰਧ ਬਹੁਤ ਥੱਕਿਆ ਹੋਇਆ ਸੀ, ਅੰਮ੍ਰਿਤ ਵੇਲਾ ਹੋ ਗਿਆ ਤੇ ਉਹਨੂੰ ਨੀਂਦ ਨਹੀਂ ਆ ਰਹੀ। ਮਾਤਾ ਜੀ ਪੱਖਾ ਝੱਲ ਰਹੇ ਨੇ, ਮਹਾਰਾਜ ਜੀ ਉਹਨੂੰ ਨੱਪ ਰਹੇ ਨੇ ਤੇ ਏਧਰਲੇ ਪਾਸੇ ਸੰਗਤ ਖੜ੍ਹੀ ਹੈ ਕਿ ਗੁਰੂ ਮਹਾਰਾਜ ਜੀ ਨੇ ਬਾਹਰ ਆਉਣਾ ਹੈ ਤੇ ਦਰਬਾਰ ਸਾਹਿਬ 'ਚ ਜਾਣ ਦਾ ਸਮਾਂ ਹੋ ਗਿਆ। ਪਤਾ ਮੰਗਾਇਆ ਤਾਂ ਉਹ ਕਹਿੰਦੇ ਗੁਰੂ ਮਹਾਰਾਜ ਤਾਂ ਸ਼ਾਮ ਦੇ ਹੀ ਹਨ ਇੱਥੇ। ਪਤਾ ਨਹੀਂ ਕਿੱਥੇ ਗਏ ਨੇ, ਮਾਤਾ ਜੀ ਵੀ ਨਹੀਂ ਹਨ। ਭਾਈ ਗੁਰਦਾਸ ਜੀ ਕਹਿਣ ਲੱਗੇ, ਬਾਬਾ ਬੁੱਢਾ ਜੀ! ਤੁਹਾਨੂੰ ਗੁਰੂ ਨਾਨਕ ਪਾਤਸ਼ਾਹ ਦਾ ਵਰਦਾਨ ਹੈ ਕਿ ਤੁਹਾਡੀ ਨਿਗ੍ਹਾ 'ਚੋਂ ਗੁਰੂ ਕਦੇ ਵੀ ਲਾਂਭੇ ਨਹੀਂ ਹੋਏਗਾ, ਹਰ ਵਕਤ ਤੁਹਾਨੂੰ ਗੁਰੂ ਦੇ ਦਰਸ਼ਨ ਹੁੰਦੇ ਰਹਿਣਗੇ। ਨਾਲ ਇਹ ਵੀ ਪਤਾ ਲੱਗੇਗਾ ਕਿ ਗੁਰੂ ਐਸ ਵੇਲੇ ਕਿੱਥੇ ਹੈ। ਕਹਿਣ ਲੱਗੇ ਸਾਧਸੰਗਤ ਜੀ! ਇਹ ਤਾਂ ਤੁਹਾਡੀਆਂ ਵਡਿਆਈ ਦੇਣ ਵਾਲੀਆਂ ਗੱਲਾਂ ਨੇ। ਮੈਂ ਵੀ ਤੁਹਾਡੇ ਵਰਗਾ ਹੀ ਹਾਂ, ਮੈਂ ਕਿਹੜਾ ਕੋਈ ਖਾਸ ਹਾਂ। ਆਓ ਮਹਾਰਾਜ ਨੂੰ ਇੱਥੇ ਤੁਰ ਫਿਰ ਕੇ ਦੇਖ ਲੈਂਦੇ ਹਾਂ ਕਿਤੇ ਸੰਗਤ ਵਿਚ ਹੋਣਗੇ। ਉਸ ਵੇਲੇ ਜਿਹੜੇ ਮੁਖੀ ਗੁਰਸਿਖ ਸੀ ਭਾਈ ਗੁਰਦਾਸ ਵਗੈਰਾ ਵਰਗੇ, ਬਾਬਾ ਜੀ ਦੇ ਪਿੱਛੇ ਹੋ ਗਏ, ਬਾਬਾ ਜੀ ਹੌਲੀ-ਹੌਲੀ ਪ੍ਰਕਰਮਾਂ ਦੇ ਵਿਚ ਘੁੰਮਦੇ ਫਿਰਦੇ ਉਥੇ ਹੀ ਜਾ ਰਹੇ। ਜਿੱਥੇ ਗੁਰੂ ਮਹਾਰਾਜ ਨੱਪ ਰਹੇ ਨੇ, ਘੁੱਟ ਰਹੇ ਨੇ ਤੇ ਮਾਤਾ ਜੀ ਪੱਖਾ ਝੱਲੀ ਜਾਂਦੇ ਨੇ ਤੇ ਉਸ ਵੇਲੇ ਉਹ ਬਿਰਧ ਕਹਿੰਦਾ ਹੈ ਕਿ ਗੁਰਸਿੱਖਾ ਕਿੰਨੇ ਘੰਟੇ ਤੋਂ ਤੂੰ ਮੈਨੂੰ ਨੱਪ ਰਿਹਾ ਹੈਂ, ਮੈਨੂੰ ਨੀਂਦ ਨਹੀਂ ਆਉਂਦੀ, ਮੈਨੂੰ ਤੂੰ ਆਪਣਾ ਨਾਉਂ ਤਾਂ ਦਸ ਦੇ, ਮੈਂ ਜਦੋਂ ਗੁਰੂ ਸਾਹਿਬ ਦੇ ਕੋਲ ਦਰਸ਼ਨ ਕਰਾਂਗਾ, ਤਾਂ ਮੈਂ ਤੇਰਾ ਜ਼ਿਕਰ ਜ਼ਰੂਰ ਕਰਨਾ ਹੈ। ਤੂੰ ਕਿੰਨੀ ਸੇਵਾ ਕਰੀ ਹੈ, ਸਾਡੇ ਨਾਲ ਹੀ ਪਹਿਲਾਂ ਤੁਰ ਕੇ ਆਇਆ ਹੈਂ। ਪਹਿਲਾਂ ਪ੍ਰਸ਼ਾਦੇ ਛਕਾਏ ਨੇ, ਫੇਰ ਤੂੰ ਚਰਨ ਵਗੈਰਾ ਧੋਤੇ। ਫੇਰ ਪੱਖਾ ਝੱਲਦਾ ਰਿਹਾ ਹੈਂ, ਹੁਣ ਆ ਕੇ ਨੱਪੀ ਜਾਂਦਾ ਹੈਂ, ਅਥੱਕ ਹੈ ਤੂੰ। ਉਹ ਕਹਿੰਦੇ, ਬਾਬਾ ਕੋਈ ਗੱਲ ਨਹੀਂ, ਗੁਰੂ ਸਾਹਿਬ ਤਾਂ ਸਭ ਕੁਛ ਜਾਣਦੇ ਨੇ। ਕਹਿੰਦੇ, ਇਹ ਤਾਂ ਮੈਂ ਮੰਨਦਾ ਹਾਂ ਕਿ ਉਹ ਜਾਣਦੇ ਨੇ। ਪਰ ਸਾਡਾ ਵੀ ਫਰਜ਼ ਹੈ, ਅਸੀਂ ਤੇਰਾ ਨਾਉਂ ਤਾਂ ਲਾਵਾਂਗੇ, ਕੁਛ ਥਹੁ ਪਤਾ ਅੱਗਾ, ਪਿੱਛਾ ਸਾਨੂੰ ਦਸ ਤਾਂ ਸਹੀ? ਮਹਾਰਾਜ ਜੀ ਚੁੱਪ ਨੇ, ਉਸ ਵੇਲੇ ਬਾਬਾ ਬੁੱਢਾ ਜੀ ਨੇੜੇ ਆ ਗਏ, ਨੇੜੇ ਆ ਕੇ ਜਿਉਂ-ਜਿਉਂ ਹੇਠਾਂ ਨੂੰ ਦੇਖਦੇ ਨੇ, ਮਹਾਰਾਜ ਜੀ ਨੇ ਹੋਰ ਨੀਵੀਂ ਪਾ ਲਈ, ਛੁਪ ਕਿੱਥੋਂ ਸਕਦੇ ਨੇ। ਉਸੇ ਵੇਲੇ ਬਾਬਾ ਜੀ ਚਰਨਾਂ 'ਤੇ ਢਹਿ ਪਏ, ਸੱਚੇ ਪਾਤਸ਼ਾਹ! ਐਨੇ ਗੁਰਸਿੱਖਾਂ ਦੇ ਹੁੰਦਿਆਂ ਅੱਜ ਸ਼ਾਮ ਤੋਂ ਤੁਸੀਂ ਇਹ ਕੰਮ ਕਰ ਰਹੇ ਓਂ? ਐਨੇ ਗੁਰਸਿੱਖ ਨੇ ਜਿਹੜੇ ਸੇਵਾ ਕਰ ਸਕਦੇ ਨੇ, ਪਾਤਸ਼ਾਹ ਆਪ ਹੁਕਮ ਦੀ ਦੇਰ ਸੀ। ਸੰਗਤਾਂ ਨੂੰ ਲੈ ਵੀ ਆਉਂਦੇ, ਸਵਾਰੀਆਂ ਵੀ ਭੇਜ ਦਿੰਦੇ, ਪ੍ਰਸ਼ਾਦੇ ਵੀ ਪਹੁੰਚ ਜਾਂਦੇ, ਤੇ ਤੁਸੀਂ ਆਪ ਐਨੀ ਖੇਚਲ ਕਰੀ? ਉਸ ਵੇਲੇ ਉਹ ਜਿਹੜਾ ਬਿਰਧ ਸੀ ਉੱਠ ਕੇ ਰੋਣ ਲਗ ਗਿਆ। ਸੰਗਤ ਸਾਰੀ ਉਠ ਖੜ੍ਹੀ, ਹੈਰਾਨ ਹੋ ਗਏ ਕਿ ਕੱਲ੍ਹ ਤੋਂ ਅਸੀਂ ਗੁਰੂ ਸਾਹਿਬ ਤੋਂ ਸੇਵਾ ਕਰਾ ਰਹੇ ਹਾਂ ਤੇ ਉਸ ਵੇਲੇ ਬੜਾ ਬੈਰਾਗ ਆ ਗਿਆ ਸੰਗਤ ਦੇ ਮਨ 'ਚ। ਚਰਨਾਂ 'ਤੇ ਢਹਿ ਪਏ। ਏਧਰ ਮਹਾਰਾਜ ਜੀ ਕਹਿਣ ਲੱਗੇ, ਭਾਈ ਗੁਰਦਾਸ ਜੀ ਤੁਸੀਂ ਤਾਂ ਸੇਵਾ ਕਰਦੇ ਰਹਿੰਦੇ ਓਂ, ਪਰ ਜੇ ਅਸੀਂ ਕਦੇ ਭੁੱਲ ਭੁਲਾ ਕੇ ਸੇਵਾ ਕਰਨ ਲੱਗੀਏ ਤੇ ਤੁਸੀਂ ਸਾਨੂੰ ਸੇਵਾ ਨਹੀਂ ਕਰਨ ਦਿੰਦੇ। ਅਸੀਂ ਤਾਂ ਸੇਵਾ ਕਰਕੇ ਨਿਹਾਲ ਹੁੰਦੇ ਹਾਂ, ਮਹਾਨ ਖੁਸ਼ ਹੁੰਦੇ ਹਾਂ -

ਧਾਰਨਾ - ਹੋਵਾਂ ਮੈਂ ਨਿਹਾਲ
ਪਾਣੀ ਪੱਖਾ ਪੀਸਣ ਪੀਸ ਕੇ।

ਕਹਿਣ ਲੱਗੇ -

ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥
ਅੰਗ - ੮੧੧

ਬਾਬਾ ਜੀ ਤੁਸੀਂ ਮੈਨੂੰ ਸੇਵਾ ਨਹੀਂ ਕਰਨ ਦਿੰਦੇ ਤੇ ਮੇਰਾ ਵੀ ਤਾਂ ਫਰਜ਼ ਬਣਦਾ ਹੈ ਜਦੋਂ ਸੰਗਤਾਂ ਸੇਵਾ ਕਰਦੀਆਂ ਨੇ ਤੇ ਮੈਂ ਵੀ ਸੇਵਾ ਕਰਦਾ ਹਾਂ। ਕਹਿੰਦੇ ਪਾਤਸ਼ਾਹ! ਤੁਸੀਂ ਤਾਂ ਦਿਨ ਰਾਤ ਸੇਵਾ ਕਰਦੇ ਓਂ। ਦਿਨ ਰਾਤ ਬਾਣੀ ਇੱਕਠੀ ਕਰਦੇ ਓਂ, ਬਾਣੀ ਉਚਾਰਦੇ ਓਂ, ਸੰਗਤਾਂ ਦੇ ਨਾਲ ਬਚਨ ਕਰਦੇ ਓਂ। ਉਨ੍ਹਾਂ ਦਾ ਉਧਾਰ ਕਰਦੇ ਓਂ, ਐਨੀ ਸੇਵਾ ਕਰਦੇ ਫੇਰ ਹੋਰ ਸੇਵਾ ਦੀ ਕਾਹਦੀ ਲੋੜ ਹੈ। ਕਹਿੰਦੇ, ਗੁਰਸਿੱਖੋ! ਮੈਂ ਵੀ ਹੱਥਾਂ ਪੈਰਾਂ ਦੇ ਨਾਲ ਸੇਵਾ ਕਰਨੀ ਚਾਹੁੰਦਾ ਹਾਂ। ਸੋ ਗੁਰੂ ਘਰ ਦੇ ਅੰਦਰ ਗੁਰੂ ਦਸ਼ਮੇਸ਼ ਪਿਤਾ ਕਹਿਣ ਲੱਗੇ, ਸਾਧਸੰਗਤ ਜੀ! ਸੇਵਾ ਪ੍ਰਧਾਨ ਹੈ, ਸੇਵਾ ਕਰਨ ਵਾਲਾ ਜਿਹੜਾ ਹੈ ਉਹ ਵਾਹਿਗੁਰੂ ਦੇ ਦਰਜੇ ਤਕ ਪਹੁੰਚ ਜਾਂਦਾ ਹੈ -

ਧਾਰਨਾ - ਭੇਦ ਕੋਈ ਜਾਣਹੁ ਨਾ,
ਸੇਵਕ ਹੈ ਰੂਪ ਹਰੀ ਦਾ।

ਹਰਿ ਕਾ ਸੇਵਕੁ ਸੋ ਹਰਿ ਜੇਹਾ ॥
ਭੇਦੁ ਨ ਜਾਣਹੁ ਮਾਣਸ ਦੇਹਾ ॥
ਜਿਉ ਜਲ ਤਰੰਗ ਉਠਹਿ ਬਹੁ ਭਾਤੀ
ਫਿਰਿ ਸਲਲੈ ਸਲਲ ਸਮਾਇਦਾ ॥
ਅੰਗ - ੧੦੭੬

ਸਮੁੰਦਰ 'ਚੋਂ ਲਹਿਰਾਂ ਉਠਦੀਆਂ ਨੇ, ਕਹਿੰਦੇ ਫੇਰ ਪਾਣੀ ਵਿਚ ਸਮਾਅ ਜਾਂਦੀਆਂ ਨੇ, ਇਸੇ ਤਰ੍ਹਾਂ ਸੇਵਾ ਕਰਨ ਵਾਲਾ, ਉਹਦੇ ਅੰਦਰ ਬ੍ਰਹਮਦ੍ਰਿਸ਼ਟੀ ਹੁੰਦੀ ਹੈ ਤਾਂ ਸੇਵਾ ਕਰਦਾ ਹੈ ਕਿ ਇਹ ਤਾਂ ਸਾਰੇ ਹੀ ਗੁਰੂ ਨਾਨਕ ਦਾ ਰੂਪ ਹੈ। ਗੁਰੂ ਨਾਨਕ ਦੇ ਪਿਆਰੇ ਨੇ ਮੈਂ ਇਨ੍ਹਾਂ ਦੀ ਸੇਵਾ ਕਰਾਂ। ਉਹਦੇ 'ਚ ਮਾਣ ਨਹੀਂ ਹੁੰਦਾ ਉਹਦੀ ਸੇਵਾ ਸਫਲ ਹੋ ਜਾਇਆ ਕਰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਭਾਈ ਆਦਮ ਨੂੰ ਸਲਾਹ ਦਿਤੀ ਕਿ ਤੂੰ ਗੁਰੂ ਦੇ ਜਾ ਕੇ ਸੇਵਾ ਕਰ ਤੇ ਉਥੇ ਤੇਰੀ ਇੱਛਿਆ ਜੋ ਹੈ ਉਹ ਪੂਰੀ ਹੋ ਜਾਏਗੀ। ਘਰਵਾਲੀ ਨੂੰ ਨਾਲ ਲਿਆ ਤੇ ਲੜਕੀ ਸੀ ਇੱਕ, ਉਹ ਵੀ ਨਾਲ ਲੈ ਲਈ ਤੇ ਆਪ ਵੀ ਚੱਲਿਆ ਤੇ ਅੰਮ੍ਰਿਤਸਰ ਜਿਹਨੂੰ ਉਸ ਵੇਲੇ ਰਾਮਦਾਸਪੁਰ ਕਹਿੰਦੇ ਸੀ। ਗੁਰੂ ਚੌਥੇ ਪਾਤਸ਼ਾਹ ਸੇਵਾ ਕਰਾ ਰਹੇ ਨੇ। ਸੰਗਤਾਂ ਦੇ ਰਹਿਣ ਵਾਸਤੇ ਛੱਪਰ ਆਦਿ, ਮਕਾਨ ਆਦਿ ਬਣ ਰਹੇ ਨੇ ਤੇ ਏਧਰੋਂ ਭਾਈ ਆਦਮ ਆ ਕੇ ਸੇਵਾ ਕਰਦਾ ਹੈ, ਬਹੁਤ ਸੇਵਾ ਕਰ ਰਿਹਾ ਹੈ। ਇੱਕ ਭਰ੍ਹਾ ਹਰ ਰੋਜ਼ ਲੱਕੜਾਂ ਦਾ ਲੰਗਰ ਵਾਸਤੇ ਲਿਆਉਂਦਾ ਹੈ ਤੇ ਇੱਕ ਭਾਰ ਜਦੋਂ ਵਿਹਲਾ ਹੁੰਦਾ ਹੈ ਉਸ ਵੇਲੇ ਆਪਣੇ ਘਰ ਰੱਖ ਲੈਂਦਾ ਹੈ। ਬੀਬੀ ਵੀ ਬਰਤਨ ਮਾਂਜਦੀ ਰਹਿੰਦੀ ਹੈ, ਲੜਕੀ ਵੀ ਉਥੇ ਹੀ ਝਾੜੂ ਵਗੈਰਾ ਦਿੰਦੀ ਹੈ। ਦਿਨ ਰਾਤ ਸੇਵਾ ਕਰਦੇ ਨੇ, ਪ੍ਰਸ਼ਾਦਾ ਜਾ ਕੇ ਘਰ ਛਕਦੇ ਨੇ। ਇਸ ਤਰ੍ਹਾਂ ਕਰਦੇ-ਕਰਦੇ ਸਮਾਂ ਕਾਫੀ ਬੀਤ ਗਿਆ ਤੇ ਇੱਕ ਦਿਨ ਦਾ ਐਸਾ ਜ਼ਿਕਰ ਹੈ ਕਿ ਗੁਰੂ ਮਹਾਰਾਜ ਬਾਹਰ ਗਏ ਹੋਏ ਸੀ ਤੇ ਸੰਗਤ ਵੀ ਨਾਲ ਸੀ ਬਾਹਰੋਂ ਆਈ ਹੋਈ, ਜਿਨ੍ਹਾਂ 'ਚ ਬੀਬੀਆਂ ਸੀ, ਬਿਰਧ ਸੀ, ਛੋਟੇ ਬੱਚੇ ਸੀ। ਸਰਦੀ ਦਾ ਮਹੀਨਾ ਸੀ, ਪੋਹ ਦਾ ਮਹੀਨਾ ਝੜੀ ਲੱਗੀ ਹੋਈ ਸੀ। ਛੋਟੀਆ-ਛੋਟੀਆ ਕਣੀਆਂ ਪੈਂਦੀਆਂ ਸੀ, ਉਨ੍ਹਾਂ ਦੇ ਨਾਲ ਉਨ੍ਹਾਂ ਦੇ ਵਸਤਰ ਗਿੱਲੇ ਹੋ ਗਏ, ਅੰਮ੍ਰਿਤਸਰ ਪਹੁੰਚਦੇ-ਪਹੁੰਚਦੇ ਕਾਫੀ ਗਿੱਲੇ ਹੋ ਗਏ। ਉਸ ਵੇਲੇ ਮਹਾਰਾਜ ਜੀ ਜਦੋਂ ਸੰਗਤਾਂ ਸਮੇਤ ਰਾਤ ਨੂੰ ਪਹੁੰਚਦੇ ਨੇ ਤੇ ਬਹੁਤ ਠੰਢੀ ਹਵਾ ਵਗ ਰਹੀ ਹੈ, ਸਰੀਰ ਦੇ ਵਿਚੋਂ ਨਿਕਲ ਰਹੀ ਹੈ। ਮਹਾਰਾਜ ਕਹਿਣ ਲੱਗੇ ਕਿ ਗੁਰਮੁਖੋ! ਆਹ ਸਿੱਖਾਂ ਦੀ ਕੀ ਹਾਲ ਹੋਏਗਾ ਇਨ੍ਹਾਂ ਕੋਲ ਤਾਂ ਵਸਤਰ ਵੀ ਬੜੇ ਥੋੜ੍ਹੇ ਨੇ, ਬੁਲਾਓ ਸ੍ਰੀ ਮਾਨ ਨੂੰ। ਸ੍ਰੀ ਮਾਨ ਨੂੰ ਬੁਲਾਇਆ। ਕਹਿਣ ਲੱਗੇ ਭਾਈ! ਲੱਕੜਾਂ ਦੀ ਧੂਣੀਆਂ ਲਾ ਦੇ, ਇਨ੍ਹਾਂ ਦੇ ਕਪੜੇ ਵੀ ਗਿੱਲੇ ਨੇ, ਕੁਛ ਹਵਾ ਵੀ ਬਹੁਤ ਠੰਢੀ ਚੱਲ ਰਹੀ ਹੈ। ਪਾਲੇ ਤੋਂ ਬਚ ਜਾਣਗੇ, ਗੁਰਸਿੱਖਾਂ ਦਾ ਦੁੱਖ ਮੇਰੇ ਤੋਂ ਦੇਖਿਆ ਨਹੀਂ ਜਾਂਦਾ। ਹੱਥ ਬੰਨੇ ਸ੍ਰੀ ਮਾਨ ਨੇ ਕਹਿਣ ਲੱਗਿਆ, ਪਾਤਸ਼ਾਹ! ਲੰਗਰ ਵਿਚ ਤਾਂ ਓਨੀਆਂ ਹੀ ਲੱਕੜੀਆਂ ਹੁੰਦੀਆਂ ਨੇ ਜਿੰਨੀਆਂ ਨਾਲ ਪ੍ਰਸ਼ਾਦਾ ਤਿਆਰ ਹੋ ਸਕੇ, ਹੁਣ ਤਾਂ ਕੇਵਲ ਸਵੇਰ ਵੇਲੇ ਦੇ ਪ੍ਰਸ਼ਾਦੇ ਵਾਸਤੇ ਲੱਕੜਾਂ ਰਹਿ ਗਈਆਂ। ਥੋੜ੍ਹੀਆਂ ਨੇ ਤੇ ਹੋਰ ਕੋਈ ਲੱਕੜ ਦਾ ਬੰਦੋਬਸਤ ਨਹੀਂ ਹੈ। ਐਨੇ ਬਚਨ ਹੋਏ ਤੇ ਮਹਾਰਾਜ ਕਹਿ ਕੇ ਚਲੇ ਗਏ। ਉਸ ਵੇਲੇ ਭਾਈ ਆਦਮ ਜੋ ਵਿਚ ਹੀ ਖੜ੍ਹਾ ਸੀ। ਉਹਨੇ ਸੁਣਿਆ ਤੇ ਘਰਵਾਲੀ ਨੇ ਸੁਣਿਆ, ਬੱਚੀ ਨੇ ਸੁਣਿਆ, ਘਰ ਚਲੇ ਜਾਂਦੇ ਨੇ ਤੇ ਕਹਿੰਦੇ ਹੁਣ ਸੇਵਾ ਦਾ ਮੌਕਾ ਹੈ ਅੱਜ। ਜਿੰਨਾਂ ਬਾਲਣ ਆਪਾਂ ਇਕੱਠਾ ਕਰਿਆ ਹੈ ਪੰਜ ਛੇ ਮਹੀਨੇ ਦੇ ਅੰਦਰ ਅੱਜ ਸਾਰੇ ਦੀਆਂ ਧੂਣੀਆਂ ਲਾ ਲਓ ਬਾਹਰ ਤੇ ਮਹਾਰਾਜ ਪ੍ਰਸੰਨ ਹੋ ਜਾਣਗੇ। ਕਿਉਂਕਿ ਸੇਵਾ ਓਹੀ ਸਫਲ ਹੋਇਆ ਕਰਦੀ ਹੈ। ਜਿਹਦੇ ਵਿਚ ਗੁਰੂ ਦੀ ਪ੍ਰਸੰਨਤਾ ਹੋ ਜਾਵੇ -

ਧਾਰਨਾ - ਸੇਵਾ ਕੀਤੀ ਸਫਲ ਹੈ,
ਜਿਤੁ ਸਤਿਗੁਰ ਕਾ ਮਨ ਮੰਨੇ।

ਸਾ ਸੇਵਾ ਕੀਤੀ ਸਫਲ ਹੈ
ਜਿਤੁ ਸਤਿਗੁਰ ਕਾ ਮਨੁ ਮੰਨੇ ॥
ਜਾ ਸਤਿਗੁਰ ਕਾ ਮਨੁ ਮੰਨਿਆ
ਤਾ ਪਾਪ ਕਸੰਮਲ ਭੰਨੇ ॥ ਅੰਗ - ੩੧੪

ਥੋੜ੍ਹੀ ਜਿਹੀ ਸੇਵਾ ਕਰਕੇ ਵੱਡੀ ਤੋਂ ਵੱਡੀ ਚੀਜ਼ ਅਸੀਂ ਮੰਗਦੇ ਹਾਂ, ਇੱਕ ਉਹ ਹੁੰਦਾ ਹੈ ਸੇਵਾ ਕਰਕੇ ਗੁਰੂ ਦੀ ਪ੍ਰਸੰਨਤਾ ਮੰਗੀਏ। ਸੇਵਾ ਕੀਤੀ ਉਹੀ ਸਫਲ ਹੈ ਭਾਈ ਜਿਹਦੇ 'ਚ ਗੁਰੂ ਦਾ ਮਨ ਮੰਨ ਜਾਵੇ ਕਿ ਹਾਂ ਸੇਵਾ ਕੀਤੀ ਇਹਨੇ। ਜਦੋਂ ਮਨ ਮੰਨ ਗਿਆ ਤਾਂ ਸਾਰੇ ਪਾਪਾਂ ਦਾ ਖਾਤਮਾ ਗੁਰੂ ਕਰ ਦਿੰਦਾ ਹੈ। ਸਾਰਾ ਕੁਛ ਮਿਲ ਜਾਂਦਾ ਹੈ, ਫੇਰ ਜੋ ਮੰਗੇ ਓਹੀ ਚੀਜ਼ ਮਿਲ ਜਾਂਦੀ ਹੈ।

ਸਤਿਗੁਰ ਕੀ ਸੇਵੈ ਲਗਿਆ
ਭਉਜਲੁ ਤਰੈ ਸੰਸਾਰੁ ॥
ਮਨ ਚਿੰਦਿਆ ਫਲੁ ਪਾਇਸੀ
ਅੰਤਰਿ ਬਿਬੇਕ ਬੀਚਾਰੁ ॥ ਅੰਗ - ੧੪੨੨

ਧਾਰਨਾ - ਮਨ ਮੰਗੀਆਂ ਮੁਰਾਦਾਂ ਪਾਵੇ,
ਸੇਵਾ ਕਰਕੇ ਸਤਿਗੁਰ ਦੀ।

ਸੋ ਇਸ ਤਰ੍ਹਾਂ ਦੇ ਨਾਲ ਲਿਆ-ਲਿਆ ਕੇ ਲੱਕੜੀਆਂ ਧੂਣੇ ਕਰ ਦਿੱਤੇ, ਅੰਮ੍ਰਿਤ ਵੇਲੇ ਉਠ ਕੇ ਮਹਾਰਾਜ ਜੀ ਜਦੋਂ ਇਸ਼ਨਾਨ ਕਰਦੇ ਨੇ, ਪਹਿਲਾਂ ਖਿਆਲ ਸੀ ਆਪ ਦੇ ਮਨ ਵਿਚ ਸੀ ਕਿ ਸੰਗਤਾਂ ਕਿਸ ਤਰ੍ਹਾਂ ਦੇ ਨਾਲ ਆਰਾਮ ਕਰਨਗੀਆ, ਠੰਢ ਬੜੀ ਹੈ ਤੇ ਸੇਕਣ ਨੂੰ ਕੁਛ ਨਹੀਂ ਹੈ। ਜਦੋਂ ਆਪ ਬਾਹਰ ਦੇਖਦੇ ਨੇ ਚਾਨਣਾ ਹੋਇਆ ਪਿਆ ਹੈ। ਮਹਾਰਾਜ ਜੀ ਦਾ ਚਿੱਤਾ ਅਤਿ ਪ੍ਰਸੰਨ ਹੋ ਗਿਆ ਕਿ ਕੌਣ ਹੈ ਜਿਸਨੇ ਐਨੇ ਧੂਣੇ ਲਾ ਦਿਤੇ ਤੇ ਗੁਰਸਿੱਖਾਂ ਨੂੰ ਆਰਾਮ ਪਹੁੰਚਾ ਦਿੱਤਾ। ਗੁਰੂ ਜੋ ਹੁੰਦਾ ਹੈ ਗੁਰਸਿੱਖਾਂ ਦੇ ਆਰਾਮ ਦੇ ਵਿਚ ਅਤਿ ਪ੍ਰਸੰਨ ਹੋਇਆ ਕਰਦਾ ਹੈ ਜੇ ਗੁਰਸਿੱਖਾਂ ਨੂੰ ਕੋਈ ਤੰਗ ਕਰੇ, ਨਰਾਜ਼ ਵੀ ਹੋ ਜਾਇਆ ਕਰਦੇ ਨੇ। ਸੋ ਆਸਾ ਜੀ ਦੀ ਵਾਰ ਦਾ ਕੀਰਤਨ ਹੋ ਕੇ ਹਟਿਆ, ਭੋਗ ਪਿਆ ਤੇ ਮਹਾਰਾਜ ਜੀ ਨੇ ਪਹਿਲਾਂ ਸਵਾਲ ਕਰਿਆ ਤੇ ਕਹਿਣ ਲੱਗੇ ਸਾਧਸੰਗਤ ਜੀ! ਰਾਤ ਵਾਲੇ ਪ੍ਰੇਮੀ ਜਿਹੜੇ ਨੇ, ਉਹ ਸੁਖ-ਸ਼ਾਂਤੀ ਨਾਲ ਪਏ ਭਾਈ? ਕਿਹਨੇ ਧੂਣੇ ਲਾਏ? ਉਸ ਵੇਲੇ ਕਈ ਪ੍ਰੇਮੀ ਖੜ੍ਹੇ ਹੋ ਗਏ, ਕਹਿਣ ਲੱਗੇ, ਸੱਚੇ ਪਾਤਸ਼ਾਹ! ਆਹ ਗੁਰਸਿੱਖ ਜਿਹੜਾ ਬੈਠਾ ਹੈ, ਜਾਣਕਾਰਾਂ ਨੇ ਦੱਸਿਆ ਕਿ ਮਹਾਰਾਜ! ਇਹ

ਭਾਈ ਆਦਮ ਬਰਾੜ ਹੈ, ਬਠਿੰਡੇ ਜ਼ਿਲੇ ਤੋਂ ਆਇਆ ਹੋਇਆ, ਕਾਫੀ ਸਮੇਂ ਤੋਂ ਗੁਰੂ ਘਰ ਦੀ ਨਿਸ਼ਕਾਮ ਸੇਵਾ ਕਰ ਰਿਹਾ ਹੈ। ਸੇਵਾ ਦੇ ਬਚਨ ਦੱਸਣ ਲਗ ਗਏ ਕਿ ਮਹਾਰਾਜ! ਬੀਬੀ ਜੋ ਹੈ ਇਸ ਦੇ ਘਰੋਂ ਸਾਰਾ ਦਿਨ ਲੰਗਰ 'ਚ ਝਾੜੂ ਦਿੰਦੀ ਹੈ, ਪੋਚੇ ਦਿੰਦੀ ਹੈ, ਸਫਾਈਆਂ ਕਰਦੀ ਹੈ, ਬਰਤਨ ਮਾਂਜਦੀ ਹੈ। ਪ੍ਰਸ਼ਾਦੇ ਲਾਹੁੰਣ ਦੇ ਵਿਚ ਹੱਥ ਵਟਾਉਂਦੀ ਹੈ ਮਾਂ ਤੇ ਧੀ, ਇਹ ਛੋਟਾ ਜਿਹਾ ਪਰਿਵਾਰ ਹੈ। ਮਹਾਰਾਜ! ਇਹ ਵੀ ਪਾਣੀ ਭਰਦਾ ਹੈ, ਹੋਰ ਬੜੀਆਂ ਸੇਵਾ ਕਰਦਾ ਹੈ ਤੇ ਉਸ ਤੋਂ ਬਾਅਦ ਜੰਗਲ 'ਚ ਚਲਿਆ ਜਾਂਦਾ ਹੈ, ਉਥੋਂ ਭਰਾ ਲੈ ਕੇ ਆਉਂਦਾ ਹੈ, ਬਹੁਤ ਭਾਰਾ ਚੁੱਕਿਆ ਨਹੀਂ ਜਾਂਦਾ, ਲਿਆ ਕੇ ਲੰਗਰ ਵਿਚ ਹਰ ਰੋਜ਼ ਬਿਨਾਂ ਨਾਗ੍ਹਾ ਲੰਗਰ ਦੇ ਵਾਸਤੇ ਬਾਹਰੋਂ ਲੈ ਕੇ ਆਉਂਦਾ ਹੈ। ਮਹਾਰਾਜ ਜੀ ਦਾ ਚਿੱਤ ਖਿੜ ਗਿਆ। ਕਹਿਣ ਲੱਗੇ, ਮਹਾਰਾਜ! ਇਹ ਇੱਕ ਭਰਾ ਘਰ ਰੱਖ ਲੈਂਦਾ ਸੀ, ਇੱਕ ਇੱਥੇ ਦਿੰਦਾ ਸੀ, ਉਹਦੇ ਵਿਚੋਂ ਕਦੇ-ਕਦੇ ਵੇਚ ਕੇ ਲੱਕੜੀ, ਉਹਦੇ ਪੈਸੇ ਲੈ ਕੇ ਉਹਦੇ ਨਾਲ ਆਪਣਾ ਨਿਰਭਾਹ ਕਰਦਾ ਸੀ, ਪ੍ਰਸ਼ਾਦਾ ਆਪਣੇ ਘਰੋਂ ਛਕਦਾ ਸੀ, ਸੇਵਾ ਇੱਥੇ ਕਰਦੇ ਰਹਿੰਦੇ ਇਹ। ਉਸ ਵੇਲੇ ਮਹਾਰਾਜ ਇਹਨੇ ਰਾਤ ਫੇਰ ਸਾਰੀਆਂ ਲੱਕੜੀਆਂ ਜਿਹੜੀਆਂ ਇਹਦੇ ਕੋਲ ਸੀ, ਸਭ ਲਿਆ ਕੇ ਇਹਨੇ ਧੂਣੇ ਲਾ ਦਿੱਤੇ। ਮਹਾਰਾਜ! ਦਾ ਚਿੱਤ ਪ੍ਰਸੰਨ ਹੋ ਗਿਆ, ਕਹਿੰਦੇ ਗੁਰਸਿੱਖਾ! ਦਸ ਬਈ ਪਿਆਰਿਆ! ਕੀ ਮੰਗ ਹੈ ਤੇਰੀ, ਜੋ ਇੱਛਿਆ ਹੈ ਉਹ ਦਸ, ਤੇਰੀ ਇੱਛਿਆ ਪੂਰੀ ਹੋ ਜਾਏਗੀ -

ਧਾਰਨਾ - ਤੇਰੀ ਹੋ ਗਈ ਹੈ ਪ੍ਰਵਾਨ ਕੀਤੀ ਸੇਵਾ
ਪੂਰੀ ਤੇਰੀ ਹੋ ਜਾਊ ਇੱਛਿਆ।

ਹਰਿ ਕੀ ਤੁਮ ਸੇਵਾ ਕਰਹੁ
ਦੂਜੀ ਸੇਵਾ ਕਰਹੁ ਨ ਕੋਇ ਜੀ ॥
ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ
ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ ॥
ਅੰਗ - ੪੯੦

ਸੋ ਉਸ ਵੇਲੇ ਆਪ ਕਹਿਣ ਲੱਗੇ ਕਿ ਦਸ ਭਾਈ ਕੀ ਚਾਹੀਦਾ ਹੈ ਤੈਨੂੰ, ਗੁਰੂ ਨਾਨਕ ਦੇ ਘਰ ਤੋਂ ਦਿਵਾਈਏ। ਸੰਗ ਗਿਆ, ਕਹਿਣ ਲੱਗਿਆ ਕਿ ਮੈਂ ਕਿਵੇਂ ਕਹਿ ਦੇਵਾਂ? ਕਹਿੰਦਾ, ਮਹਾਰਾਜ! ਨਾਮ ਦਾਨ ਦੀ ਦਾਤ ਚਾਹੀਦੀ ਹੈ। ਕਿਉਂਕਿ ਤੇਰੇ ਕੋਲ ਆ ਕੇ ਅਸੀਂ ਤੇਰੇ ਬਚਨ ਸੁਣੇ ਨੇ ਤੇ ਬਚਨ ਮੇਰੇ ਮਨ ਵਿਚ ਬੈਠ ਗਿਆ ਆਪ ਦਾ। ਚਾਹੇ ਮੈਂ ਕੋਈ ਚੀਜ਼ ਮੰਗਣ ਆਇਆ ਸੀ, ਪਰ ਹੁਣ ਮੈਨੂੰ ਸੋਝੀ ਹੋ ਗਈ ਹੈ।

ਧਾਰਨਾ - ਵਿਣੁ ਤੁਧ ਹੋਰ ਜੇ ਮੰਗਣਾ,
ਸਿਰ ਦੁਖਾਂ ਦੇ ਦੁਖ।

ਧਾਰਨਾ - ਉਤਰੇ ਮਨ ਕੀ ਭੁਖ,
ਦੇ ਦੇ ਨਾਮ ਸੰਤੋਖੀਆ।

ਪਾਤਸ਼ਾਹ! ਤੇਰੀ ਸ਼ਰਨ ਵਿਚ ਆ ਕੇ ਸੋਝੀ ਹੋਈ ਹੈ, ਮੰਗਾਂ ਤਾਂ ਅਸੀਂ ਬੇਅੰਤ ਮੰਗਦੇ, ਦਿਨ ਰਾਤ ਕਹਿੰਦੇ ਹਾਂ, ਦੇ ਦੇ ਦੇ ਦੇ -

ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥
ਅੰਗ - ੨

ਉਹ ਦਿੰਦਾ ਜਾਂਦਾ ਹੈ, ਇਹ ਮੰਗਦਾ ਜਾਂਦਾ ਹੈ, ਮੰਗਦਾ ਹੀ ਤੁਰਿਆ ਆਉਂਦਾ ਹੈ। ਸੋ ਮਹਾਰਾਜ ਮੰਗਾਂ ਤਾਂ ਮੁਕਦੀਆਂ ਨਹੀਂ ਆਦਮੀ ਦੀਆਂ, ਪਰ ਤੇਰੇ ਕੋਲ ਆ ਕੇ ਤਾਂ ਇੱਕੋ ਮੰਗ ਰਹਿ ਗਈ, ਉਹ ਨਾਮ ਦੀ ਮੰਗ ਹੈ। ਮਹਾਰਾਜ ਕਹਿੰਦੇ, ਨਾ ਭਾਈ ਆਦਮ! ਸਹੀ-ਸਹੀ ਦਿਲ ਦੀ ਬਾਤ ਕਹਿ, ਜੋ ਤੇਰੇ ਅੰਦਰ ਹੈ। ਚੰਗਾ ਅੱਜ ਨਹੀਂ ਕਹਿ ਸਕਦਾ, ਸਵੇਰੇ ਕਹਿ ਦੇਵੀ। ਦੂਸਰੇ ਦਿਨ ਫੇਰ ਪੁਕਾਰ ਹੋਈ ਕਿ ਕੱਲ੍ਹ ਵਾਲਾ ਗੁਰਸਿੱਖ ਦੱਸੇ ਕੀ ਮੰਗਦਾ ਹੈ, ਤਿੰਨੋਂ ਖੜ੍ਹੇ ਹੋ ਗਏ, ਲੜਕੀ ਵੀ ਹੋ ਗਈ, ਘਰਵਾਲੀ ਵੀ ਹੋ ਗਈ, ਆਪ ਵੀ ਖੜ੍ਹਾ ਹੋ ਗਿਆ। ਵਿਚਾਲੇ ਲੜਕੀ ਹੈ, ਲੜਕੀ ਨੇ ਦੋਵੇਂ ਹੱਥ ਜੋੜ ਕੇ ਕਿਹਾ ਕਿ ਪਾਤਸ਼ਾਹ! ਪਿਤਾ ਦੀ ਤੇ ਮੇਰੀ ਮਾਤਾ ਦੀ ਵੱਡੀ ਉਮਰ ਹੋਣ ਕਰਕੇ ਸੰਗਦੇ ਨੇ, ਸੱਤਰ ਸਾਲ ਦੇ ਹੋ ਗਏ ਨੇ ਤੇ ਮੈਨੂੰ ਆਗਿਆ ਹੋਵੇ ਤਾਂ ਮੈਂ ਮੰਗਾਂ। ਕਹਿੰਦਾ ਹਾਂ ਬੇਟਾ।

ਕਹਿੰਦੇ, ਮੈਨੂੰ ਇੱਕ ਵੀਰ ਦੀ ਲੋੜ ਹੈ। ਇੱਕ ਭਰਾ ਦੀ ਲੋੜ ਹੈ। ਉਸ ਵੇਲੇ ਉਨ੍ਹਾਂ ਨੇ ਵੀ ਸਿਰ ਹਿਲਾ ਦਿੱਤਾ ਕਿ ਮਹਾਰਾਜ! ਆਹੀ ਮੰਗ ਸੀ ਸਾਡੀ। ਮਹਾਰਾਜ ਕਹਿੰਦੇ, ਭਾਈ ਆਦਮ! ਤੇਰੀ ਸੇਵਾ ਬਹੁਤ ਸਫਲ ਹੈ ਤੇ ਸਾਡਾ ਮਨ ਮੰਨ ਗਿਆ। ਤੈਨੂੰ ਗੁਰੂ ਨਾਨਕ ਦੇ ਘਰੋਂ ਦਿਵਾਉਣਾ ਹੈ ਪਿਆਰਿਆ ਇੱਕ ਗੱਲ ਸੁਣ ਲੈ। ਤੂੰ ਪਿਛਲੇ ਜਨਮਾਂ 'ਚ ਇੱਕ ਕਰਮ ਕਰਿਆ ਸੀ ਜਿਸਦੇ ਕਰਕੇ ਤੇਰੇ ਸੱਤ ਜਨਮ ਪੁੱਤਰ ਨਹੀਂ ਹੋਇਆ। ਮੂੰਹ ਨਹੀਂ ਦੇਖਣਾ ਤੂੰ ਸੱਤ ਜਨਮ ਪੁੱਤਰ ਦਾ। ਪਰ ਤੂੰ ਸੇਵਾ ਕਰੀ ਹੈ, ਤੇ ਜਿਹੜੀ ਮਾੜੀ ਰੇਖਾ ਸੀ, ਉਹਦੇ ਮੁਤਾਬਿਕ ਤੇਰੇ ਪੁੱਤਰ ਨਹੀਂ ਹੋਣਾ ਸੀ। ਪਰ ਅਸੀਂ ਏਸ ਤਰ੍ਹਾਂ ਕਰ ਲੈਂਦੇ ਹਾਂ ਕਿ ਤੇਰੀ ਸੇਵਾ 'ਤੇ ਮੈਂ ਏਨਾ ਪ੍ਰਸੰਨ ਹੋਇਆ ਹਾਂ, ਸਾਡਾ ਚਿੱਤ ਐਨਾ ਪ੍ਰਸੰਨ ਹੋਇਆ ਹੈ ਕਿ ਅਸੀਂ ਆਪਣੇ ਆਉਣ ਵਾਲੇ ਪੁੱਤਰ ਨੂੰ ਜਿਹੜਾ ਸਾਡੇ ਚੌਥਾ ਪੁੱਤਰ ਹੋਣਾ ਸੀ, ਉਹਨੂੰ ਤੇਰਾ ਪੁੱਤਰ ਬਣਾ ਦਿੰਦੇ ਹਾਂ ਤੇ ਉਹਦਾ ਨਾਉਂ ਭਾਈ ਭਗਤੂ ਰੱਖੀਂ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦੀ ਸੇਵਾ ਕਰਕੇ ਗੁਰੂ ਪ੍ਰਸੰਨ ਹੋ ਜਾਵੇ, ਜੋ ਕੁਛ ਵੀ ਮੰਗੋ ਉਹ ਪ੍ਰਾਪਤ ਹੋ ਜਾਇਆ ਕਰਦਾ ਹੈ।

ਧਾਰਨਾ - ਕਰਕੇ ਕੋਈ ਵੇਖ ਲਓ,
ਸੇਵਾ ਤੋਂ ਮਿਲਦਾ ਮੇਵਾ।

ਸਮਾਂ ਪਾ ਕੇ ਕਰਨੀ ਕਮਾਈ ਵਾਲੀ ਜਨਮ ਸਿੱਧ ਪੁੱਤਰ ਭਾਈ ਭਗਤੂ ਪ੍ਰਾਪਤ ਹੋਇਆ ਤੇ ਨਾਲ ਬਰਕਤਾਂ ਵੀ ਘਰ ਵਿਚ ਆ ਗਈਆਂ। ਇਨ੍ਹਾਂ ਦੀ ਓਲਾਦ ਗੁਰੂ ਦਸ਼ਮੇਸ਼ ਪਿਤਾ ਦੇ ਨਾਲ ਰਹੀ, ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਰਹੀ ਤੇ ਉਸ ਤੋਂ ਬਾਅਦ ਕੈਥਲ ਦੇ ਰਾਜੇ ਇਨ੍ਹਾਂ ਦੀ ਓਲਾਦ ਵਿਚੋਂ ਹੋਏ ਜਿਨ੍ਹਾਂ ਨੇ ਸੂਰਜ ਪ੍ਰਕਾਸ਼ ਲਿਖਵਾਇਆ ਬੜੀ ਭਾਰੀ ਸੇਵਾ ਕਰੀ। ਜੇ ਸੂਰਜ ਪ੍ਰਕਾਸ਼ ਸਾਡੇ ਕੋਲ ਨਾ ਹੁੰਦਾ ਤਾਂ ਤਰ੍ਹਾਂ-ਤਰ੍ਹਾਂ ਦੀਆਂ ਸਾਖੀਆਂ ਬਣ ਜਾਣੀਆਂ ਸੀ ਹੁਣ ਤਕ, ਉਟ-ਪਟਾਂਗ ਕੁਛ ਤੇ ਕੁਛ ਸਾਨੂੰ ਸੁਣਨਾ ਪੈਣਾ ਸੀ। ਬੜੀ ਭਾਰ ੀ ਇਨ੍ਹਾਂ ਨੇ ਸੇਵਾ ਕਰਾਈ ਇਸ ਤਰ੍ਹਾਂ ਦੇ ਨਾਲ ਸੇਵਾ ਕਰਨ ਦੇ ਨਾਲ -

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥ ਅੰਗ - ੨੬

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ

(-----)

ਧਰੂੰ ਭਗਤ

ਸੰਤ ਵਰਿਆਮ ਸਿੰਘ ਜੀ,
ਬਾਨੀ ਵਿ. ਗੁ. ਰੂ. ਮਿਸ਼ਨ।

ਸਤਿਨਾਮ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।
ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥
ਅੰਗ - ੨੫੬

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥
ਅੰਗ - ੨੮੯

ਧਾਰਨਾ - ਹਉ ਤੁਧ ਧਿਆਇੰਦੇ,
ਤੂੰ ਰਖਵਾਲਾ ਸਦਾ ਸਦਾ।

ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ॥
ਜੀਅ ਜੰਤ ਸਭਿ ਤੇਰਿਆ ਤੂ ਰਹਿਆ ਸਮਾਈ ॥
ਜੋ ਦਾਸ ਤੇਰੇ ਕੀ ਨਿੰਦਾ ਕਰੇ
ਤਿਸੁ ਮਾਰਿ ਪਚਾਈ ॥
ਚਿੰਤਾ ਛਡਿ ਅਚਿੰਤੁ ਰਹੁ ਨਾਨਕ ਲਗਿ ਪਾਈ ॥
ਅੰਗ - ੫੧੭

ਰੋਗਨ ਤੇ ਅਰ ਸੋਗਨ ਤੇ
ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥
ਸਤਰੂ ਅਨੇਕ ਚਲਾਵਤ ਘਾਵ,
ਤਊ ਤਨ ਏਕ ਨ ਲਾਗਨ ਪਾਵੈ॥
ਰਾਖਤ ਹੈ ਅਪਨੋ ਕਰ ਦੈ ਕਰ,
ਪਾਪ ਸਮੂੰਹ ਨ ਭੇਟਨ ਪਾਵੈ॥
ਔਰ ਕੀ ਬਾਤ ਕਹਾ ਕਹ ਤੋ ਸੌਂ,
ਸੁ ਪੇਟ ਹੀ ਕੇ ਪਟ ਬੀਚ ਬਚਾਵੈ॥
(ਤ੍ਵ ਪ੍ਰਸਾਦਿ ਸ੍ਵੈਯੇ ਅਕਾਲ ਉਸਤਤਿ ਵਿੱਚੋਂ)

ਧਾਰਨਾ - ਤੂੰ ਰਖਵਾਲਾ ਸਦਾ ਸਦਾ,
ਹਉ ਤੁਧ ਧਿਆਈਂ।

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਮਹਾਰਾਜ ਜੀ ਦੀ ਪ੍ਰੇਰਨਾ ਦੇ ਨਾਲ ਪੂਰਨਮਾਸ਼ੀ ਦਾ ਦਿਹਾੜਾ ਜਾਣ ਕੇ, ਆਪ ਗੁਰੂ ਦਰਬਾਰ ਵਿੱਚ ਪਹੁੰਚੇ ਓਂ। ਜਿੰਨੇ ਕਦਮ ਕੋਈ ਚੱਲ ਕੇ ਆਉਂਦਾ ਹੈ ਓਨੇ ਯੱਗਾਂ ਦਾ ਫਲ ਓਸਨੂੰ ਪ੍ਰਾਪਤ ਹੋਇਆ ਕਰਦਾ ਹੈ। ਐਸਾ ਸਾਰਿਆਂ ਅਨੁਭਵੀ ਮਹਾਂਪੁਰਸ਼ਾਂ ਦਾ ਬਚਨ ਹੈ। ਉਹ ਫਲ ਕੀ ਕਰਦਾ ਹੈ? ਉਹ ਕਲਯੁਗ ਦੇ ਨਾਲ ਯੁੱਧ ਕਰਦਾ ਹੈ, ਕਲਯੁਗ ਨੂੰ ਨੇੜੇ ਨਹੀਂ ਆਉਣ ਦਿੰਦਾ। ਉਹਨੂੰ ਫੇਰ ਸਤਿਸੰਗ 'ਚ ਲਿਆਏਗਾ ਉਹ ਪੁੰਨ, ਫੇਰ ਲਿਆਏਗਾ, ਹੋਰ ਪੁੰਨ ਵਧਣਗੇ। ਹੌਲੀ-ਹੌਲੀ ਉਹਦੇ ਮਨ ਵਿੱਚ ਹੋ ਜਾਏਗਾ ਕਿ ਮੈਂ ਨਿਗੁਰਾ ਹਾਂ ਗੁਰੂ ਵਾਲਾ ਬਣ ਜਾਵਾਂ, ਪੰਜ ਪਿਆਰਿਆਂ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ, ਮਹਾਂਪੁਰਸ਼ਾਂ ਨੂੰ ਪੁੱਛ ਕੇ ਇਹਦੀ ਅਰਾਧਨਾ ਤੇ ਇਹਦੀ ਸਾਧਨਾ ਕਰਾਂ। ਜਿਸ ਨਾਲ ਸਾਡਾ ਵਾਹ ਪੈਂਦਾ ਹੈ ਉਹ ਕੋਈ ਐਵੇ ਹੀ ਨਹੀਂ ਹੈ, ਉਹ ਸਭ ਕੁਛ ਸੁਣਦਾ ਹੈ। ਮਹਾਰਾਜ ਕਹਿੰਦੇ -

ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ ॥
ਅੰਗ - ੫੧੭

ਹੇ ਵਾਹਿਗੁਰੂ! ਤੂੰ ਸੱਚਾ ਸਾਂਈ ਹੈਂ, ਤੇਰੇ ਕੋਲ ਮੇਰੀ ਅਰਦਾਸ ਹੈ ਹੋਰ ਮੈਂ ਕਿਤੇ ਅਰਦਾਸ ਨਹੀਂ ਕਰਦਾ, ਕਿਸੇ ਮੜ੍ਹੀ ਮਸਾਣੀ ਨੂੰ, ਕਿਸੇ ਦੇਵੀ ਦੇਵਤਾ, ਕਿਸੇ ਪੀਰ ਪੈਗੰਬਰ ਔਲੀਏ ਨੂੰ। ਮੇਰੀ ਅਰਦਾਸ ਤੇਰੇ ਕੋਲ ਹੈ। ਪਹਿਲਾਂ ਮੈਂ ਤੈਨੂੰ ਧਿਆਉਂਦਾ ਹਾਂ, ਫੇਰ ਅੱਗੇ ਹੋਰਾਂ ਦਾ ਧਿਆਨ ਧਰਦਾ ਹਾਂ, ਕਿਉਂਕਿ ਗੁਰੂ ਤੇਰਾ ਰੂਪ ਨੇ ਇਸ ਕਰਕੇ 'ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥' ਭਗਉਤੀ ਵਾਹਿਗੁਰੂ ਜੀ ਦੀ ਸ਼ਕਤੀ ਦਾ ਨਾਮ ਹੈ, ਕਿਉਂਕਿ ***'ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ ॥ ਜੀਅ ਜੰਤ ਸਭਿ ਤੇਰਿਆ ਤੂ ਰਹਿਆ ਸਮਾਈ ॥' ਅੰਗ - ੫੧੭*** ਕੋਈ ਥਾਂ ਐਸਾ ਨਹੀਂ ਜਿੱਥੇ ਮੇਰੇ ਪਿਆਰੇ ਤੂੰ ਨਾ ਹੋਵੇਂ, ਮੇਰੀ ਅਰਦਾਸ ਕਿਤੇ ਸਤਵੇਂ ਅਸਮਾਨ 'ਚ ਨਹੀਂ ਜਾ ਕੇ ਸੁਣਨੀ ਕਿ ਰਾਹ 'ਚ ਹੀ ਰਹਿ ਜਾਏਗੀ। ਜੇ ਮੈਂ ਨਾ ਵੀ ਬੋਲਾਂ ਤਾਂ ਵੀ ਤੂੰ ਜਾਣਦਾ ਹੈ -

ਵਿਣੁ ਬੋਲਿਆ ਸਭੁ ਕਿਛੁ ਜਾਣਦਾ
ਕਿਸੁ ਆਗੈ ਕੀਚੈ ਅਰਦਾਸਿ ॥ ਅੰਗ - ੧੪੨੦

ਕਿਉਂਕਿ ਹਰ ਥਾਂ ਦੇ ਉਤੇ, ਹਰ ਘਟ 'ਚ ਤੇਰਾ ਵਾਸਾ ਹੈ ਪਰ ਜਿਹੜੇ ਤੇਰੇ ਬਣ ਗਏ, ਜੇ ਕੋਈ ਉਹਦੀ ਨਿੰਦਿਆ ਕਰਦਾ ਹੈ। ਕਿਸੇ ਤਰੀਕੇ ਨਾਲ ਊਟ-ਪਟਾਂਗ ਗੱਲਾਂ ਕਰਦਾ ਹੈ। ਦੋਖੀ ਬਣਦਾ ਹੈ। ਜਿਹੜਾ ਇਸ ਤਰ੍ਹਾਂ ਕਰਦਾ ਹੈ ਉਹਨੂੰ ਫੇਰ ਗੁਰੂ ਮਾਰ ਕੇ, ਗਾਲ ਕੇ ਪਚਾ ਦਿੰਦਾ ਹੈ। ਮਹਾਰਾਜ ਕਹਿੰਦੇ ਪਿਆਰਿਓ! ਚਿੰਤਾ ਛੱਡੋ, ਅਚਿੰਤ ਰਹੋ। ਵਾਹਿਗੁਰੂ ਦੇ ਚਰਨੀਂ ਲੱਗ ਕੇ ਉਹਦੀ ਸ਼ਰਨ ਵਿਚਾਰੋ। ਇਸ ਤਰ੍ਹਾਂ ਪੜ੍ਹ ਲਓ -

ਧਾਰਨਾ - ਸ਼ਰਨ ਵਿਚਾਰੋ ਮਨ ਰੇ ਪ੍ਰਭ ਕੀ।
ਜੋ ਸਰਣਿ ਆਵੈ ਤਿਸੁ ਕੰਠਿ ਲਾਵੈ
ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - ੫੪੪

ਜਿਹੜਾ ਸਾਰੇ ਆਸਰੇ ਛੱਡ ਕੇ ਵਾਹਿਗੁਰੂ ਜੀ ਦੀ ਸ਼ਰਨ ਵਿਚ ਆ ਜਾਂਦਾ ਹੈ, ਉਹਨੂੰ ਉਹ ਬੇ-ਵਾਰਿਸਾ ਨਹੀਂ ਰਹਿਣ ਦਿੰਦਾ, ਛਾਤੀ ਨਾਲ ਲਾ ਲੈਂਦਾ ਹੈ। ਇਹ ਉਹਦਾ ਬਿਰਦ ਹੈ, ਇਹ ਵਾਹਿਗੁਰੂ ਦਾ ਸੁਭਾਅ ਹੈ, ਸੋ ਜੋ ਉਸਨੂੰ ਤੰਗ ਕਰਦਾ ਹੈ -

ਜੋ ਦਾਸ ਤੇਰੇ ਕੀ ਨਿੰਦਾ ਕਰੇ
ਤਿਸੁ ਮਾਰਿ ਪਚਾਈ ॥ ਅੰਗ - ੫੪੪

ਜਿਹੜਾ ਤੰਗ ਕਰਦਾ ਹੈ ਉਹਦੇ ਪਿਆਰੇ ਨੂੰ, ਸ਼ਰਨ 'ਚ ਆਉਣ ਤੋਂ ਬਾਅਦ, ਉਹਨੂੰ ਫੇਰ ਮਾਰ ਕੇ ਖਤਮ ਕਰ ਦਿੰਦਾ ਹੈ। ਗੁਰੂ ਮਹਾਰਾਜ ਨੇ ਸ਼ਰਨ ਦੀਆਂ ਮਿਸਾਲਾਂ ਦਿੱਤੀਆਂ ਨੇ;

ਪਹਿਲੀ ਹੈ -

ਜਿਹ ਸਿਮਰਤ ਗਨਕਾ ਸੀ ਉਧਰੀ
ਤਾ ਕੋ ਜਸੁ ਉਰ ਧਾਰੋ ॥ ਅੰਗ - ੬੩੨

ਉਹਦਾ ਜਸ ਹਿਰਦੇ 'ਚ ਧਾਰਨ ਕਰ ਲਓ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ) ਉਹ ਤਕਰੀਬਨ ਉਨ੍ਹਾਂ ਦਾ ਇਸ ਸ਼ਬਦ ਦੇ ਉਤੇ ਹੀ ਦੀਵਾਨ ਹੁੰਦਾ ਹਰ ਥਾਂ ਦੇ ਉੱਤੇ, ਕਿਤੇ-ਕਿਤੇ ਹੋਰ ਵੀ ਹੁੰਦੇ, ਸਾਡੇ ਮਨ 'ਚ ਖਿਆਲ ਆ ਜਾਣਾ ਕਿ ਇਹ ਉਥੇ ਵੀ ਸੁਣਿਆ ਹੈ, ਉਥੇ ਵੀ ਸੁਣਿਆ ਹੈ, ਸਮੇਂ ਲੰਘ ਗਏ। ਲੇਕਿਨ ਜਿਉਂ-ਜਿਉਂ ਅੰਦਰ ਤਰੱਕੀ ਹੁੰਦੀ ਗਈ ਤਿਉਂ-ਤਿਉਂ ਇਹਦਾ ਭਾਵ ਵਡੇਰਾ ਹੁੰਦਾ ਗਿਆ। ਹੁਣ ਸਮਝ ਵਿੱਚ ਆਈ ਹੈ ਗੱਲ ਕਿ ਹੈਂ! ਇਹ ਤਾਂ ਬੜਾ ਭਾਰਾ ਉਪਦੇਸ਼ ਸੀ ਛੁਪਿਆ ਹੋਇਆ। ਅਸੀਂ ਤਾਂ ਐਵੇਂ ਹੀ ਉਤੋਂ ਦੀ ਲੰਘ ਜਾਂਦੇ ਸੀ। ਸੋ ਮਹਾਰਾਜ ਕਹਿੰਦੇ ਕਿ ਜਿਹਦੇ ਸਿਮਰਨ ਦੇ ਨਾਲ ਯਾਦ ਕਰਨ ਦੇ ਨਾਲ, ਗਨਕਾ ਵਰਗੀ ਉਧਰ ਗਈ -

ਗਨਿਕਾ ਪਾਪਣ ਹੋਇਕੈ
ਪਾਪਾਂ ਦਾ ਗਲਿ ਹਾਰੁ ਪਰੋਤਾ।
ਭਾਈ ਗੁਰਦਾਸ ਜੀ, ਵਾਰ ੧੦/੨੧

ਉਹਦਾ ਜਸ ਹਿਰਦੇ 'ਚ ਧਾਰਨ ਕਰੋ -

ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ
ਅਰੁ ਨਿਰਭੈ ਪਦੁ ਪਾਇਆ ॥ ਅੰਗ - ੬੩੨

ਇੱਕ ਬੱਚਾ ਪੰਜ ਸਾਲ ਦਾ, ਦੇਖੋ ਕਿਹਾ ਜਿਹਾ ਪਿਆਰ ਹੈ। ਪੰਜ ਸਾਲ ਦਾ ਬੱਚਾ ਵਾਹਿਗੁਰੂ ਨੂੰ ਪਿਆਰ ਕਰਦਾ ਹੈ। ਭੋਲਾ ਭਾਉ ਹੈ, ਕੋਈ ਚਲਾਕੀ ਨਹੀਂ, ਸਾਡੀ ਤਾਂ ਚਲਾਕੀ ਹੀ ਸਾਨੂੰ ਵਾਹਿਗੁਰੂ ਨਾਲ ਜੁੜਨ ਨਹੀਂ ਦਿੰਦੀ। ਹਜ਼ਾਰਾਂ ਗੱਲਾਂ ਸਾਡੇ ਵਿਚ ਵਾਹਿਗੁਰੂ ਤੋਂ ਵਿਪਰੀਤ ਸਾਰਾ ਦਿਨ ਆਉਂਦੀਆਂ ਰਹਿੰਦੀਆਂ ਨੇ। ਸਾਡੇ ਮਨ 'ਚ ਉਹਦਾ ਭਰੋਸਾ ਨਹੀਂ ਅਸੀਂ ਤੜਫਦੇ ਹਾਂ, ਵਿਲਕਦੇ ਹਾਂ, ਰੌਲਾ ਪਾਉਂਦੇ ਹਾਂ, ਕਿ ਮੇਰਾ ਆਹ ਹੋ ਗਿਆ, ਆਹ ਹੋ ਗਿਆ। ਕਿਉਂਕਿ ਵਾਹਿਗੁਰੂ ਦਾ ਭਰੋਸਾ ਨਹੀਂ ਸਾਡੇ ਮਨ 'ਚ। ਉਹਦੇ ਮਨ ਵਿੱਚ ਪੂਰਾ ਭਰੋਸਾ ਸੀ ਤੇ ਭਰੋਸੇ ਨਾਲ ਉਹ ਪਦ ਪ੍ਰਾਪਤ ਹੋ ਗਿਆ ਜਿਹੜਾ ਹਾਲੇ ਤਕ ਫੇਰ ਕਿਸੇ ਨੂੰ ਮਿਲਿਆ ਹੀ ਨਹੀਂ। ਥੋੜ੍ਹੇ ਜਿਹੇ ਮਹਾਂਪੁਰਸ਼ਾਂ ਤੋਂ ਬਿਨਾਂ, ਬ੍ਰਹਮਗਿਆਨੀਆਂ ਤੋਂ ਬਿਨਾਂ, ਸਾਕਾਰ ਮੰਡਲ ਦੇ ਵਿਚ ਕਿਸੇ ਨੂੰ ਵੀ ਪ੍ਰਾਪਤ ਨਹੀਂ ਹੋਇਆ। ਫੇਰ ਕਹਿੰਦੇ -

ਦੁਖ ਹਰਤਾ ਇਹ ਬਿਧਿ ਕੋ ਸੁਆਮੀ
ਤੈ ਕਾਹੇ ਬਿਸਰਾਇਆ ॥ ਅੰਗ - ੬੩੨

ਤੂੰ ਕਿਉਂ ਭੁੱਲਿਆ ਫਿਰਦਾ ਹੈਂ ਓਸਨੂੰ। ਇਸ ਕਰਕੇ ਕਿ ਤੈਨੂੰ ਨਿਸ਼ਚਾ ਨਹੀਂ ਆਉਂਦਾ। ਅੰਦਰ ਤੇਰੇ ਸ਼ੱਕ ਦੀ ਬਹੁਤ ਵੱਡੀ ਰਾਸ ਪਈ ਹੈ। ਸ਼ੱਕ ਰਹਿੰਦਾ ਹੈ ਤੈਨੂੰ, ਭਰੋਸਾ ਨਾ ਹੋਣ ਕਰਕੇ ਮਹਾਰਾਜ ਕਹਿੰਦੇ ਕਿ ਪ੍ਰਮੇਸ਼ਰ ਵਿਸਰਿਆ ਰਹਿੰਦਾ ਹੈ। ਫੇਰ ਕਹਿੰਦੇ ਕਿ ਵਾਹਿਗੁਰੂ ਮਨੁੱਖਾਂ ਦੀ ਤਾਂ ਰਖਿਆ ਕਰਦਾ ਹੀ ਹੈ।, ਜਾਨਵਰਾਂ ਦੀ ਵੀ ਕਰਦਾ ਹੈ -

ਜਬ ਹੀ ਸਰਨਿ ਗਹੀ ਕਿਰਪਾ ਨਿਧਿ
ਗਜ ਗਰਾਹ ਤੇ ਛੂਟਾ ॥ ਅੰਗ - ੬੩੨

ਇੱਕ ਹਾਥੀ ਨੂੰ ਤੰਦੂਏ ਨੇ ਫੜ ਲਿਆ, ਡੁੱਬਣ ਲੱਗਿਆ ਤਾਂ ਧਿਆਨ ਵਾਹਿਗੁਰੂ 'ਚ ਚਲਿਆ ਗਿਆ। ਇੱਕ ਹਾਕ ਮਾਰੀ, ਅੱਧਾ ਅੱਖਰ ਹੀ ਕਿਹਾ ਸੀ ਹਾਲੇ 'ਰਾ' 'ਮ' ਨਹੀਂ ਕਹਿਆ ਸੀ ਹਾਲੇ, ਓਸੇ ਵੇਲੇ ਚਾਰ ਉਂਗਲ ਉਹਦੀ ਸੁੰਡ ਬਾਹਰ ਸੀ, ਤੰਦੂਆ ਬਹੁਤ ਤੇਜ਼ੀ ਨਾਲ ਉਹਨੂੰ ਪਾਣੀ 'ਚ ਖਿੱਚੀ ਲਈ ਜਾਂਦਾ ਸੀ। ਸੁੰਡ 'ਚ ਪਾਣੀ ਪੈ ਜਾਦਾ ਉਹਨੇ ਮਰ ਜਾਣਾ ਸੀ। ਉਸ ਵੇਲੇ ਇੱਕ ਸਕਿੰਟ ਤਾਂ ਬਹੁਤਾ ਹੁੰਦਾ ਹੈ, ਸਕਿੰਟ ਤੋਂ ਵੀ ਹਜ਼ਾਰ ਗੁਣਾਂ ਘੱਟ ਸਮੇਂ ਵਿਚ ਆ ਕੇ ਉਹਦੇ ਤੰਦ ਕੱਟਣੇ ਸ਼ੁਰੂ ਕਰ ਦਿੱਤੇ।

ਮਹਮਾ ਨਾਮ ਕਹਾ ਲਉ ਬਰਨਉ
ਰਾਮ ਕਹਤ ਬੰਧਨ ਤਿਹ ਤੂਟਾ ॥ ਅੰਗ - ੬੩੨
ਅਜਾਮਲੁ ਪਾਪੀ ਜਗੁ ਜਾਨੇ
ਨਿਮਖ ਮਾਹਿ ਨਿਸਤਾਰਾ ॥ ਅੰਗ - ੬੩੨

ਅਜਾਮਲ ਇੱਕ ਮਹਾਂਪਾਪੀ ਸੀਗਾ -

ਪਤਿਤ ਅਜਾਮਲੁ ਪਾਪ ਕਰਿ
ਜਾਇ ਕਲਾਵਤਣੀ ਦੇ ਰਹਿਆ।
ਭਾਈ ਗੁਰਦਾਸ ਜੀ, ਵਾਰ ੧੦/੨੦

ਕਹਿੰਦੇ, ਉਹਨੇ ਸਿਰਫ ਇੱਕ ਵਾਰੀ ਨਾਰਾਇਣ ਕਿਹਾ ਸੀ, ਉਹਦੇ ਨਾਲ ਹੀ ਛੁਟ ਗਿਆ -

ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ
ਕਰਿ ਨਾਰਾਇਣ ਬੋਲਾਰੇ ॥
ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ
ਜਮਕੰਕਰ ਮਾਰਿ ਬਿਦਾਰੇ ॥ ਅੰਗ - ੯੮੧

ਕਹਿੰਦੇ ਧਰੂੰ ਰਾਜਾ ਉਤਾਨਪਾਤ ਦਾ ਪੁੱਤਰ ਸੀ। ਦੋ ਰਾਣੀਆਂ ਸਨ ਉਸਦੇ, ਪਹਿਲੀ ਰਾਣੀ ਦੇ ਬਹੁਤ ਦੇਰ ਤਕ ਉਲਾਦ ਨਾ ਹੋਈ। ਰਾਜਾ 40-45 ਸਾਲ ਤੋਂ ਉਤੇ ਹੋ ਗਿਆ। ਅਮੀਰਾਂ ਵਜ਼ੀਰਾਂ ਨੇ ਕਿਹਾ ਮਹਾਰਾਜ! ਰਾਜਿਆਂ ਦਾ ਕੋਈ ਐਸਾ ਵਿਸ਼ਵਾਸ਼ ਨਹੀਂ ਹੁੰਦਾ ਕਿ ਉਹ ਕਿੰਨੀ ਦੇਰ ਜੀਉਂਦੇ ਰਹਿਣ। ਅੱਜ ਯੁੱਧ ਹੋਣ ਲਗ ਜਾਵੇ, ਰਾਜੇ ਨੇ ਅੱਗੇ ਹੋ ਕੇ ਲੜਨਾ ਹੈ, ਉਹ ਤਾਂ ਵਾਹਿਗੁਰੂ ਦੀ ਕ੍ਰਿਪਾ ਹੋਵੇ ਤਾਂ ਜਿੱਤ ਕੇ ਵਾਪਸ ਆ ਜਾਂਦਾ ਹੈ। ਜੇ ਰਾਜਕੁਮਾਰ ਅੱਗੇ ਨਾ ਹੋਵੇ ਤਾਂ ਗੱਦੀ ਸੁੰਨੀ-ਸੁੰਨੀ ਲਗਦੀ ਹੈ, ਹਨ੍ਹੇਰਾ ਲਗਦਾ ਹੈ ਕਿ ਇਨ੍ਹਾਂ ਤੋਂ ਬਾਅਦ ਕੀ ਹੋਏਗਾ, ਸਾਡਾ ਹਾਲ। ਅਖੀਰ ਸਾਰਿਆਂ ਨੇ ਸਲਾਹ ਕਰੀ ਕਿ ਮਹਾਰਾਜ ਇਸ ਰਾਣੀ ਦੇ ਪੁੱਤਰ ਨਹੀਂ ਹੋਇਆ ਤਾਂ ਹੋਰ ਸ਼ਾਦੀ ਕਰ ਲਏ। ਰਾਜਾ ਕਹਿਣ ਲੱਗਿਆ ਕਿ ਬੜੀ ਮੁਸ਼ਕਲ ਹੈ, ਰਾਣੀ ਮੈਨੂੰ ਬਹੁਤ ਪਿਆਰ ਕਰਦੀ ਹੈ, ਮੈਂ ਵੀ ਉਸ ਨੂੰ ਕਰਦਾ ਹਾਂ। ਹੋਵੇ ਪੁੱਤਰ, ਨਾ ਹੋਵੇ; ਪਰ ਮੈਂ ਉਹਦੇ ਉਤੋਂ ਦੀ ਹੋਰ ਸੌਂਕਣ ਸਾੜਾ ਖੜ੍ਹਾ ਨਹੀਂ ਕਰ ਸਕਦਾ। ਬਾਰ-ਬਾਰ ਕਹਿਣ ਦੇ ਉੱਤੇ ਰਾਜਾ ਮੰਨ ਗਿਆ, ਰਾਣੀ ਨੂੰ ਪਤਾ ਲੱਗਿਆ, ਉਹ ਬੜੀ ਚਿੰਤਾ 'ਚ ਆਈ, ਕਹਿਣ ਲੱਗੀ, ਰਾਜਨ! ਜੇ ਤੁਸੀਂ ਵਿਆਹ ਹੀ ਕਰਾਉਣਾ ਹੈ ਤਾਂ ਮੇਰੀ ਛੋਟੀ ਭੈਣ ਹੈ, ਮੈਂ ਉਹਦਾ ਰਿਸ਼ਤਾ ਲੈ ਆਉਂਦੀ ਹਾਂ, ਅਸੀਂ ਭੈਣਾਂ-ਭੈਣਾਂ ਕੱਟ ਲਵਾਂਗੀਆਂ। ਉਹਦੀ ਉਲਾਦ ਮੇਰੀ ਹੀ ਓਲਾਦ ਹੋਏਗੀ। ਰਿਸ਼ਤਾ ਲੈ ਆਈ, ਪਰ ਭੈਣ ਦਾ ਸੁਭਾਅ ਇਹਦੇ ਨਾਲੋਂ ਬਿਲਕੁਲ ਉਲਟ ਸੀ, ਈਰਖਾ ਕਰਨ ਵਾਲੀ, ਦਵੈਤ ਦੇ ਵਿੱਚ ਰਹਿਣ ਵਾਲੀ, ਵੈਰ-

ਭਾਵ ਦਿਲ 'ਚ ਰੱਖਣ ਵਾਲੀ, ਮਤਲਬੀ; ਉਹਦੇ ਮਨ 'ਚ ਹੈ ਕਿ ਮੇਰੇ ਪੁੱਤਰ ਹੋਵੇ, ਇਹਨੂੰ ਮੈਂ ਰਾਜੇ ਦੇ ਕੋਲੋਂ ਹਟਾ ਹੀ ਦੇਵਾਂ। ਜੋਤਸ਼ੀਆਂ ਨੂੰ ਨਾਲ ਰਲਾ ਲਿਆ, ਆਪ ਕਹਿਣ ਲੱਗ ਗਈ, ਜੋਤਸ਼ੀ ਕਹਿੰਦੇ ਕਿ ਮਹਾਰਾਜ! ਜਿੰਨੀ ਦੇਰ ਤਕ ਇਹ ਰਾਣੀ ਮਹਿਲਾਂ 'ਚ ਰਹੇਗੀ, ਪੁੱਤਰ ਨਹੀਂ ਹੋ ਸਕਦਾ। ਰਾਣੀ ਨੂੰ ਹੋਰ ਮਹਿਲ ਦੇ ਵਿਚ ਭੇਜ ਦਿੱਤਾ। ਕਈ ਪ੍ਰੇਮੀਆਂ ਦਾ ਖਿਆਲ ਹੈ ਕਿ ਜੰਗਲ 'ਚ ਭੇਜ ਦਿੱਤਾ ਤੇ ਇਸ ਤਰ੍ਹਾਂ ਇਹ ਇੱਥੇ ਰਹਿਣ ਲਗ ਗਈ, ਉਹ ਦੂਰ ਰਹਿਣ ਲੱਗ ਗਈ। ਪਰ ਵਾਹਿਗੁਰੂ ਜੀ ਦੀ ਕੁਦਰਤ ਉਸਦੇ ਪੁੱਤਰ ਪਹਿਲਾਂ ਹੋ ਗਿਆ। ਜਿਸਦਾ ਨਾਂ ਧਰੂੰ ਸੀ, ਇਹਦੇ ਪੁੱਤਰ ਬਾਅਦ ਵਿਚ ਹੋਇਆ ਜਿਸਦਾ ਨਾਮ ਊਧਵ ਸੀ। ਮਨ ਵਿੱਚ ਬੜਾ ਸਾੜਾ ਹੋਇਆ ਕਿ ਰਾਜਕੁਮਾਰ ਤਾਂ ਇਸਦਾ ਪੁੱਤਰ ਹੀ ਹੈ, ਮੇਰਾ ਲੜਕਾ ਤਾਂ ਕੇਵਲ ਕੰਵਰ ਹੈ, ਇਹ ਰਾਜਕੁਮਾਰ ਨਹੀਂ ਹੈ। ਐਸੇ ਯਤਨ 'ਚ ਰਹਿਣ ਲੱਗੀ ਕਿ ਇਸਦੇ ਪੁੱਤਰ ਦਾ ਮਿਲਾਪ ਰਾਜੇ ਨਾਲ ਨਾ ਹੋਣ ਦਿੱਤਾ। ਹਰ ਵਕਤ ਰਾਜੇ ਨੂੰ ਜੋਤਸ਼ੀਆਂ ਵਗੈਰਾ ਤੋਂ ਵਹਿਮ ਪੁਆ ਕੇ ਰਖਦੀ ਸੀ। ਉਹ ਮਿਲਦਾ ਹੀ ਨਹੀਂ ਸੀ। ਇੱਕ ਦਿਨ ਬਹੁਤ ਸਾਰੇ ਬੱਚੇ ਰਿਸ਼ੀ ਕੁਮਾਰਾਂ ਦੇ, ਰਾਜੇ ਦੇ ਬਾਗ ਵਿੱਚ ਆ ਗਏ, ਰਾਜਾ ਪਾਰਕ ਵਿੱਚ ਬੈਠਾ ਸੀ। ਦੇਖਿਆ ਕਿ ਰਿਸ਼ੀ ਕੁਮਾਰ ਆਏ ਨੇ, ਉਨ੍ਹਾਂ ਦੇ ਨਾਲ ਹੀ ਧਰੂੰ ਆ ਗਿਆ। ਬੱਚੇ ਬੁਲਾ ਲਏ, ਚੋਬਦਾਰ ਨੂੰ ਕਿਹਾ ਜਾਓ ਜਾ ਕੇ ਮਠਿਆਈ ਦੇ ਡੱਬੇ ਲੈ ਕੇ ਆਓ। ਬੱਚੇ ਗਿਣੋ ਕਿੰਨੇ ਨੇ, ਇਨ੍ਹਾਂ ਤੋਂ ਵੱਧ ਲੈ ਕੇ ਆਇਓ। ਉਸ ਵੇਲੇ ਬੱਚਿਆਂ ਨੂੰ ਬੁਲਾ ਕੇ ਲਾਈਨ ਲਵਾ ਲਈ। ਇੱਕੋ ਗੱਲ ਕਹਿੰਦਾ ਹੈ ਸਾਰਿਆਂ ਨੂੰ, ਕਿ ਆਹ ਲਓ ਮਠਿਆਈ, ਤੇਰੇ ਪਿਤਾ ਦਾ ਨਾਉਂ? ਬੱਚੇ ਦਸਦੇ ਨੇ ਕਿ ਫਲਾਣਾ ਮੁਨੀ, ਫਲਾਣਾ ਰਿਸ਼ੀ, ਕਿਉਂਕਿ ਰਿਸ਼ੀ ਵੀ ਵਿਆਹ ਕਰਾ ਲਿਆ ਕਰਦੇ ਸੀ, ਮੁਨੀ ਵੀ ਵਿਆਹ ਕਰਾ ਲਿਆ ਕਰਦੇ ਸੀ।

ਅਖੀਰ ਦੇ ਉਤੇ ਧਰੂੰ ਸਾਰਿਆਂ ਤੋਂ ਛੋਟਾ ਪੰਜ ਸਾਲ ਦਾ ਸੀ, ਇਹਦੀ ਜਦੋਂ ਵਾਰੀ ਆਈ। ਮਾਂ ਨੇ ਕਦੇ ਜ਼ਿਕਰ ਹੀ ਨਹੀਂ ਸੀ ਕਰਿਆ ਕਿ ਤੇਰਾ ਪਿਤਾ ਰਾਜਾ ਹੈ। ਭਾਣੇ ਵਿਚ ਰਾਜ਼ੀ ਰਹਿੰਦੀ ਸੀ। ਉਸਨੂੰ ਪੁੱਛਿਆ ਗਿਆ ਕਿ ਬੇਟਾ! ਤੇਰੇ ਪਿਤਾ ਦਾ ਨਾਂ ਕੀ ਹੈ? ਕਹਿੰਦਾ ਮਾਂ। ਕਹਿੰਦੇ ਮਾਂ ਨਹੀਂ ਪਿਤਾ? ਦੇਖਦਾ ਹੈ ਬੱਚਿਆਂ ਵਲ, ਉਹ ਕਹਿਣ ਲੱਗੇ ਇਹਨੂੰ ਪਤਾ ਨਹੀਂ ਹੈ। ਕਹਿੰਦੇ ਇਹ ਕੀਹਦਾ ਲੜਕਾ ਹੈ? ਕੁਛ ਪਤਾ ਹੈ? ਬੱਚੇ ਕਹਿਣ ਲੱਗੇ ਕਿ ਹਾਂ ਜੀ, ਸਾਡੇ ਮਾਂ ਬਾਪ ਕਹਿੰਦੇ ਹੁੰਦੇ ਨੇ ਕਿ ਰਾਜੇ ਦਾ ਲੜਕਾ ਹੈ, ਉਹਨੇ ਆਪਣੀ ਰਾਣੀ ਨੂੰ ਬਨਵਾਸ ਦੇ ਦਿੱਤਾ, ਵਣਾਂ 'ਚ ਰਹਿਣ ਵਾਸਤੇ ਭੇਜ ਦਿੱਤਾ। ਸਮਝ ਗਿਆ ਕਿ ਇਹਦੀ ਤਾਂ ਇੰਨ-ਵਿੰਨ ਮੇਰੀ ਸ਼ਕਲ ਹੈ। ਮੇਰਾ ਹੀ ਪੁੱਤਰ ਹੈ, ਪਿਆਰ ਆਇਆ, ਪਿਆਰ ਦੇ ਨਾਲ ਉਹਨੇ ਬੱਚੇ ਨੂੰ ਬੁਲਾਇਆ, ਮਠਿਆਈ ਦਾ ਡੱਬਾ ਵੀ ਦੇ ਦਿਤਾ ਤੇ ਚੁੱਕ ਕੇ ਗੋਦੀ 'ਚ ਬਿਠਾ ਲਿਆ, ਪਿਆਰ ਕਰਨ ਲੱਗ ਗਿਆ। ਉਧਰਲੇ ਪਾਸੇ ਉਹਦੇ ਮਤਰੇਈ ਮਾਂ ਚਿਕ (ਪਰਦੇ) ਵਿਚੋਂ ਦੇਖ ਰਹੀ ਸੀ। ਉਹ ਪਹਿਲਾਂ ਹੀ ਸਮਝ ਗਈ ਕਿ ਆ ਗਿਆ ਇਹ; ਜੇ ਰਾਜੇ ਨੇ ਇਹਨੂੰ ਪਿਆਰ ਕਰ ਲਿਆ ਤਾਂ ਮੇਰਾ ਪੁੱਤਰ ਤਾਂ ਗਿਆ। ਇਹ ਤਖਤ 'ਤੇ ਬੈਠੇਗਾ, ਕਿਉਂਕਿ ਈਰਖਾ ਦੀ ਬੀਮਾਰੀ ਬਹੁਤ ਬੁਰੀ ਹੈ। ਮਹਾਰਾਜ ਕਹਿੰਦੇ, ਜਿਹਦੇ ਅੰਦਰ ਈਰਖਾ ਹੋਵੇ, ਉਹਦਾ ਕਦੇ ਵੀ ਭਲਾ ਨਹੀਂ ਹੋ ਸਕਿਆ ਕਰਦਾ।

ਜਿਸੁ ਅੰਦਰਿ ਤਾਤਿ ਪਰਾਈ ਹੋਵੈ
ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ - ੩੦੮

ਉਹਦਾ ਭਲਾ ਨਹੀਂ ਹੁੰਦਾ, ਅੱਜ ਕੀ ਹੈ? ਨਿਗ੍ਹਾ ਮਾਰ ਕੇ ਦੇਖ ਲਓ, ਸਾਰੇ ਈਰਖਾ ਦੇ ਬੀਮਾਰ ਹਾਂ। ਸੰਤ ਨੂੰ ਸੰਤ ਦੀ ਈਰਖਾ ਹੈ, ਦੁਕਾਨਦਾਰ ਨੂੰ ਦੁਕਾਨਦਾਰ ਦੀ ਈਰਖਾ ਹੈ, ਟਰਾਂਸਪੋਟਰ ਨੂੰ ਟਰਾਂਸਪੋਰਟ ਦੀ ਈਰਖਾ ਹੈ, ਦੋ ਭਰਾ ਘਰ 'ਚ ਰਹਿੰਦੇ ਨੇ, ਦੋਹਾਂ ਦੇ ਵਿਚ ਆਪ ਵਿਚ ਈਰਖਾ ਹੈ। ਭਾਈਚਾਰੇ ਨਾਲ ਈਰਖਾ ਹੈ, ਈਰਖਾ ਨੇ ਬੀਮਾਰ ਕਰ ਦਿਤੇ। ਇਹਦਾ ਇਲਾਜ ਨਹੀਂ ਅਸੀਂ ਕਰਦੇ, ਮਹਾਰਾਜ ਕਹਿੰਦੇ, ਇਹਦਾ ਇਲਾਜ ਹੈ ਸਾਧੂ ਦੀ ਸੰਗਤ।

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ
॥ ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥
ਅੰਗ - ੧੨੯੯

ਉਹ ਈਰਖਾ ਦੇ ਬੀਮਾਰ ਤਪ ਰਹੀ ਹੈ, ਲਾਲ ਸੁਰਖ ਚਿਹਰਾ ਹੋਇਆ ਪਿਆ ਹੈ। ਜਦੋਂ ਰਾਜੇ ਨੇ ਗੋਦੀ 'ਚ ਬਿਠਾਲ ਲਿਆ, ਬਹੁਤ ਕਾਹਲੀ ਨਾਲ ਆਈ ਆ ਕੇ ਰਾਜੇ ਦੇ ਗੋਦੀ 'ਚੋਂ ਬੱਚੇ ਦੀ ਬਾਂਹ ਫੜੀ, ਛੋਟਾ ਬੱਚਾ ਸੀ, ਤਕੜੀ ਸੀ, ਵਗਾਹ ਕੇ ਮਾਰਿਆ। ਇੱਥੇ ਹੀ ਬੱਸ ਨਹੀਂ ਕਰੀ, ਉਹ ਬੱਚਾ ਸੰਭਲਿਆ, ਖੜ੍ਹਾ ਹੋ ਗਿਆ, ਖੱਬੇ ਹੱਥ ਦੀ ਚਪੇੜ ਸੱਜੀ ਗੱਲ੍ਹ 'ਤੇ ਤੇ ਸੱਜੇ ਹੱਥ ਦੀ ਚਪੇੜ ਖੱਬੀ 'ਤੇ, ਐਨੇ ਜ਼ੋਰ ਦੀਆਂ ਮਾਰੀਆਂ, ਪੰਜੇ ਉਂਗਲਾਂ ਦਾ ਨਿਸ਼ਾਨ ਪੈ ਗਿਆ। ਬੱਚਾ ਰੋਣ ਲਗ ਗਿਆ, ਬਾਕੀ ਦੂਜੇ ਸਾਰੇ ਬੱਚੇ ਇਹਨੂੰ ਲੈ ਕੇ ਆ ਗਏ, ਘਰ ਆਇਆ ਤਾਂ ਮਾਤਾ ਨੇ ਦੇਖਿਆ ਕਿ ਰੋ ਰਿਹਾ ਹੈ, ਮੇਰਾ ਬੱਚਾ, ਇਹ ਤਾਂ ਕਦੇ ਕਿਸੇ ਨੂੰ ਛੇੜਦਾ ਨਹੀਂ, ਕਦੇ ਕੋਈ ਗਲਤ ਗੱਲ ਨਹੀਂ ਕਰਦਾ, ਹੋਇਆ ਕੀ? ਪੁੱਛਿਆ ਬੱਚਿਆਂ ਨੂੰ ਕਹਿਣ ਲੱਗੇ ਸਾਨੂੰ ਤਾਂ ਪਤਾ ਨਹੀਂ, ਅਸੀਂ ਰਾਜੇ ਦੇ ਗਏ ਸੀ। ਕਹਿੰਦੀ ਫੇਰ ਕੀ ਹੋਇਆ? ਕਹਿੰਦਾ, ਮਾਂ! ਮੈਂ ਕੋਈ ਐਸੀ ਗੱਲ ਨਹੀਂ ਕਰੀ, ਉਹ ਰਾਜਾ ਜਿਹੜਾ ਹੈ ਉਸਨੇ ਮੈਨੂੰ ਗੋਦੀ 'ਚ ਬਿਠਾਲ ਲਿਆ ਤੇ ਕਹਿਣ ਲੱਗਿਆ ਕਿ ਇਹ ਤਾਂ ਮੇਰਾ ਪੁੱਤਰ ਹੈ, ਇੱਕ ਬੀਬੀ ਆਈ, ਚਿਕ ਦੇ ਉਹਲੇ ਖੜ੍ਹੀ ਸਾਨੂੰ ਦੇਖ ਰਹੀ ਸੀ। ਉਹਨੇ ਆਉਂਦੀ ਨੇ ਮੇਰਾ ਮੋਢਾ ਫੜਿਆ ਤੇ ਮੈਨੂੰ ਸੁੱਟ ਦਿੱਤਾ ਧਰਤੀ 'ਤੇ ਅਤੇ ਨਾਲ ਮੇਰੇ ਦੋ ਚਪੇੜਾਂ ਮਾਰੀਆਂ। ਇੱਕ ਗੱਲ ਉਹਨੇ ਹੋਰ ਕਹੀ ਕਿ ਜੇ ਇਸ ਗੋਦੀ 'ਚ ਬੈਠਣਾ ਸੀ ਤਾਂ ਓਸ ਨਿਕਰਮੋ ਦੇ ਪੇਟ 'ਚੋਂ ਪੈਦਾ ਹੋਇਆ, ਮੇਰੇ ਪੇਟ 'ਚੋਂ ਪੈਦਾ ਹੁੰਦਾ, ਫੇਰ ਤੂੰ ਇਸ ਗੋਦੀ 'ਚ ਬੈਠ ਸਕਦਾ ਸੀ, ਤੇਰੀ ਕਿਵੇਂ ਜੁਰੱਅਤ ਪਈ ਇੱਥੇ ਆ ਕੇ ਬੈਠਣ ਦੀ। ਮਾਤਾ! ਉਸਨੇ ਬਹੁਤ ਕੁਬੋਲ ਵੀ ਕਹੇ ਤੇ ਮੇਰੇ ਚਪੇੜਾਂ ਵੀ ਮਾਰੀਆਂ। ਮੈਂ ਤਾਂ ਕੋਈ ਗਲਤੀ ਨਹੀਂ ਸੀ ਕਰੀ। ਮਾਂ ਵੀ ਰੋਣ ਲਗ ਗਈ। ਬੱਚਾ ਕਹਿਣ ਲੱਗਿਆ, ਮਾਤਾ! ਤੈਨੂੰ ਤਾਂ ਮਾਰਿਆ ਨਹੀਂ ਕਿਸੇ ਨੇ, ਤੂੰ ਕਿਉਂ ਰੋਂਦੀ ਹੈਂ, ਕਹਿਣ ਲੱਗੀ ਬੇਟਾ! ਉਹ ਤੇਰਾ ਪਿਤਾ ਹੀ ਹੈ। ਉਹ ਮਾਰਨ ਵਾਲੀ ਤੇਰੀ ਮਾਸੀ ਹੈ। ਮੈਂ ਤਾਂ, ਤਾਂ ਰੋਂਦੀ ਹਾਂ ਕਿ ਕਿਹੋ ਜਿਹੇ ਕਰਮ ਲੈ ਕੇ ਅਸੀਂ ਜੰਮੇ ਹਾਂ। ਰਾਜੇ ਦਾ ਲੜਕਾ ਹੁੰਦਾ ਹੋਇਆ ਤੂੰ ਰਾਜ ਗੱਦੀ ਤੋਂ ਖਾਲੀ ਹੈਂ, ਉਹ ਕਹਿਣ ਲੱਗਿਆ, ਮਾਤਾ! ਕੀ ਕਸਰ

ਰਹਿ ਗਈ। ਕਸਰ ਰਹਿ ਗਈ ਕਿ ਤੂੰ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ, ਮੈਂ ਵੀ ਤਪ ਨਹੀਂ ਕਰਿਆ। ਰਾਜੇ ਦੇ ਤਾਂ ਅਸੀਂ ਆ ਗਏ, ਪਰ ਉਹ ਸਹੂਲਤਾਂ ਨਾ ਸਾਨੂੰ ਮਿਲੀਆਂ, ਹੱਕ ਨਾ ਸਾਨੂੰ ਮਿਲੇ। ਤੂੰ ਵੀ ਪਿਛਲੇ ਜਨਮ ਵਿੱਚ ਭਗਤੀ ਨਹੀਂ ਕਰੀ, ਤੇਰਾ ਵੀ ਤਪ ਘੱਟ ਹੈ, ਮੈਂ ਵੀ ਭਗਤੀ ਨਹੀਂ ਕਰੀ -

ਧਾਰਨਾ - ਲਾਲ ਵੇ! ਭਗਤੀ ਨਾ ਕੀਤੀ ਰੱਬ ਦੀ,
ਤਾਹੀਓਂ ਹੋਇਆ ਨਿਰਾਦਰ ਤੇਰਾ।

ਡੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ
ਕਿ ਸੁਰੀਤਾ? ਸਾਵਾਣੀ ਹਾਂ ਜਨਮ ਦੀ
ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ।
ਭਾਈ ਗੁਰਦਾਸ ਜੀ, ਵਾਰ ੧੦/੧

ਕਹਿਣ ਲੱਗਿਆ, ਹੇ ਮਾਂ! ਤੂੰ ਰਾਣੀ ਹੈਂ ਕਿ ਗੋਲੀ ਸੀ? ਕਹਿਣ ਲੱਗੀ, ਮੈਂ ਸੁਆਣੀ ਹਾਂ ਜਨਮ ਦੀ, ਮੈਂ ਰਾਜੇ ਦੀ ਲੜਕੀ ਹਾਂ, ਵਿਆਹ ਮੇਰਾ ਤੇਰੇ ਪਿਤਾ ਨਾਲ ਹੋਇਆ ਸੀ, ਪਰ ਪ੍ਰਮੇਸ਼ਰੂ ਦਾ ਨਾਮ ਨਹੀਂ ਜਪਿਆ, ਭਗਤੀ ਦਾ ਕੋਈ ਕਰਮ ਨਹੀਂ ਕਰਿਆ। ਕਹਿਣ ਲੱਗਿਆ, ਫੇਰ ਆਪਾਂ ਨੂੰ ਰਾਜ ਮਿਲਣਾ ਹੀ ਨਹੀਂ? ਜੇ ਮਿਲਣਾ ਹੈ ਤਾਂ ਮੈਨੂੰ ਦੱਸ ਕਿਵੇਂ ਸਾਨੂੰ ਰਾਜ ਮਿਲ ਸਕਦਾ ਹੈ? ਤੇ ਜਿਹੜੇ ਸਾਡੇ ਨਾਲ ਦੁਸ਼ਮਣੀਆਂ ਕਰਦੇ ਨੇ, ਇਹ ਕਿਵੇਂ ਮਿੱਤਰ ਹੋ ਸਕਦੇ ਨੇ?

ਕਿਸੁ ਉਦਮ ਤੇ ਰਾਜੁ ਮਿਲੈ
ਸਤਰੂ ਤੇ ਸਭ ਹੋਵਨਿ ਮੀਤਾ।
ਭਾਈ ਗੁਰਦਾਸ ਜੀ, ਵਾਰ ੧੦/੧

ਮਾਂ ਕਹਿਣ ਲੱਗੀ, ਬੇਟਾ! ਜਿਸ ਨੇ ਇਸ ਸੰਸਾਰ ਨੂੰ ਬਣਾਇਆ ਹੈ, ਉਹ ਪ੍ਰੀਪੂਰਨ ਵਾਹਿਗੁਰੂ ਸਾਰਿਆਂ ਦਾ ਰਾਖਾ ਹੈ। ਹਰੇਕ ਦੀ ਗੱਲ ਸੁਣਦਾ ਹੈ, ਕੀੜੀ ਦੀ ਵੀ ਗੱਲ ਸੁਣਦਾ ਹੈ।

ਹਾਥੀ ਕੀ ਚਿੰਘਾਰ ਪਲ ਪਾਛੈ ਪਹੁਚਤ ਤਾਹਿ।
ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ।

ਹਾਥੀ ਦੀ ਚਿੰਘਾਰ ਤਾਂ ਪਿੱਛੋਂ ਪਹੁੰਚਦੀ ਹੈ, ਕੀੜੀ ਦੀ ਪੁਕਾਰ ਪਹਿਲਾਂ ਹੀ ਸੁਣ ਲੈਂਦਾ ਹੈ ਪ੍ਰਮੇਸ਼ਰ, ਐਹੋ ਜਿਹਾ ਵਾਹਿਗੁਰੂ ਹੈ। ਉਹ ਸਾਰੀਆਂ ਚੀਜ਼ਾਂ ਦਾ ਦਾਤਾ ਹੈ। ਜੋ ਮੰਗਿਆ ਜਾਵੇ, ਓਹੀ ਉਸ ਤੋਂ ਮਿਲ ਜਾਇਆ ਕਰਦਾ ਹੈ। ਉਹਦੇ ਨਾਲ ਉਹਦਾ ਨਾਮ ਜਪਣਾ ਪੈਂਦਾ ਹੈ, ਰਾਜ ਕਹੇਂਗਾ ਉਹ ਪ੍ਰਾਪਤ ਹੋ ਜਾਏਗਾ।

ਧਾਰਨਾ - ਸੇਵ ਹਰਿ ਕੇ ਚਰਨ ਰਸਾਇਣ ਜੀ,
ਜੋ ਜੋ ਮਾਂਗਹਿ ਸੋਈ ਸੋਈ ਪਾਵੈ।

ਜੋ ਵੀ ਕੋਈ ਦੁਨੀਆਂ ਦੀ ਚੀਜ਼ ਹੈ ਉਹ ਪ੍ਰਾਪਤ ਹੋ ਜਾਇਆ ਕਰਦੀ ਹੈ -

ਜਨਮ ਮਰਣ ਦੁਹਹੂ ਤੇ ਛੂਟਹਿ
ਭਵਜਲੁ ਜਗਤੁ ਤਰਾਇਣ ॥ ਅੰਗ - ੭੧੪

ਇੱਥੇ ਤਕ ਕਿ ਜਨਮ ਮਰਨ ਦਾ ਚੱਕਰ ਜੋ ਇਸ ਜੀਵ ਦੇ ਗਲ ਪਿਆ ਹੋਇਆ ਹੈ, ਉਹ ਵੀ ਟੁੱਟ ਜਾਣਾ ਹੈ। ਸੋ ਬੇਟਾ! ਆਪਾਂ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ, ਉਹ ਸਾਡੇ ਚਿੱਤ ਵਿਚ ਨਹੀਂ ਵਸਿਆ। ਜੇ ਉਹ ਮੇਰੇ ਚਿੱਤ ਵਿਚ ਜਾਂ ਤੇਰੇ ਚਿੱਤ ਵਿਚ ਵਸਿਆ ਹੁੰਦਾ ਤਾਂ ਅੱਜ ਇਹ ਦਿਨ ਨਾ ਤੈਨੂੰ ਦੇਖਣੇ ਪੈਂਦੇ ਨਾ ਮੈਨੂੰ ਦੇਖਣੇ ਪੈਂਦੇ। ਪਰ ਜੇ ਤੂੰ ਪ੍ਰਮੇਸ਼ਰ ਦੀ ਆਰਾਧਣਾ ਕਰੇਂ ਤਾਂ ਪਵਿੱਤਰ ਵੀ ਹੋ ਜਾਈਦਾ ਹੈ ਤੇ ਵੱਡੀ ਤੋਂ ਵੱਡੀ ਪਦਵੀ ਵੀ ਪ੍ਰਾਪਤ ਹੋ ਜਾਇਆ ਕਰਦੀ ਹੈ -

ਧਾਰਨਾ - ਨਿਹਚਲ ਹੋ ਜਾਏ ਰਾਜ,
ਜੇ ਚਿੱਤ ਆ ਜਾਏ ਪ੍ਰਭ ਜੀ ਪਿਆਰਾ।

ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥
ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥
ਸੁਆਰਥੁ ਸੁਆਉ ਨ ਕੋ ਕਰੇ
ਨਾ ਕਿਛੁ ਹੋਵੈ ਕਾਜੁ ॥
ਚਿਤਿ ਆਵੈ ਓਸੁ ਪਾਰਬ੍ਰਹਮੁ
ਤਾ ਨਿਹਚਲੁ ਹੋਵੈ ਰਾਜੁ ॥ ਅੰਗ - ੭੦

ਇੱਕ ਵੀ ਰੁਪਿਆ ਨਾ ਹੋਵੇ, ਇਕ ਵੀ ਪੈਸਾ ਨਾ ਹੋਵੇ, ਕਮਜ਼ੋਰ ਹੋਵੇ ਬੰਦਾ, ਜੇ ਕੋਈ ਕੰਮ ਕਰਦਾ ਹੈ, ਮਿੱਟੀ ਬਣ ਜਾਂਦਾ ਹੋਵੇ; ਬੇਅੰਤ ਪ੍ਰੇਮੀ ਨੇ ਮੇਰੇ ਕੋਲ ਸ਼ਿਕਾਇਤਾਂ ਕਰਦੇ ਨੇ ਕਿ ਜੀ ਕਾਰੋਬਾਰ ਕਰਦੇ ਹਾਂ, ਹੋ ਨਹੀਂ ਰਿਹਾ ਹੈ ਸਾਡੇ ਕਾਰੋਬਾਰ ਨੂੰ। ਮਹਾਰਾਜ ਕਹਿੰਦੇ ਹੋਇਆ ਨਹੀਂ ਕੁਛ, ਤੂੰ ਪ੍ਰਮੇਸ਼ਰ ਨੂੰ ਭੁੱਲ ਗਿਆ। ਚਿੱਤ 'ਚ ਨਹੀਂ ਹੈ ਤੇਰੇ ਉਤੋਂ-ਉਤੋਂ ਰੱਬ-ਰੱਬ ਕਰਦਾ ਹੈਂ। ਚਿੱਤ 'ਚ ਵਸਾ ਲੈ। ਜੇ ਚਿੱਤ ਆ ਜਾਏ, ਸੁਣ ਕਿੰਨੇ ਫਾਇਦੇ ਨੇ। ਸਾਰੀ ਦੁਨੀਆਂ ਸੁੱਖਾਂ ਦੀ ਤਲਾਸ਼ ਵਿਚ ਹੈ, ਪਰ ਕਿਸੇ ਨੂੰ ਵੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਬੇਅੰਤ ਯਤਨ ਕਰਦੇ ਕੋਈ ਕਹਿੰਦਾ ਹੈ ਕਿ ਮੇਰੇ ਪੁੱਤਰ ਹੋ ਜਾਏ, ਫੇਰ ਸੁਖ ਹੋਏਗਾ। ਕੋਈ ਕਹਿੰਦਾ ਹੈ ਕਿ ਮੇਰਾ ਪੁੱਤਰ ਪੜ੍ਹ ਲਿਖ ਜਾਵੇ, ਫੇਰ ਸੁਖ ਹੋਏਗਾ, ਮੇਰਾ ਪੁੱਤਰ ਚੰਗੀ ਨੌਕਰੀ 'ਤੇ ਲਗ ਜਾਵੇ, ਫੇਰ ਸੁਖ ਹੋਏਗਾ, ਵਿਆਹਿਆ ਜਾਏ ਫੇਰ ਸੁਖ ਆ ਜਾਏਗਾ; ਇਹਦੇ ਅੱਗੇ ਫੇਰ ਉਵੇਂ ਜਿਵੇਂ ਉਲਾਦ ਹੋ ਜਾਏ, ਫੇਰ ਸੁਖ ਹੋਏਗਾ। ਸੁੱਖ ਦੀ ਤਲਾਸ਼ ਵਾਸਤੇ ਆਦਮੀ ਥਾਂ-ਥਾਂ 'ਤੇ ਭਟਕਦਾ ਫਿਰਦਾ। ਸਮੁੰਦਰਾਂ ਦੇ ਥੱਲੇ ਜਾਂਦਾ ਹੈ, ਪਹਾੜਾਂ ਦੇ ਪੇਟ ਵਿੱਚ ਜਾ ਕੇ, ਖੋਲ੍ਹਾਂ ਕੱਢਦਾ ਹੈ, ਹੋਰ ਚੀਜ਼ਾਂ ਕੱਢਦਾ ਹੈ। ਨਿੱਤ ਨਵੀਆਂ ਖੋਜਾਂ ਕੱਢਦਾ ਹੈ ਕਿ ਸੁੱਖ ਮਿਲ ਜਾਵੇ। ਮਹਾਰਾਜ ਕਹਿੰਦੇ, ਪਿਆਰਿਆ! ਸੁਖ ਦਾ ਫਾਰਮੂਲਾ ਜਿੰਨਾਂ ਚਿਰ ਤੈਨੂੰ ਨਹੀਂ ਆਉਂਦਾ, ਜਿੰਨਾਂ ਤੇਰਾ ਜੀਅ ਕਰਦਾ ਹੈ ਖਪ ਲੈ, ਸੁਖ ਦੀ ਪ੍ਰਾਪਤੀ ਕਦੇ ਨਹੀਂ ਹੋਏਗੀ। ਜੇ ਵਾਹਿਗੁਰੂ ਚਿੱਤ ਨਹੀਂ ਆਉਂਦਾ ਤਾਂ ਸੁੱਖ ਦੀ ਪ੍ਰਾਪਤੀ ਤਾਂ ਇੱਕ ਪਾਸੇ ਰਹਿ ਗਈ, ਫੇਰ ਉਹਦੀ ਜਿਹੜੀ ਹਾਲਤ ਹੈ ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ।

ਧਾਰਨਾ - ਵਿਸਟਾ ਕੇ ਕੀੜੇ ਜੀ,
ਸੋ ਪ੍ਰਭ ਚਿੱਤ ਨਾ ਆਵਈ।

ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥
ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥
ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥
ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥
ਬਿਨੁ ਹਰਿ ਨਾਮ ਨ ਸਾਂਤਿ ਹੋਇ

ਕਿਤੁ ਬਿਧਿ ਮਨੁ ਧੀਰੇ ॥ ਅੰਗ - ੨੦੨

ਕਿੰਨੇ ਹੀ ਸੁਖ ਕਿਉਂ ਨਾ ਹੋਣ, ਸੁੰਦਰ ਸੇਜ, ਅਨੇਕ ਸੁੱਖ, ਸੁੱਖਾਂ ਦੀ ਕੋਈ ਗਿਣਤੀ ਨਾ ਹੋਵੇ, ਸਾਰੇ ਰਸਾਂ ਨੂੰ ਭੋਗ ਸਕਦਾ ਹੋਵੇ। ਘਰ ਦੇ ਵਿਚ ਸੋਨੇ ਨਾਲ ਸਜਾਵਟ ਕੀਤੀ ਹੋਈ ਹੈ, ਉਥੇ ਹੀਰੇ ਜਵਾਹਾਰਾਤ ਲਟਕ ਰਹੇ ਨੇ ਛੱਤ ਦੇ ਨਾਲ। ਬਹੁਤ ਹੀ ਰੰਗਾਂ-ਰੰਗਾਂ ਦੇ ਸ਼ੀਸ਼ੇ ਲਾਏ ਹੋਏ ਨੇ। ਚੰਦਨ ਦੀਆ ਸੁਗੰਧੀਆ ਦੂਰ-ਦੂਰ ਤਕ ਆਉਂਦੀਆਂ ਨੇ, ਜੋ ਮਨ ਦੇ ਵਿਚ ਆ ਗਿਆ ਉਹਨੂੰ ਸੁੱਖ ਦੀ ਪ੍ਰਾਪਤੀ ਹੋ ਗਈ, ਕੋਈ ਕਮੀ ਨਾ ਹੋਵੇ ਕਿਸੇ ਸੁੱਖ ਤੋਂ, ਕਿਸੇ ਕਿਸਮ ਦੀ ਬੀਮਾਰੀ ਨਾ ਹੋਵੇ, ਪਰ ਜੇ ਵਾਹਿਗੁਰੂ ਦਾ ਨਾਮ ਚਿੱਤ ਨਹੀਂ ਆਉਂਦਾ, ਕਹਿੰਦੇ -

ਬਿਨੁ ਹਰਿ ਨਾਮ ਨ ਸਾਂਤਿ ਹੋਇ
ਕਿਤੁ ਬਿਧਿ ਮਨੁ ਧੀਰੇ ॥ ਅੰਗ - ੨੦੨

ਬਿਨਾਂ ਨਾਮ ਤੋਂ ਮਨ ਵਿਚ ਸ਼ਾਂਤੀ ਨਹੀਂ ਆਉਂਦੀ, ਜਿਸ ਦੇ ਮਨ ਵਿਚ ਸ਼ਾਂਤੀ ਹੈ, 'ਨਾਮ' ਵਸਿਆ ਹੋਇਆ ਹੈ, ਉਹ ਰਾਜੇ ਦਾ ਰਾਜਾ ਹੁੰਦਾ, ਮਹਾਰਾਜ ਕਹਿੰਦੇ, ਬਿਘਨ ਤਾਂ ਆਉਂਦੇ ਨੇ ਜੇ ਨਾਮ ਨੂੰ ਭੁੱਲਦਾ ਹੈ, ਨਾਮ ਨੂੰ ਯਾਦ ਕਰ ਲਓ, ਕਦੇ ਬਿਘਨ ਨਹੀਂ ਆਇਆ ਕਰਦੇ। ਨਾਮ ਜਪ ਲਓ, ਨਾਮ ਜਪ ਕੇ ਬਿਘਨਾਂ ਦਾ ਖਾਤਮਾ ਹੋ ਜਾਂਦਾ ਹੈ। ਉਹ ਵਿਲਕਦਾ ਰਹਿੰਦਾ ਹੈ ਜਿਵੇਂ ਸੁੰਨੇ ਘਰ ਵਿਚ ਕਾਂ, ਕਾਂ-ਕਾਂ ਕਰਦਾ ਹੈ। ਕਿਉਂਕਿ ਉਹਨੂੰ ਖਾਣ ਨੂੰ ਕੁਛ ਨਹੀਂ ਮਿਲਦਾ। ਇਸੇ ਤਰ੍ਹਾਂ ਦਿਨ ਤੇ ਰਾਤ ਵਿਲਕਦਾ ਹੈ, ਉਲਾਂਭੇ ਦਿੰਦਾ ਹੈ ਕਿ ਮੇਰੇ ਕੋਲ ਆਹ ਨਹੀਂ, ਮੇਰੇ ਕੋਲ ਉਹ ਨਹੀਂ, ਕਿਉਂਕਿ ਬਿਘਨ ਲਗ ਗਏ। ਬਿਘਨ ਲੱਗੇ ਤਾਂ, ਵਾਹਿਗੁਰੂ ਨੂੰ ਭੁਲਿਆ। -

ਕੋਟਿ ਬਿਘਨ ਤਿਸੁ ਲਾਗਤੇ
ਜਿਸ ਨੋ ਵਿਸਰੈ ਨਾਉ ॥
ਨਾਨਕ ਅਨਦਿਨੁ ਬਿਲਪਤੇ
ਜਿਉ ਸੁੰਞੈ ਘਰਿ ਕਾਉ ॥ ਅੰਗ - ੫੨੨

ਸੋ ਮਹਾਰਾਜ ਕਹਿੰਦੇ ਜਿਹੜਾ ਨਾਮ ਨਹੀਂ ਨਾ ਜਪਦਾ, ਉਹ ਬੰਦਾ ਵਿਚਾਰ ਕਰੋ। 83 ਲੱਖ, 99 ਹਜ਼ਾਰ, 999 ਜੂਨਾਂ ਵਿਚ ਸਰੀਰ ਧਾਰਨ ਕਰੇ। ਅਨੇਕ ਕਿਸਮ ਦੇ ਸਰੀਰ ਧਾਰਨ ਕਰੇ, ਐਉਂ ਪੜ੍ਹ ਲਓ -

ਧਾਰਨਾ - ਕੇਤੇ ਨਾਗ ਕੁਲੀ ਮਹਿ ਆਏ,
ਕੇਤੇ ਪੰਖ ਉਡਾਏ ਨੇ।

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬
ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥
ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥
ਅੰਗ - ੧੫੬

ਨਾਗਾਂ ਦੀਆਂ 360 ਕੁਲਾਂ, ਉਹਦੇ ਵਿਚ ਹੀ ਰੰਗ-ਸੁਵੰਨੇ ਨਾਗ ਬਣੇ, ਕਿਤੇ ਬਹੁਤ ਜ਼ਹਿਰੀਲੇ, ਕਿਤੇ ਥੋੜ੍ਹੀ ਜ਼ਹਿਰ ਵਾਲੇ, ਬਹੁਤ ਵੱਡੇ-ਵੱਡੇ ਕੱਦ ਵਾਲੇ। ਮਹਾਰਾਜ ਕਹਿੰਦੇ -

ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬

ਜੇ ਨਹੀਂ ਪ੍ਰਮੇਸ਼ਰ ਦੇ ਨਾਮ ਵਲ ਲਗਦਾ ਜੀਵ। ਮਹਾਰਾਜ ਕਹਿੰਦੇ ਉਹ ਘਾਤ ਕਰ ਰਿਹਾ ਹੈ, ਹੱਤਿਆ ਕਰ ਰਿਹਾ ਹੈ। ਛੇ ਹੱਤਿਆਂ ਹੁੰਦੀਆਂ ਨੇ।

ਜਦੋਂ ਗੁਰ ਨਾਨਕ ਸਾਹਿਬ ਕਾਹਬਾ ਸ਼ਰੀਫ ਮੱਕੇ ਵਿਚ ਗਏ, ਉਥੇ ਗੁਰੂ ਮਹਾਰਾਜ ਜੀ ਨੂੰ ਪੁੱਛਿਆ ਗਿਆ, ਰੁਕਨਦੀਨ ਨੇ ਸਵਾਲ ਕਰਿਆ ਕਿ ਹੇ ਨਾਨਕ! ਜੇ ਸੰਸਾਰ ਦੇ ਵਿੱਚ ਗੁਨਾਹ ਕੀਤੇ ਜਾਂਦੇ ਨੇ, ਇਹ ਛੋਟੇ ਵੱਡੇ ਵੀ ਹੁੰਦੇ ਨੇ ਮਹਾਰਾਜ ਕਹਿੰਦੇ ਹਾਂ। ਦੋ ਤਰ੍ਹਾਂ ਦੇ ਹੁੰਦੇ ਨੇ ਇੱਕ ਤਾਂ ਐਵੇਂ ਹੀ ਗੁਨਾਹ ਹੋ ਜਾਂਦਾ ਹੈ ਜਿਹੜਾ ਕਰਨਾ ਨਹੀਂ ਅਸੀਂ ਚਾਹੁੰਦੇ। ਕੀੜੇ ਤੁਰੇ ਜਾ ਰਹੇ ਨੇ, ਉਤੇ ਨੂੰ ਡੰਡੀ ਦੇ ਪੈਰ ਧਰ-ਧਰ ਕੇ ਮਸਲਦੇ ਤੁਰੇ ਜਾ ਰਹੇ ਨੇ। ਪਤਾ ਨਹੀਂ ਹੁੰਦਾ ਬੇਸੁਰਤੀ 'ਚ ਆਦਮੀ ਤੁਰਿਆ ਜਾ ਰਿਹਾ ਹੈ। ਇਹਨੂੰ ਅਚੇਤ ਕਹਿੰਦੇ ਨੇ, ਸਹਿਜ ਸੁਭਾਅ ਪਾਪ ਕਰ ਦੇਣਾ। ਦੂਸਰੇ ਹੁੰਦੇ ਨੇ ਜਿਹੜਾ ਪਤਾ ਹੁੰਦਾ ਹੈ ਇਸਨੂੰ ਕਿ ਮੈਂ ਪਾਪ ਕਰ ਰਿਹਾ ਹਾਂ। ਕਹਿੰਦੇ ਉਨ੍ਹਾਂ ਦਾ ਬਦਲਾ ਮਿਲਦਾ ਹੈ ਜਿਵੇਂ ਕੋਈ ਮਾਸ ਖਾਣਾ ਹੈ, ਜਾਨਵਰ ਦਾ ਗਲ ਵੱਢਦਾ ਹੈ, ਫੇਰ ਭਾਈ ਉਹਨੂੰ ਵੀ ਵਢਾਉਣਾ ਪੈਂਦਾ ਹੈ। ਇਹ ਤਾਂ ਹਰ ਕਰਮ ਜਿਹੜਾ ਹੈ ਉਹ ਫਲ ਦਿੰਦਾ ਹੈ।

ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।
ਕਬੀਰ ਖੂਬੁ ਖਾਨਾ ਖੀਚਰੀ
ਜਾ ਮਹਿ ਅੰਮ੍ਰਿਤੁ ਲੋਨੁ ॥
ਹੇਰਾ ਰੋਟੀ ਕਾਰਨੇ
ਗਲਾ ਕਟਾਵੈ ਕਉਨੁ ॥ ਅੰਗ - ੧੩੭੪

ਜਿਹੜੇ ਜਾਨਵਰ ਮਾਰ ਕੇ ਲੋਕੀ ਖਾਂਦੇ ਨੇ, ਕਹਿੰਦੇ ਫੇਰ ਆਪ ਦਾ ਵੀ ਗਲਾ ਕੱਟਣਾ ਹੈ। ਇਸ ਤੋਂ ਚੰਗਾ ਇਹ ਹੈ ਕਿ ਸਿੱਧਾ-ਸਿੱਧਾ ਜਿਹੜਾ ਪ੍ਰਸ਼ਾਦਾ ਖਾਣਾ ਹੈ ਉਹ ਸਾਰਿਆਂ ਨਾਲੋਂ ਵਧੀਆ ਹੈ। ਸੋ ਇਸ ਤਰ੍ਹਾਂ ਦੇ ਮਹਾਰਾਜ ਕਹਿੰਦੇ ਪਾਪ, 96 ਕਰੋੜ ਪਾਪ ਜਮ੍ਹਾ ਕਰ ਲਿਆ। 96 ਕਰੋੜ ਪਾਪ ਥੋੜ੍ਹੇ ਪਾਪ ਨਹੀਂ ਹੁੰਦੇ। ਫੇਰ ਇੱਕ ਪਾਪ ਇਹੋ ਜਿਹਾ ਹੈ ਜਿਹਨੂੰ ਹੱਤਿਆ ਕਹਿੰਦੇ ਨੇ, ਗਊ ਨੂੰ ਮਾਰ ਦੇਣਾ, ਗਰੀਬ ਨੂੰ ਮਾਰ ਦੇਣਾ। ਆਪਣੀ ਲੜਕੀ ਨੂੰ ਮਾਰ ਦੇਣਾ, ਪੈਸਾ ਲੈ ਕੇ ਮੁਕਰ ਜਾਣਾ, ਧੋਖਾ ਦੇ ਦੇਣਾ ਤੇ ਆਤਮਾ ਦਾ ਘਾਤ ਕਰ ਦੇਣਾ। ਇਹ ਛੇ ਹੱਤਿਆ ਨੇ। ਇਹ ਛੇ ਹੱਤਿਆ ਜਿਹੜੀਆਂ ਹੁੰਦੀਆਂ ਨੇ ਇਹ ਪੰਜ ਅਰਬ ਛਿਅੱਤਰ ਕਰੋੜ ਪਾਪ ਦੇ ਬਰਾਬਰ ਹੋਇਆ ਕਰਦੀਆਂ ਨੇ। ਸੌ ਹੱਤਿਆ ਦੇ ਬਰਾਬਰ ਹੁੰਦਾ ਹੈ ਜੇ ਪਿਉ ਨੂੰ ਮਾਰ ਦੇਵੇ। ਹਜ਼ਾਰ ਹੱਤਿਆ ਦੇ ਬਰਾਬਰ ਹੁੰਦਾ ਹੈ ਜੇ ਮਾਂ ਨੂੰ ਮਾਰ ਦੇਵੇ। ਪਾਪ ਵਧਦੇ ਤੁਰੇ ਜਾਂਦੇ ਨੇ, ਫੇਰ ਜਿਹੜੇ ਉਹ ਹਤਿਆਰੇ ਨੇ ਕੁੰਭੀ ਨਰਕ 'ਚ ਗਿਰਦੇ ਨੇ-

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥

ਨਾਨਕ ਜਿਉ ਮਥਨਿ ਮਾਧਾਣੀਆ
ਤਿਉ ਮਥੇ ਧ੍ਰਮ ਰਾਇ ॥ ਅੰਗ - ੧੪੨੫

ਮਹਾਰਾਜ ਕਹਿੰਦੇ ਜਿਹੜਾ ਹੁਣ ਨਾਮ ਨਹੀਂ ਜਪਦਾ, ਬੜੀ ਮੁਸ਼ਕਲ ਦੇ ਨਾਲ ਵੇਲਾ ਇਹਦੇ ਹੱਥ ਵਿਚ ਆਇਆ। ਮਹਾਰਾਜ ਖਬਰਦਾਰ ਕਰਦੇ ਨੇ ਸਾਨੂੰ, ਐਉਂ ਪੜ੍ਹ ਲਓ -

ਧਾਰਨਾ - ਤੇਰਾ ਜਨਮ ਅਮੋਲ
ਵੇਖੀਂ ਹਾਰ ਜਾਵੀਂ ਨਾ।

ਕਬੀਰ ਮਾਨਸ ਜਨਮੁ ਦੁਲੰਭੁ ਹੈ
ਹੋਇ ਨ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ ਗਿਰਹਿ
ਬਹੁਰਿ ਨ ਲਾਗਹਿ ਡਾਰ ॥ ਅੰਗ - ੧੩੬੬

ਮੁੜ ਕੇ ਤੂੰ ਟਾਹਣੀ ਨਾਲ ਲਗਣਾ ਨਹੀਂ ਪਿਆਰਿਓ -

ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥
ਨਾਨਕ ਸਮਿਓ ਰਮਿ ਗਇਓ
ਅਬ ਕਿਉ ਰੋਵਤ ਅੰਧ ॥ ਅੰਗ - ੧੪੨੮

ਸਮਾਂ ਲੰਘਾ ਦਿੱਤਾ, ਅੱਜਕੱਲ੍ਹ ਕਰਦੇ-ਕਰਦੇ, ਕਿ ਅੱਜ ਜਪਾਂਗੇ, ਕੱਲ੍ਹ ਨੂੰ ਸ਼ੁਰੂ ਕਰਾਂਗੇ, ਪਰਸੋਂ ਨੂੰ ਕਰਾਂਗੇ। ਵਿਆਹ ਕਰ ਲਈਏ, ਖੇਤੀ ਕਰ ਲਈਏ, ਆਹ ਫਲਾਣਾ ਕੰਮ ਕਰ ਲਈਏ, ਬਹਾਨੇ ਹਜ਼ਾਰਾਂ ਹੀ ਨੇ। ਪਾਪ ਕਰਨ ਵਾਸਤੇ ਕੋਈ ਬਹਾਨਾ ਨਹੀਂ। ਉਸੇ ਵੇਲੇ ਤਿਆਰ ਹੋ ਜਾਂਦਾ ਹੈ।

ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥
ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ ॥
ਅੰਗ - ੫੧੮

ਤੇਰੇ ਗਲ ਵਿਚ ਫਾਹੀ ਪੈਣ ਵਾਸਤੇ ਆ ਹੀ ਰਹੀ ਹੈ। ਉਸ ਫਾਹੀ ਨੇ ਕੀ ਕਰਨਾ ਹੈ, ਜਮਦੂਤਾਂ ਕੋਲ ਲੈ ਜਾਣਾ ਤੈਨੂੰ ਤੇਰੀ ਜਾਨ ਕੱਢ ਕੇ। ਸੋ ਜੋ ਨਾਮ ਨਹੀਂ ਜਪਦਾ, ਮੁੜ ਕੇ ਉਹਨੂੰ ਫੇਰ ਨਖਿੱਧ ਜੂਨੀਆਂ 'ਚ ਜਾਣਾ ਪੈਂਦਾ ਹੈ। ਫੇਰ ਉਹ ਆਤਮਾ ਦਾ ਘਾਤ ਕਰਦਾ ਹੈ। ਮਹਾਂਪਾਪੀ ਹੁੰਦਾ ਹੈ, ਐਸਾ ਮਹਾਰਾਜ ਫੁਰਮਾਨ ਕਰਦੇ ਨੇ -

ਧਾਰਨਾ - ਆਤਮਘਾਤੀ ਜੀ,
ਜਿਹੜਾ ਨਾਮ ਨਾ ਹਰੀ ਦਾ ਜਪਦਾ।

ਬਗੈਰ ਪਾਪ ਕਰਿਆਂ 'ਤੇ, ਨਾ ਕੋਈ ਬੱਕਰੇ ਮਾਰੇ ਨੇ, ਨਾ ਕੋਈ ਬੰਦੇ ਮਾਰੇ ਨੇ। ਨਾ ਕੋਈ ਹੇਰਾ-ਫੇਰੀ ਕਰੀ ਹੈ। ਕੇਵਲ ਨਾਮ ਨਾ ਜਪਣਾ ਹੀ ਆਤਮਘਾਤੀ ਕਹਾਉਂਦਾ ਹੈ। ਪਾਪ ਕਿੰਨਾ ਹੁੰਦਾ 96 ਕਰੋੜ ਪਾਪਾਂ ਦੇ ਬਰਾਬਰ ਪਾਪੀ ਹੋ ਜਾਂਦਾ ਹੈ। ਮਹਾਰਾਜ ਕਹਿੰਦੇ -

ਦੁਲਭ ਦੇਹ ਪਾਈ ਵਡਭਾਗੀ ॥
ਨਾਮੁ ਨ ਜਪਹਿ ਤੇ ਆਤਮ ਘਾਤੀ॥ ਅੰਗ- ੧੮੮

ਪਿਆਰਿਆ! ਵੱਡੇ ਭਾਗਾਂ ਦੇ ਨਾਲ ਤੈਨੂੰ ਆਹ ਦੇਹੀ ਮਿਲੀ ਸੀ -

ਜਿਹੜੇ ਨਾਮ ਨਹੀਂ ਜਪਦੇ ਆਤਮਘਾਤ ਕਰ ਰਹੇ ਨੇ।

ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥
ਨਾਮ ਬਿਹੂਨ ਜੀਵਨ ਕਉਨ ਕਾਮ ॥ ਅੰਗ- ੧੮੮

ਦੱਸੋ ਤਾਂ ਸਹੀ ਨਾਮ ਤੋਂ ਬਿਨਾਂ ਜੀਵਨ ਕਿਸ ਕੰਮ ਹੈ, ਪੈਸਾ ਕਮਾਉਣ ਵਾਸਤੇ? ਪੈਸਾ ਕੀ ਤੇਰੇ ਨਾਲ ਜਾਣਾ ਹੈ?

ਕਬੀਰ ਇਹੁ ਤਨੁ ਜਾਇਗਾ
ਸਕਹੁ ਤ ਲੇਹੁ ਬਹੋਰਿ॥
ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥
ਅੰਗ - ੧੩੬੫

ਮਕਾਨ ਬਣਾਉਣੇ ਨੇ? ਸੁਰਤ ਇੱਥੇ ਰਹਿ ਗਈ ਜੇ -

ਅੰਤਿ ਕਾਲਿ ਜੋ ਮੰਦਰ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ਅੰਗ - ੫੨੬

ਜਿਹੜਾ ਮਕਾਨ ਬਣਾ ਲਏ, ਕੋਠੀਆਂ ਬਣਾ ਲਈਆਂ ਵੱਡੀਆਂ-ਵੱਡੀਆਂ, ਵੱਡੀਆਂ ਬਿਲਡਿੰਗਾਂ ਬਣਾ ਲਈਆਂ, ਸੁਰਤ ਰਹਿ ਜਾਣੀ ਹੈ ਇੱਥੇ ਪਿਆਰਿਓ, ਫੇਰ ਭੂਤ ਬਣ ਕੇ ਤੁਰੇ ਫਿਰਨਾ ਹੈ। ਇਹੀ ਦੁਖ ਦਾ ਕਾਰਨ ਬਣ ਜਾਂਦਾ ਹੈ।

ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥
ਦੇਵੈ ਦਿਲਾਵੈ ਰਜਾਵੈ ਖੁਦਾਇ॥
ਹੋਤਾ ਨ ਰਾਖੈ ਅਕੇਲਾ ਨ ਖਾਇ॥
ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥
ਨਸੀਹਤਨਾਮਾ

ਉਹ ਨਾਮ ਜਿਹੜਾ ਇੱਕ ਵਾਰੀ ਕਹੇ 'ਤੇ ਛੁਟਕਾਰਾ ਹੋ ਜਾਣਾ ਹੈ, ਉਹਨੂੰ ਜਪਦਾ ਨਹੀਂ ਤੂੰ। ਕਹਿੰਦਾ ਕਿ ਮੈਂ ਤਾਂ ਨਾਮ ਜਪਦਾ ਹਾਂ। ਕਹਿੰਦੇ ਇੱਕ ਚਿੱਤ ਹੋ ਕੇ? ਕਹਿੰਦਾ ਨਾ, ਮੇਰਾ ਤਾਂ ਮਨ ਨਹੀਂ ਟਿਕਦਾ। ਫੇਰ ਤੂੰ ਦੁਨੀਆਂਦਾਰੀ 'ਚ ਫਸਿਆ ਹੋਇਆ ਹੈਂ ਨਾ। ਤਾਂ ਤੇਰਾ ਮਨ, ਤੇਰੀ ਵਾਸ਼ਨਾ, ਤੇਰੇ ਫੁਰਨੇ ਦੁਨੀਆਂਦਾਰੀ ਦੇ ਵਿਚ ਘੁੰਮਦੇ ਨੇ, ਅਜੇ ਤੂੰ ਸਤਿ ਨਹੀਂ ਜਾਣਿਆ। ਨਾਮ ਦੀ ਮਹਿਮਾ ਤੇਰੇ ਹਿਰਦੇ 'ਚ ਨਹੀਂ ਵਸੀ। ਨਾਮ ਦੀ ਮਹਿਮਾ ਵਸਦੀ ਹੈ ਸੰਤਾਂ ਦੇ ਹਿਰਦੇ 'ਚ।

ਨਾਮ ਕੀ ਮਹਿਮਾ ਸੰਤ ਰਿਦ ਵਸੈ ॥
ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥
ਸੰਤ ਕਾ ਸੰਗੁ ਵਡਭਾਗੀ ਪਾਈਐ ॥
ਸੰਤ ਕੀ ਸੇਵਾ ਨਾਮੁ ਧਿਆਈਐ ॥
ਨਾਮ ਤੁਲਿ ਕਛੁ ਅਵਰੁ ਨ ਹੋਇ ॥
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥
ਅੰਗ - ੨੬੫

ਮਹਿਮਾ ਨਾ ਸਮਝਣ ਕਰਕੇ, ਆਦਮੀ ਸਵਾਸ ਖਾਲੀ ਲਈ ਜਾਂਦਾ ਹੈ। ਸੋ ਸਿੱਧਾ ਜਿਹਾ ਹੀ ਹਿਸਾਬ ਹੈ, ਅੰਦਰ ਨੂੰ ਸਾਹ ਜਾਂਦਾ ਹੈ 'ਵਾਹਿ' ਕਹੀ ਜਾਓ, ਬਾਹਰ ਨੂੰ ਆਉਂਦਾ ਹੈ 'ਗੁਰੂ' ਕਹੀ ਜਾਓ। ਬਹਿ ਕੇ ਦੇਖੋ ਚੁੱਪ ਕਰਕੇ, ਦੇਖੋ ਸਵਾਸ ਅੰਦਰ ਨੂੰ ਜਾ ਰਿਹਾ ਹੈ, ਫੇਰ ਬਾਹਰ ਨੂੰ ਆ ਰਿਹਾ। ਲਗ ਰਿਹਾ ਹੈ ਨਾ ਪਤਾ

ਕਿ ਸਵਾਸ ਅੰਦਰ ਬਾਹਰ ਜਾ ਰਿਹਾ ਹੈ। ਜਿਹੜਾ ਅੰਦਰ ਨੂੰ ਸਵਾਸ ਜਾਂਦਾ ਹੈ, ਜੇ 'ਸਤਿਨਾਮ' ਕਹਿਣਾ ਚੰਗਾ ਲਗਦਾ ਹੈ, ਸਤਿਨਾਮ ਕਹਿ ਲਓ; ਵਾਹਿਗੁਰੂ ਬਾਹਰ ਨੂੰ ਸਾਹ ਆਉਂਦੇ ਕਹਿ ਲਓ। ਜੇ ਇਸ ਤੋਂ ਹੋਰ advance stage ਦਾ ਨਾਮ ਜਪਣਾ ਹੈ ਤਾਂ 'ਵਾਹਿ' ਅੰਦਰ ਨੂੰ ਕਹੋ, 'ਗੁਰੂ' ਬਾਹਰ ਨੂੰ ਕਹੋ। ਉਹ ਧੁੰਨ ਬਣ ਜਾਂਦੀ ਹੈ, ਸਾਹ ਜਾਂਦਾ ਹੈ ਅੰਦਰ ਨੂੰ। ਇਹਦੇ 'ਚ ਕੋਈ ਸ਼ਤੀਰ ਨਹੀਂ ਚੁੱਕ ਕੇ ਸਾਹ ਤੇ ਲੱਦਣਾ, ਇਕ ਖਿਆਲ ਹੀ ਹੈ, ਨੱਕ ਦੇ ਮੂਹਰੇ ਖੜ੍ਹ ਜਾਓ ਸੁਰਤ ਦੇ ਨਾਲ, ਕਿ ਮੈਂ ਖਾਲੀ ਸਾਹ ਅੰਦਰ ਨੂੰ ਜਾਣ ਹੀ ਨਹੀਂ ਦੇਣਾ, ਉਥੇ ਹੀ ਰੋਕ ਦੇਣਾ ਹੈ। ਪਹਿਰੇਦਾਰ ਦਾ ਕੰਮ ਹੁੰਦਾ ਹੈ ਨਹੀਂ ਜਾਣ ਦੇਣਾ। ਗੱਲ ਸਮਝਣ ਦਾ ਯਤਨ ਕਰੋ ਮੇਰੀ। ਗੁਰਦੁਆਰੇ ਆਈ ਜਾਂਦੇ ਹਾਂ, ਸੇਵਾ ਕਰੀ ਜਾਂਦੇ ਹਾਂ, ਜੇ ਕੰਮ ਦੀ ਗੱਲ ਪੱਲੇ ਨਾ ਪਈ ਫੇਰ ਕੋਈ ਫਾਇਦਾ ਨਹੀਂ। ਕਿਉਂਕਿ ਓਹੀ ਈਰਖਾ, ਓਹੀ ਚੁਗਲੀ, ਓਹੀ ਇੱਕ ਦੂਜੇ ਨਾਲ ਵੈਰ-ਭਾਵ, ਕਿਉਂਕਿ ਨਾਮ ਨਹੀਂ ਅੰਦਰ ਚੱਲਿਆ। ਨਾਮ ਦੀ ਸੋਝੀ ਨਹੀਂ ਆਈ। ਅੰਦਰ ਨੂੰ ਸਾਹ ਜਾਂਦਾ ਹੈ 'ਵਾਹਿ' ਕਹੋ, ਬਾਹਰ ਨੂੰ ਆਉਂਦਾ ਹੈ 'ਗੁਰੂ' ਕਹੋ। ਸਿੱਧਾ ਜਿਹਾ ਹਿਸਾਬ ਹੈ, ਕਿੰਨੀ ਵਾਰੀ ਮੈਂ ਦੱਸਿਆ ਹੈ। ਪਰ ਪਹਿਰਾ ਦਿਓ ਉਪਰ, ਨਹੀਂ ਤਾਂ ਮਨ ਨੱਠ ਜਾਏਗਾ ਕਿ ਮੈਂ ਅੰਦਰ ਨੂੰ ਸਾਹ ਆਉਂਦਾ ਵੀ ਦੇਖਣਾ ਹੈ, ਬਾਹਰ ਨੂੰ ਜਾਂਦਾ ਵੀ ਦੇਖਣਾ ਹੈ। ਜੇ ਖਾਲੀ ਆਉਂਦਾ ਹੈ ਫੇਰ ਮੈਂ ਨਿਕਲਣ ਨਹੀਂ ਦੇਣਾ। ਜੇ ਖਾਲੀ ਆਉਂਦਾ ਹੈ ਉਥੇ ਹੀ ਰੋਕ ਲਓ। ਚਾਰ ਕੁ ਦਿਨ ਦਾ ਪਹਿਰਾ ਦੇ ਕੇ ਦੇਖ ਲਓ, ਆਪਣੇ ਆਪ ਹੀ ਸੈਟ ਹੋ ਜਾਏਗਾ।

ਸੋ ਮਹਾਰਾਜ ਕਹਿੰਦੇ ਜਿਹੜਾ ਨਾਮ ਨਹੀਂ ਨਾ ਜਪਦਾ -

ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥
ਨਾਮ ਬਿਹੂਨ ਜੀਵਨ ਕਉਨ ਕਾਮ ॥ ਅੰਗ- ੧੮੮

ਧਾਰਨਾ - ਕਾਹਨੂੰ ਜੰਮਣਾ ਸੀ,
ਭਗਤੀ ਤੋਂ ਹੀਣਿਆ ਓਏ,
ਕਾਹਨੂੰ ਜੰਮਣਾ।

ਜਿਨੀ ਐਸਾ ਹਰਿ ਨਾਮੁ ਨ ਚੇਤਿਓ
ਸੇ ਕਾਹੇ ਜਗਿ ਆਏ ਰਾਮ ਰਾਜੇ ॥
ਇਹੁ ਮਾਣਸ ਜਨਮੁ ਦੁਲੰਭੁ ਹੈ
ਨਾਮ ਬਿਨਾ ਬਿਰਥਾ ਸਭੁ ਜਾਏ ॥
ਹੁਣਿ ਵਤੈ ਹਰਿ ਨਾਮੁ ਨ ਬੀਜਿਓ
ਅਗੈ ਭੁਖਾ ਕਿਆ ਖਾਏ ॥
ਮਨਮੁਖਾ ਨੋ ਫਿਰਿ ਜਨਮੁ ਹੈ
ਨਾਨਕ ਹਰਿ ਭਾਏ ॥ ਅੰਗ - ੪੫੦

ਸਵਾਲ ਹੈ ਬਾਣੀ 'ਚ ਕਿ ਫੇਰ ਤੁਹਾਡੇ ਆਉਣ ਦਾ ਕੀ ਫਾਇਦਾ ਹੋਇਆ? ਤੂੰ ਤਾਂ ਆਇਆ ਹੀ ਇੱਥੇ ਨਾਮ ਜਪਣ ਵਾਸਤੇ ਸੀ ਐਸਾ ਫੁਰਮਾਨ ਹੈ ਬਾਣੀ ਦੇ ਅੰਦਰ -

ਧਾਰਨਾ - ਆਇਓ ਲਾਹਾ ਲੈਣ ਪ੍ਰਾਣੀ
ਆਇਓ ਲਾਹਾ ਲੈਣ।
ਸਭ ਮੁਕਦੀ ਚਲੀ ਰੈਣਿ ਤੇਰੀ -੨

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥
ਅੰਗ - ੪੩

ਇੱਕ ਕੋਈ ਸੇਠ ਸੀ ਜੰਗਲ ਦੇ ਵਿਚ ਰਿਹਾ ਸੀ, ਰਸਤੇ ਵਿਚ ਦੇਖਿਆ ਉਸਨੇ ਕਿ ਚੋਰ ਬੈਠੇ ਨੇ। ਪੈਸਾ ਸੀ ਉਹਦੇ ਕੋਲ, ਉਹਨੇ ਕਿਹਾ ਕਿ ਮੈਂ ਰਸਤਾ ਬਦਲ ਲਵਾਂ। ਜਦੋਂ ਜੰਗਲ ਵਿਚੀਂ ਚੱਲਣ ਲੱਗਿਆ ਤਾਂ ਦੂਰ ਦੇਖਿਆ ਤਾਂ ਸ਼ੇਰ। ਜਦੋਂ ਦੇਖਿਆ ਕਿ ਸ਼ੇਰ ਤਾਂ ਮੇਰੇ ਵਲ ਨੂੰ ਹੀ ਆ ਰਿਹਾ ਹੈ। ਸਾਹਮਣੇ ਇੱਕ ਦਰੱਖਤ ਸੀ ਬੋਹੜ ਦਾ, ਹੋਰ ਤਾਂ ਕੁਛ ਨਾ ਹੋਇਆ, ਉਹ ਖੂਹ ਦੇ ਵਿਚ ਹਰਾ ਹੋਇਆ, ਬਹੁਤ ਸਾਰੇ ਪ੍ਰੇਮੀਆਂ ਨੂੰ ਪਤਾ ਹੈ, ਖੂਹ ਦੀ ਮੌਣ ਵਿਚ ਬੋਹੜ ਹਰੇ ਹੋ ਜਾਇਆ ਕਰਦੇ ਨੇ। ਵੱਡੇ-ਵੱਡੇ ਵੀ ਹੋ ਜਾਂਦੇ ਨੇ, ਟਾਹਣੇ ਉਹਨੇ ਕੱਢੇ ਹੋਏ ਸੀ। ਉਹਨੇ ਖੂਹ ਦੀ ਮੌਣ 'ਤੇ ਖੜ੍ਹੇ ਹੋ ਕੇ ਉਹਦੀਆਂ ਜੜ੍ਹਾਂ ਫੜ ਲਈਆਂ, ਜਿਹੜੀਆਂ ਖੂਹ ਵਿਚ ਲਟਕ ਰਹੀਆਂ ਸੀ, ਖੂਹ ਸੁੱਕਾ ਸੀ। ਸ਼ੇਰ ਆ ਕੇ ਖੜ੍ਹ ਗਿਆ ਕਿ ਜਦੋਂ ਬਾਹਰ ਨਿਕਲੇਗਾ ਮੈਂ ਉਦੋਂ ਹੀ ਖਾ ਲੈਣਾ ਹੈ। ਸ਼ੇਰ ਨੂੰ ਪਤਾ ਸੀ ਕਿ ਜੇ ਮੈਂ ਇਹਨੂੰ ਫੜਨ ਵਾਸਤੇ ਝਪਟਾ ਮਾਰਿਆ ਇਹਨੇ ਖੂਹ ਵਿਚ ਗਿਰ ਜਾਣਾ ਹੈ, ਇਹਨੇ ਵੀ ਖੂਹ ਵਿੱਚ ਗਿਰ ਜਾਣਾ ਹੈ। ਫੇਰ ਮੈਂ ਨਿਕਲ ਨਹੀਂ ਸਕਣਾ। ਉਹ ਮੌਣ ਉੱਤੇ ਹੀ ਪੈਰ ਰੱਖ ਕੇ ਖੜ੍ਹ ਗਿਆ। ਉਹਨੇ ਦੇਖਿਆ ਕਿ ਜੇ ਮੈਂ ਹੇਠਾਂ ਗਿਰ ਗਿਆ ਤਾਂ ਕੀ ਹੋਏਗਾ? ਹੇਠਾਂ ਦੇਖਿਆ ਤਾਂ ਇੱਕ ਵੱਡੀ ਸਰਾਲ ਮੂੰਹ ਅੱਡੀ ਬੈਠੀ ਹੈ ਕਿ ਗਿਰੇ, ਹੁਣ ਗਿਰੇ, ਹੁਣ ਮੈਂ ਨਿਗ੍ਹਾਰ ਲਵਾਂ ਇਹਨੂੰ। ਇੰਨੇ ਨੂੰ ਦੇਖਦਾ ਹੈ ਉਤੇ ਨੂੰ ਝਾਕਿਆ ਤਾਂ ਇੱਕ ਕਾਲਾ ਚੂਹਾ ਹੈ, ਇੱਕ ਚਿੱਟਾ ਚੂਹਾ ਹੈ। ਜਿਹੜੀ ਇਹਨੇ ਜੜ੍ਹ ਫੜੀ ਹੋਈ ਹੈ, ਉਹਨੂੰ ਕੱਟਣ ਲੱਗੇ ਪਏ ਨੇ, ਉਹਨੇ ਕਿਹਾ ਇਹ ਤਾਂ ਕੱਟ ਦੇਣਗੇ। ਪਰ ਕਿਹਾ ਕਿ ਦੰਦੀਆਂ ਛੋਟੀਆਂ-ਛੋਟੀਆਂ ਹੈਗੀਆਂ ਇਨ੍ਹਾਂ ਦੀਆਂ, ਇਨ੍ਹਾਂ ਨੂੰ ਬੜਾ ਸਮਾਂ ਲੱਗਣਾ ਹੈ ਕੱਟਦਿਆਂ ਨੂੰ, ਜਦ ਨੂੰ ਸ਼ੇਰ ਚਲਿਆ ਜਾਏਗਾ, ਮੈਂ ਝਟਕਾ ਮਾਰ ਕੇ ਬਾਹਰ ਨਿਕਲ ਜਾਵਾਂਗਾ। ਉਤੇ ਹੀ ਸ਼ਹਿਦ ਦਾ ਛੱਤਾ ਲੱਗਿਆ ਹੋਇਆ, ਛੱਤੇ ਦੇ ਵਿਚੋਂ ਸ਼ਹਿਦ ਦਾ ਜ਼ੋਰ ਐਨਾ ਹੈ ਕਿ ਉਹ ਕਤਰਾ-ਕਤਰਾ ਹੋ ਕੇ ਥੱਲੇ ਨੂੰ ਗਿਰਦਾ ਹੈ, ਇਹਨੇ ਮੂੰਹ ਉਤੇ ਨੂੰ ਚੁੱਕਿਆ, ਇਹਦੇ ਮੂੰਹ ਵਿਚ ਪੈ ਗਿਆ, ਬੱਸ ਭੁੱਲ ਗਿਆ ਸਭ ਕੁਛ, ਨਾ ਇਹ ਪਤਾ ਹੈ ਕਿ ਚੂਹੇ ਕੱਟ ਦੇਣਗੇ, ਸ਼ੇਰ ਦਾ ਡਰ ਹੀ ਨਹੀਂ ਸੀ ਉਹਨੂੰ, ਜੜ੍ਹ ਹੈ ਹੀ ਨਹੀਂ ਸੀ, ਉਹ ਉਥੇ ਪੈਰ ਲਾ ਕੇ ਖੜ੍ਹ ਗਿਆ, ਆਰਾਮ ਦੇ ਨਾਲ ਥੱਕਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਉਹ ਬੂੰਦ ਆਉਂਦੀ ਹੈ, ਮੂੰਹ ਅੱਡ ਲੈਂਦਾ ਹੈ, ਉਹਦੇ ਮੂੰਹ 'ਚ ਪੈ ਜਾਂਦੀ ਹੈ। ਅਖੀਰ ਹੋਇਆ ਕੀ, ਕਾਲੇ ਤੇ ਚਿੱਟੇ ਚੂਹੇ ਨੇ ਉਹ ਜੜ੍ਹ ਕੱਟ ਦਿੱਤੀ ਬੋਹੜ ਦੀ ਤੇ ਉਹ ਥੱਲੇ ਗਿਰ ਗਿਆ, ਥੱਲੇ ਗਿਰਦਾ ਹੀ ਸਰਾਲ ਨੇ ਨਿਗ੍ਹਾਰ ਲਿਆ। ਇਹ ਦ੍ਰਿਸ਼ਟਾਂਤ ਹੈ। ਦਾ-ਦ੍ਰਿਸ਼ਟਾਂਤ ਇਸਦਾ ਕੀ ਹੈ, ਇਹ ਜੀਵ ਨਾਮ ਦਾ ਧਨ ਲੈ ਕੇ ਸੰਸਾਰ 'ਚ ਆਇਆ ਹੈ। ਮਹਾਰਾਜ ਕਹਿੰਦੇ ਪਿਆਰਿਆ! ਤੈਨੂੰ ਨਹੀਂ ਪਤਾ ਤੂੰ ਐਨਾ ਧਨੀ ਹੈਂ, ਤੇਰਾ ਮੁਕਾਬਲਾ ਦੁਨੀਆਂ 'ਚ ਕੋਈ ਨਹੀਂ ਕਰ ਸਕਦਾ। ਕਿਉਂਕਿ ਤੇਰੇ ਕੋਲ ਨਾਮ ਦਾ ਧਨ ਹੈ -

ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥
ਜਿਨਾ ਭਾਗ ਮਥਾਹਿ ਸੇ

ਨਾਨਕ ਹਰਿ ਰੰਗੁ ਮਾਣਦੋ॥ ਅੰਗ - ੮੧

ਤੇਰੇ ਅੰਦਰ ਪਿਆ ਹੈ ਨਾਮ ਦਾ ਧਨ -

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩

ਪਰ ਇਸ ਸਰੀਰ ਅੰਦਰ ਪੰਜ ਚੋਰ ਬੈਠੇ ਨੇ ਘਾਤ ਲਾਈਂ -

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ
ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥ ਅੰਗ - ੬੦੦

ਉਹ ਕੰਮ ਕੀ ਕਰਦੇ ਨੇ, ਨਾਮ ਦਾ ਧਨ ਲੁੱਟਦੇ ਨੇ -

ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ
ਕੋਇ ਨ ਸੁਣੈ ਪੂਕਾਰਾ ॥ ਅੰਗ - ੬੦੦

ਉਹ ਨੱਠ ਕੇ ਬਚਣ ਵਾਸਤੇ ਜਦੋਂ ਅੱਗੇ ਗਿਆ ਤਾਂ ਸ਼ੇਰ ਆ ਗਿਆ, ਉਹਨੇ ਜਾ ਕੇ ਜੜ੍ਹ ਫੜ੍ਹ ਲਈ, ਜੜ੍ਹ ਦੇ ਉੱਤੇ ਇੱਕ ਕਾਲਾ ਚੂਹਾ ਹੈ ਇੱਕ ਚਿੱਟਾ ਹੈ। ਕਾਲਾ ਚੂਹਾ ਰਾਤ ਨੂੰ ਕਹਿੰਦੇ, ਚਿੱਟਾ ਚੂਹਾ ਦਿਨ ਨੂੰ ਕਹਿੰਦੇ, ਰਾਤ ਪੈ ਜਾਂਦੀ ਹੈ ਦਿਨ ਆ ਜਾਂਦਾ ਹੈ। 365 ਰਾਤਾਂ, 365 ਦਿਨ ਲੰਘ ਗਏ, ਇਹ ਕਮਲੀ ਦੁਨੀਆਂ ਕਹਿੰਦੀ ਹੈ ਕਿ ਮੇਰਾ ਜਨਮਦਿਨ ਆ ਗਿਆ, ਮੇਰਾ ਜਨਮਦਿਨ ਆ ਗਿਆ। ਮਨਾਓ ਇਹਨੂੰ ਪੈਸਾ ਖਰਚ ਦਿੰਦੇ ਨੇ, ਰਿਸ਼ਤੇਦਾਰਾਂ ਨੂੰ ਬੁਲਾਉਂਦੇ ਨੇ। ਇਹ ਨਹੀਂ ਪਤਾ ਕਿ ਮੇਰਾ ਤਾਂ ਇੱਕ ਸਾਲ ਘਟ ਗਿਆ। ਉਹ ਸਾਲ ਨੇ ਮੁੜ ਕੇ ਆਉਣਾ ਹੀ ਨਹੀਂ -

ਇਹ ਠਹਿਰਨ ਜਾਂਚ ਨਾ ਜਾਣਦਾ।
ਲੰਘ ਗਿਆ ਨਾ ਮੁੜੇ ਆਂਵਦਾ।

ਡਾ. ਭਾਈ ਵੀਰ ਸਿੰਘ ਜੀ

ਇਹ ਲੰਘਿਆ ਹੋਇਆ ਵਾਪਸ ਨਹੀਂ ਆਉਂਦਾ। ਕਿੰਨਾ ਕੁ ਸਮਾਂ ਰਹਿ ਗਿਆ ਬਾਕੀ ਉਹਦਾ ਫਿਕਰ ਕਰ। ਇਹ ਤਾਂ ਐਵੇਂ ਲੰਘ ਗਿਆ ਤੇਰਾ ਸਾਰਾ ਸਮਾਂ।

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ
ਇਤਨਾ ਕੁ ਨ ਜਾਨੈ ਜਿ ਦਿਨ
ਦਿਨ ਅਵਧ ਘਟਤੁ ਹੈ ॥
ਮੋਰ ਮੋਰ ਕਰਿ ਅਧਿਕ
ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥

ਅੰਗ - ੯੨

ਫੇਰ ਜਮ ਹਸਦਾ ਹੈ, ਕਿ ਇਹ ਕਿਹੋ ਜਿਹਾ ਮੂਰਖ ਹੈ, ਇਹਨੂੰ ਮੇਰਾ ਪਤਾ ਨਹੀਂ ਹੈ -

ਧਾਰਨਾ - ਤੇਰੇ ਕਾਲ ਨੇ ਗੁਲੇਲਾ ਮਾਰਨੈ,
ਚੋਗਾ ਚੁਗਦੇ ਦੇ।
ਕਾਲੁ ਬਿਆਲੁ ਜਿਉ ਪਰਿਓ
ਡੋਲੈ ਮੁਖੁ ਪਸਾਰੇ ਮੀਤ ॥ ੧ ॥
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ
ਸਮਝਿ ਰਾਖਉ ਚੀਤਿ ॥ ਅੰਗ - ੬੩੧

ਸਿੱਧੀ ਗੱਲ ਮਹਾਰਾਜ ਕਹਿੰਦੇ ਨੇ ਪਿਆਰਿਆ! ਦਿਨ ਤੇ ਰਾਤ ਰੂਪੀ ਚੂਹੇ ਤੇਰੀ ਉਮਰ ਦੀ ਡੋਰ ਕੱਟ ਰਹੇ ਨੇ। ਜਦੋਂ ਕਟ ਗਈ ਫੇਰ ਤੂੰ ਖੂਹ ਵਿਚ, ਕਾਲ ਦੇ ਮੂੰਹ ਵਿਚ ਜਾ ਪੈਣਾ ਹੈ। ਉਸ ਤੋਂ ਪਹਿਲਾਂ-ਪਹਿਲਾਂ ਕਰ ਲੈ ਪਰ ਹੁੰਦਾ ਕੀ ਹੈ -

ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ
ਤੋਟੇ ਕਉ ਬੇਗਿ ਧਾਇਆ ॥ ਅੰਗ - ੪੦੨

ਘਾਟਾ ਜਿੱਥੇ ਪੈਂਦਾ ਹੈ ਉਥੇ ਨੱਠਿਆ ਹੀ ਜਾਂਦਾ ਹੈ, ਜਿੱਥੇ ਲਾਹਾ ਹੋਣਾ ਹੈ ਸਤਿਸੰਗ ਦੇ ਅੰਦਰ ਉਥੇ ਆਉਂਦਾ ਹੀ ਨਹੀਂ। ਸੋ ਗੱਲ ਸਮਝੋ ਜੋ ਗੁਰੂ ਮਹਾਰਾਜ ਸਮਝਾਉਂਦੇ ਨੇ। ਔਖਾ ਹੈ ਕੋਈ ਕੋਈ ਨਾਮ ਜਪਣਾ, ਇਰਾਦਾ ਚਾਹੀਦਾ ਹੈ। ਅੰਮ੍ਰਿਤ ਵੇਲੇ ਉਠੋ, ਇਸ਼ਨਾਨ ਕਰੋ, ਸਹਿਜ ਨਾਲ, ਉਨੀਂਦਰਾ ਲੈ ਕੇ ਨਾ ਉਠੋ। ਉਨੀਂਦਰਾ ਰਹਿ ਕੇ ਸੁਰਤੀ ਨਹੀਂ ਲੱਗਿਆ ਕਰਦੀ। ਕਿਸੇ-ਕਿਸੇ ਦੀ ਲਗਦੀ ਹੈ ਉਨ੍ਹਾਂ ਦੀ ਪ੍ਰੈਕਟਿਸ ਜ਼ਿਆਦਾ ਹੁੰਦੀ ਹੈ। ਨੀਂਦ ਲਓ ਪੂਰੀ, ਫੇਰ ਉਠੋ, ਫੇਰ ਇੰਤਜ਼ਾਮ ਕਰੋ ਕਿ ਮੈਂ ਹੁਣ ਦੋ ਢਾਈ ਘੰਟੇ ਬੰਦਗੀ ਕਰਨੀ ਹੈ। ਇੱਕ ਆਮ ਥਾਂ ਘਰ ਵਿੱਚ ਹੁੰਦੀ, ਬੱਚੇ ਸਕੂਲ ਪੜ੍ਹਨ ਚਲੇ ਗਏ, ਇੱਕ ਇਕਾਂਤ ਜਗ੍ਹਾ ਮਿਲ ਗਈ, ਨਾ ਦਰਵਾਜ਼ਾ ਖੋਲ੍ਹੋ, ਆਸ-ਪੜ੍ਹਾਉਸਣਾ ਆਉਂਦੀਆਂ ਕਿ ਕੀ ਹਾਲ ਹੈ ਫਲਾਣੇ ਥਾਂ ਕੀ ਹੋਇਆ, ਆਹ ਗੱਲ ਸੁਣੀ ਹੈ? ਇਨ੍ਹਾਂ ਗੱਲਾਂ ਵਿਚ ਨਾ ਸਮਾਂ ਜ਼ਾਇਆ ਕਰੋ। ਦਰਵਾਜ਼ਾ ਕਰ ਲਵੇ ਬੰਦ, ਅੰਦਰ ਬੈਠ ਜਾਏ ਚੌਂਕੜਾ ਮਾਰ ਕੇ, ਭਜਨ ਕਰੇ। ਅਗਲਾ ਰਸਤਾ ਸੰਤ ਦਸ ਦਿੰਦੇ ਨੇ ਜਦ ਉਹ ਦੇਖਦੇ ਨੇ ਹਾਂ ਇਹ ਨਾਮ ਜਪਦਾ ਹੈ। ਹੌਲੀ-ਹੌਲੀ ਨਾਮ ਹੀ ਆਪਣਾ ਰਸਤਾ ਕੱਢ ਲੈਂਦਾ ਹੈ, ਕਿਸੇ ਦੀ ਗੱਲ ਨਾ ਸੁਣੇ। ਮਹਾਰਾਜ ਕਹਿੰਦੇ ਨਾਮ ਦਾ ਫਾਇਦਾ ਹੀ ਫਾਇਦਾ ਹੈ -

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥
ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥
ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥
ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥

ਅੰਗ - ੨੬੨

ਇਕੱਲੇ ਤੋਂ ਨਹੀਂ ਨਾਮ ਜਪ ਹੁੰਦਾ, ਸਾਧੂ ਦੀ ਸੰਗਤ ਚਾਹੀਦੀ ਹੈ ਤਾਂ ਨਾਮ ਜਪ ਹੁੰਦਾ ਹੈ, ਕਿਉਂਕਿ ਜਿਹੜੀ ਮਾਇਆ ਹੈ ਨਾ ਇਹ ਸੁੱਟ ਲੈਂਦੀ ਹੈ, ਭੁਲਾ ਦਿੰਦੀ ਹੈ। ਸਿਰਫ ਸਾਧੂਆਂ ਤੋਂ ਡਰਦੀ ਹੈ, ਨਹੀਂ ਕੋਈ ਸੰਸਾਰ ਦਾ ਬੰਦਾ ਨਹੀਂ ਇਸ ਤੋਂ ਬਚਦਾ -

ਤਪੁ ਕਰਤੇ ਤਪਸੀ ਭੂਲਾਏ ॥
ਪੰਡਿਤ ਮੋਹੇ ਲੋਭਿ ਸਬਾਏ ॥
ਤ੍ਰੈ ਗੁਣ ਮੋਹੇ ਮੋਹਿਆ ਆਕਾਸੁ ॥

ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥
ਗਿਆਨੀ ਕੀ ਹੋਇ ਵਰਤੀ ਦਾਸਿ ॥
ਅੰਗ - ੩੭੦

ਦਾਸ ਬਣ ਜਾਂਦੀ ਹੈ, ਜਿਹਨੂੰ ਉਹ ਕਹਿ ਦੇ ਇਹਨੂੰ ਨਾ ਭੁਲਾਈਂ, ਉਹਨੂੰ ਨਹੀਂ ਭੁਲਾਉਂਦੀ।

ਕਰ ਜੋੜੇ ਸੇਵਾ ਕਰੇ ਅਰਦਾਸਿ ॥
ਜੋ ਤੂੰ ਕਹਹਿ ਸੁ ਕਾਰ ਕਮਾਵਾ ॥
ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥
ਅੰਗ - ੩੭੦

ਹੱਥ ਜੋੜ ਕੇ ਸੇਵਾ ਕਰਦੀ ਹੈ ਤੇ ਅਰਦਾਸ ਕਰਦੀ ਹੈ, ਦੱਸੋ ਤਾਂ ਸਹੀ ਮੈਂ ਕੀ ਕੰਮ ਕਰਾਂ। ਮੈਂ ਬੰਦਗੀ ਕਰਨ ਵਾਲਿਆ ਦੇ ਨੇੜੇ ਨਹੀਂ ਆਉਂਦੀ ਐਉਂ ਪੜ੍ਹ ਲਓ -

ਧਾਰਨਾ - ਮਾਇਆ ਤੇਰੇ ਸਾਧੂਆਂ ਦੀ
ਦਾਸੀ ਬਣ ਕੇ ਕਾਰ ਕਮਾਵੇ।

ਸਾਧੂ ਦੀ ਸੰਗਤ 'ਚ ਜਾਵੇ ਤਾਂ ਮਾਇਆ ਤੋਂ ਬਚਦਾ ਹੈ। ਫੇਰ ਨਾਮ ਚਲਦਾ ਹੈ ਕਿਉਂਕਿ ਇਹਦੇ ਬੇਅੰਤ ਰੂਪ ਨੇ, ਕਿਤੇ ਬੱਚਾ ਬਣੀ ਹੋਈ ਹੈ, ਕਿਤੇ ਇਸਤ੍ਰੀ ਬਣੀ ਹੋਈ ਹੈ, ਕਿਤੇ ਧਨ ਬਣੀ ਹੋਈ ਹੈ, ਕਿਤੇ ਪ੍ਰਭਤਾ ਬਣੀ ਹੋਈ ਹੈ, ਅਨੇਕਾਂ ਚੀਜ਼ਾਂ ਕਿਤੇ ਇੰਡਸਟਰੀ ਹੈ -

ਜੋ ਕੁਛ ਵੀ ਹੈ ਵਾਹਿਗੁਰੂ ਤੋਂ ਬਿਨਾਂ ਜਿੰਨਾਂ ਕੁਛ ਵੀ ਨਜ਼ਰ ਆਉਂਦਾ ਹੈ ਸਭ ਮਾਇਆ ਹੈ। ਜਿਹੜਾ ਨਜ਼ਰ ਨਹੀਂ ਆਉਂਦਾ, ਮਾਇਆ ਦੇ ਓਹਲੇ ਵਾਹਿਗੁਰੂ ਹੈ, ਸਿੱਧਾ ਹੀ ਹਿਸਾਬ ਹੈ, ਉਹ ਕਿਤੇ ਦੂਰ ਨਹੀਂ ਗਿਆ ਹੋਇਆ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਪਿਆਰਿਆ!

ਜਿਨੀ ਐਸਾ ਹਰਿ ਨਾਮੁ ਨ ਚੇਤਿਓ
ਸੇ ਕਾਹੇ ਜਗਿ ਆਏ ਰਾਮ ਰਾਜੇ ॥ ਅੰਗ- ੪੫੦

ਐਨੇ ਫਾਇਦੇ ਹੁੰਦੇ ਹੋਏ ਤੂੰ ਵਾਹਿਗੁਰੂ ਦਾ ਧਿਆਨ ਨਹੀਂ ਕਰਦਾ। ਉਹਨੂੰ ਚਿੱਤ 'ਚ ਨਹੀਂ ਵਸਾਉਂਦਾ, ਫੇਰ ਤੇਰੇ ਆਉਣ ਦਾ ਕੀ ਫਾਇਦਾ -

ਇਹੁ ਮਾਣਸ ਜਨਮੁ ਦੁਲੰਭੁ ਹੈ
ਨਾਮ ਬਿਨਾ ਬਿਰਥਾ ਸਭੁ ਜਾਏ ॥
ਹੁਣਿ ਵਤੈ ਹਰਿ ਨਾਮੁ ਨ ਬੀਜਿਓ
ਅਗੈ ਭੁਖਾ ਕਿਆ ਖਾਏ ॥ ਅੰਗ - ੪੫੦

ਹੁਣ ਅੱਗਾ ਵੀ ਆਇਆ ਪਿਆ ਹੈ ਉਥੇ ਕੀ ਖਾਵੇਂਗਾ। ਭੁੱਖਾ ਮਰੇਂਗਾ। ਰੋਵੇਂਗਾ ਪਰ ਫੇਰ ਬਣਨਾ ਨਹੀਂ ਕੁਛ -

ਧਾਰਨਾ - ਜ਼ਿੰਦੇ ਰੋਵੇਂਗੀ ਤੇ ਰੋ ਰੋ ਪਛਤਾਵੇਂਗੀ,

ਫੇਰ ਤੇਰਾ ਕੋਈ ਨਾ ਬਣੇ।
ਆਪੀਨੈ ਭੋਗ ਭੋਗਿ ਕੈ
ਹੋਇ ਭਸਮੜਿ ਭਉਰੁ ਸਿਧਾਇਆ ॥
ਵਡਾ ਹੋਆ ਦੁਨੀਦਾਰੁ
ਗਲਿ ਸੰਗਲੁ ਘਤਿ ਚਲਾਇਆ ॥
ਅਗੈ ਕਰਣੀ ਕੀਰਤਿ ਵਾਚੀਐ
ਬਹਿ ਲੇਖਾ ਕਰਿ ਸਮਝਾਇਆ ॥
ਥਾਉ ਨ ਹੋਵੀ ਪਉਦੀਈ
ਹੁਣਿ ਸੁਣੀਐ ਕਿਆ ਰੂਆਇਆ ॥
ਮਨਿ ਅੰਧੈ ਜਨਮੁ ਗਵਾਇਆ ॥ ਅੰਗ - ੪੬੪

ਮਹਾਰਾਜ ਕਹਿੰਦੇ -

ਕੀ ਖਾਏਂਗਾ ਪਿਆਰਿਆ ਅੱਗੇ ਜਵਾਬ ਤਾਂ ਦੇਹ? -

ਬੁਰੇ ਕਾਮ ਕਉ ਊਠਿ ਖਲੋਇਆ ॥
ਨਾਮ ਕੀ ਬੇਲਾ ਪੈ ਪੈ ਸੋਇਆ ॥
ਅੰਗ - ੭੩੮

ਹੁਣ ਸੁੱਤਾ ਪਿਆ, ਜਗਾਇਆ ਨਹੀਂ ਜਾਗਦਾ। ਸੰਤ ਹਾਕਾਂ ਮਾਰਦੇ ਨੇ, ਕਹਿੰਦੇ ਹੁਣ ਵਤ ਲੱਗੀ ਹੋਈ ਹੈ ਨਾਮ ਬੀਜਣ, ਮਾਣਸ ਜਨਮ ਮਿਲਿਆ ਹੋਇਆ, ਫੇਰ ਕੀ ਖਾਏਂਗਾ। 83 ਲੱਖ, 99 ਹਜ਼ਾਰ, 999 ਜੂਨਾਂ ਤੋਂ ਡਰ, ਗਲ ਪੈ ਜਾਣਗੀਆਂ।

ਇਸੁ ਪਉੜੀ ਤੇ ਜੋ ਨਰੁ ਚੂਕੈ
ਸੋ ਆਇ ਜਾਇ ਦੁਖੁ ਪਾਇਦਾ ॥ ਅੰਗ- ੧੦੭੫

ਮਨਮੁਖਾ ਫੇਰ ਜਨਮ ਹੈ, ਜਿਹੜੇ ਨਹੀਂ ਮੰਨਦੇ ਉਨ੍ਹਾਂ ਨੂੰ ਫੇਰ ਜਨਮ ਲੈਣਾ ਹੈ -

ਮਨਮੁਖੁ ਦੁਖ ਕਾ ਖੇਤੁ ਹੈ
ਦੁਖੁ ਬੀਜੇ ਦੁਖੁ ਖਾਇ ॥
ਦੁਖ ਵਿਚਿ ਜੰਮੈ ਦੁਖਿ ਮਰੈ
ਹਉਮੈ ਕਰਤ ਵਿਹਾਇ॥ ਅੰਗ - ੯੪੭

ਸੋ ਇਸ ਤਰ੍ਹਾਂ ਦੇ ਨਾਲ ਧਰੂੰ ਦੀ ਮਾਤਾ ਕਹਿਣ ਲੱਗੀ ਬੇਟਾ! ਜਿਹੜਾ ਕੰਮ ਆਪਾਂ ਨਾਮ ਜਪਣ ਦਾ ਉਹ ਕਰ ਨਾ ਸਕੇ। ਤਪ ਤਾਂ ਕਰਿਆ ਹੈ, ਲੇਕਿਨ ਨਾਮ ਨਹੀਂ ਜਪਿਆ। ਨਾਮ ਜਪਣ ਤੋਂ ਬਿਨਾਂ ਇਹ ਚੀਜ਼ ਪ੍ਰਾਪਤ ਨਹੀਂ ਹੁੰਦੀ ਸੋ ਇਸ ਤਰ੍ਹਾਂ ਦੇ ਨਾਲ ਆਪਸ ਵਿਚ ਵਿਚਾਰ ਕਰਦੇ ਨੇ -

ਧਾਰਨਾ - ਲਾਲ ਵੇ ਭਗਤੀ ਨਾ ਕੀਤੀ ਰੱਬ ਦੀ
ਤਾਂਹੀਓਂ ਹੋਇਆ ਨਿਰਾਦਰ ਤੇਰਾ।

ਨਾਮ ਨਹੀਂ ਜਪਿਆ, ਭਗਤੀ ਨਹੀਂ ਕਰੀ, ਤਪ ਦਾ ਦਾਨ ਦਾ ਫਲ ਮਿਲ ਗਿਆ, ਰਾਜੇ ਦੇ ਘਰ ਤੂੰ ਵੀ ਪੈਦਾ ਹੋ ਗਿਆ, ਮੈਂ ਵੀ ਪੈਦਾ ਹੋ ਗਈ। ਪਰ ਰਾਜ ਜੋਗੀ ਭਗਤੀ ਨਹੀਂ ਆਪਣੇ ਕੋਲੋਂ ਹੋਈ। ਇਸ ਕਰਕੇ ਤੇਰਾ ਨਿਰਾਦਰ ਹੋਇਆ, ਇਸ ਤਰ੍ਹਾਂ ਦੇ ਬਚਨ ਆਪਸ ਵਿਚ ਕਰਦੇ ਨੇ, ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਬਾਕੀ ਦੀਆਂ ਵਿਚਾਰਾਂ ਅਗਲੇ ਦੀਵਾਨ ਵਿੱਚ ਹੋਏਗੀ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

(********)

ਸੁਰਤਿ ਸਬਦਿ ਮਾਰਗ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ

(ਲੜੀ ਜੋੜਨ ਲਈ ਦੇਖੋ, ਮਈ ਅੰਕ ਪੰਨਾ - 23)

ਇਕ ਜੋਤਸ਼ੀ ਸੀ। ਇਕ ਰਾਜੇ ਨੂੰ ਸੁਪਨਾ ਆਇਆ। ਉਹਨੇ ਸੁਪਨਾ ਦੱਸਿਆ ਸਾਰਾ ਹੀ ਤੇ ਕਹਿਣ ਲੱਗਿਆ, ਆਪਣਾ ਹਿਸਾਬ-ਕਿਤਾਬ ਜੋੜੋ ਕਿ ਇਹ ਸੁਪਨੇ ਦਾ ਕੀ ਮਤਲਬ ਹੈ? ਉਸ ਵੇਲੇ, ਉਹ ਜੋਤਸ਼ੀ ਅਨਜਾਣ ਸੀ, ਉਹਨੂੰ ਪਤਾ ਤਾਂ ਲਗ ਗਿਆ ਲੇਕਿਨ ਗੱਲ ਦੱਸਣ ਦਾ ਢੰਗ ਨ ਆਇਆ। ਕਹਿਣ ਲੱਗਿਆ, ਬਾਦਸ਼ਾਹ ਸਲਾਮਤ! ਇਸ ਸੁਪਨੇ ਦਾ ਮਤਲਬ ਇਹ ਹੈ ਕਿ ਤੇਰਾ ਪੁੱਤ ਵੀ ਤੇਰੇ ਸਾਮ੍ਹਣੇ ਮਰੂ, ਤੇਰੇ ਘਰਵਾਲੀ ਵੀ, ਤੇਰਾ ਦੂਸਰ ਪੁੱਤ ਵੀ - ਸਾਰਾ ਪਰਿਵਾਰ ਤੇਰੇ ਸਾਮ੍ਹਣੇ ਮਰ ਜਾਏਗਾ। ਰਾਜੇ ਨੂੰ ਗੁੱਸਾ ਆ ਗਿਆ ਕਿ ਇਹਨੂੰ ਬੋਲਣ ਦੀ ਵੀ ਤਮੀਜ਼ ਨਹੀਂ। ਕੈਦ ਕਰ ਲਿਆ। ਉਸ ਵੇਲੇ ਵਜ਼ੀਰ ਨੂੰ ਪੁੱਛਿਆ, ਵਜ਼ੀਰ ਸਾਹਿਬ! ਮੈਨੂੰ ਐਸਾ ਸੁਪਨਾ ਆਇਆ ਹੈ। ਮੈਨੂੰ ਕ੍ਰਿਪਾ ਕਰਕੇ ਇਹ ਗੱਲ ਦੱਸੋ ਕਿ ਇਹਦਾ ਕੀ ਮਤਲਬ ਹੋ ਸਕਦਾ ਹੈ? ਕਹਿੰਦਾ, ਧੰਨ ਹੋ ਹਜ਼ੂਰ! ਧੰਨ ਹੋ। ਵਾਹਿਗੁਰੂ ਨੇ ਆਪ ਨੂੰ ਐਨੀ ਲੰਬੀ ਉਮਰ ਦਿਤੀ ਹੈ, ਪੁੱਤਰਾਂ ਨਾਲੋਂ ਵੀ, ਇਸਤ੍ਰੀਆਂ ਨਾਲੋਂ ਵੀ, ਪੋਤਰਿਆਂ ਨਾਲੋਂ ਵੀ; ਬਹੁਤ ਹੀ ਵੱਡੀ ਉਮਰ ਆਪ ਨੂੰ ਦਿਤੀ ਹੈ। ਖੁਸ਼ ਹੋ ਗਿਆ ਰਾਜਾ। ਸਿਰਫ ਬੋਲਣ ਦਾ ਫਰਕ ਸੀ।

ਮਹਾਰਾਜ ਕਹਿੰਦੇ, ਬੋਲਣ ਦਾ ਧਿਆਨ ਰੱਖੋ ਪ੍ਰੇਮੀਓ -

ਧਾਰਨਾ - ਫਿੱਕਾ ਬੋਲ ਨ ਜਬਾਨ ਵਿਚੋਂ ਬੋਲੀਏ,
ਤਨ ਮਨ ਫਿਕਾ ਹੋ ਜਊਗਾ -੨, ੨.

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥
ਅੰਗ - ੪੭੩

ਮਹਾਰਾਜ ਕਹਿੰਦੇ, ਰਾਜਨ! ਪਹਿਲੀ ਹਿੰਸਾ ਤਾਂ ਹੁੰਦੀ ਹੈ ਦੂਸਰਿਆਂ ਦਾ ਬੁਰਾ ਚਿਤਵੀ ਜਾਣਾ। ਜਿਹੜਾ ਬੰਦਾ ਦੂਸਰੇ ਦਾ ਬੁਰਾ ਚਿਤਵਦਾ ਹੈ, ਉਹ ਤੀਰਥ ਕਰ ਆਵੇ, ਦਾਨ ਕਰੀ ਜਾਵੇ, ਤੜਕੇ ਉਠ ਕੇ ਨ੍ਹਾਈ ਜਾਵੇ........ਕਿਉਂਕਿ ਉਹਨੇ ਪਹਿਲਾ ਡੰਡਾ ਹੀ ਨਹੀਂ ਸੰਭਾਲਿਆ, ਨਾਮ ਕਿਥੋਂ ਚੱਲੂਗਾ। ਬੁਰਾ ਕਰਨ ਵਾਲੇ ਦਾ ਬਿਲਕੁਲ ਨਾਮ ਨਹੀਂ ਚੱਲਦਾ। ਜਿਹੜੇ ਬੰਦਗੀ ਕਰਦੇ ਨੇ, ਪਤਾ ਹੈ ਉਨ੍ਹਾਂ ਨੂੰ। ਜੇ ਭੋਰਾ ਜਿੰਨਾਂ ਵੀ ਬੁਰਾ ਕਿਸੇ ਦੇ ਅੰਤਰ-ਆਤਮੇ ਆ ਜਾਵੇ, ਮੁਆਫੀ ਮੰਗਦੇ ਨੇ ਚਰਨਾਂ ਤੇ ਢਹਿ ਕੇ, ਕਿ ਮੈਥੋਂ ਗਲਤੀ ਹੋ ਗਈ, ਮੈਨੂੰ ਮੁਆਫ ਕਰ ਦਿਉ ਕਿਉਂਕਿ ਇਹ ਲੰਘ ਨਹੀਂ ਸਕਦਾ, ਉਥੇ ਹੀ ਰੁਕ ਜਾਊਗਾ। ਪਹਿਰੇਦਾਰ ਹੀ ਐਨੇ ਸਖਤ ਨੇ ਕਿ ਹਿੰਸਾ ਵਾਲਾ ਨਹੀਂ ਲੰਘ ਸਕਦਾ। ਦੂਸਰਾ ਹੁੰਦਾ ਹੈ, ਫਿੱਕਾ ਬੋਲਣਾ। ਉਹਦੇ ਦੂਰ-ਰਸ ਨਤੀਜੇ ਨਿਕਲਦੇ ਨੇ - ਫਿੱਕਾ ਬੋਲਣ ਦੇ।

ਕੋਈ ਆਦਮੀ ਅੱਖਾਂ ਤੋਂ ਹੀਣਾ ਜਾਂਦਾ ਹੋਵੇ, ਉਹਨੂੰ ਕਹਿ ਦੇਵੇ 'ਹਟ ਪਰੇ ਅੰਨ੍ਹਿਆਂ।' ਭਾਵੇਂ ਉਹ ਅੰਨ੍ਹਾ ਹੀ ਹੈ ਪਰ ਗੁੱਸਾ ਬੜਾ ਲੱਗੂ ਉਹਨੂੰ। ਜੇ ਉਹਨੂੰ ਕਹਿ ਦੇਵੇ, ਸੂਰਮਾ ਸਿੰਘ ਜੀ! ਸੂਰਦਾਸ ਜੀ! ਤੁਸੀਂ ਜ਼ਰਾ ਕੇ ਐਧਰ ਹੋ ਜਾਉ। ਉਹ ਖੁਸ਼ ਹੋ ਜਾਏਗਾ ਕਿਉਂਕਿ ਬੋਲ ਵਿੱਚ ਹੀ ਫਰਕ ਹੈ। ਲੰਗੜੇ ਨੂੰ ਲੰਙਾ ਲੰਗੜਿਆ..........ਇਹ ਬੋਲੀ ਵਿੱਚ ਫਰਕ ਹੈ। ਮਹਾਰਾਜ ਕਹਿੰਦੇ, ਬੋਲੀ ਨੂੰ ਸੋਧ ਕੇ ਬੋਲੋ। ਰੂਹਾਨੀ ਬੰਦਾ ਫਿੱਕਾ ਨਹੀਂ ਬੋਲਿਆ ਕਰਦਾ, ਉਹ ਹਰ ਕੌੜੀ ਗੱਲ ਨੂੰ ਵੀ ਮਿੱਠੀ ਬਣਾ ਕੇ ਕਹਿੰਦਾ ਹੈ, ਕੈਪਸੂਲ ਵਿੱਚ ਰੱਖ ਕੇ - ਕੌੜੀ ਵੀ ਜੇ ਕਹਿੰਦਾ ਹੈ।

ਤੀਸਰਾ ਹੁੰਦਾ ਹੈ ਕਿਸੇ ਦੇ ਜੀਵਨ ਦਾ ਖਾਤਮਾ ਕਰ ਦੇਣਾ। ਜਿੰਨੀ ਸ੍ਰਿਸ਼ਟੀ ਹੈ, ਇਹ ਸਭ ਵਾਹਿਗੁਰੂ ਦੀ ਸਾਜੀ ਹੋਈ ਹੈ, ਇਹਦੇ ਉਤੇ ਸਾਡਾ ਅਧਿਕਾਰ ਨਹੀਂ ਹੈ। ਸਾਡਾ ਅਧਿਕਾਰ ਐਨਾ ਕੁ ਹੈ ਕਿ ਪਸ਼ੂਆਂ ਨੂੰ ਪੱਠੇ ਪਾਓ ਤੇ ਉਨ੍ਹਾਂ ਤੋਂ ਕੰਮ ਲੈ ਲਓ। ਉਨ੍ਹਾਂ ਨੂੰ ਮਾਰਨਾ ਕੁੱਟਣਾ ਨਹੀਂ, ਜਿਵੇਂ ਬਲਦ ਨੂੰ ਭੁੱਖੇ ਰੱਖ ਕੇ ਪ੍ਰੇਸ਼ਾਨ ਕਰੋ, ਪਾਣੀ ਨਾ ਪਿਲਾਓ, ਮੱਝ ਨੂੰ ਕੁੱਟੀ ਜਾਓ, ਮੂੜੀ ਦੇ ਕੇ ਦੁੱਧ ਚੋਵੋ। ਜੇ ਤੂੰ ਅੱਜ ਇਹ ਗੱਲਾਂ ਕਰਦਾ ਹੈਂ, ਕੱਲ ਨੂੰ ਤੈਥੋਂ ਵੀ ਲੇਖਾ ਕਿਸੇ ਨੇ ਲੈਣਾ ਹੈ........ਸ਼ਕਤੀ ਬੈਠੀ ਹੈ -

ਕਬੀਰ ਜੋਰੀ ਕੀਏ ਜੁਲਮੁ ਹੈ
ਕਹਤਾ ਨਾਉ ਹਲਾਲੁ॥ ਅੰਗ - ੧੩੭੪

ਵੱਢ-ਵੱਢ ਕੇ ਖਾਂਦਾ ਹੈਂ। ਪ੍ਰਮੇਸ਼ਰ ਦੀ ਸ੍ਰਿਸ਼ਟੀ ਹੈ, ਇਹਦੇ ਉਤੇ ਸਾਡਾ ਅਧਿਕਾਰ ਨਹੀਂ ਹੈ ਕੋਈ ਵੀ - ਹੱਕ ਨਹੀਂ ਹੈ। ਹੱਕ ਸਿਰਫ ਓਥੇ ਹੈ ਜਿਥੇ ਕਿਸੇ ਚੀਜ਼ ਤੋਂ ਸਾਨੂੰ ਕੋਈ ਖਤਰਾ ਪੈ ਜਾਵੇ - ਮਨੁੱਖ ਜਾਮੇ ਨੂੰ, ਓਥੇ ਉਹ ਤੋਂ ਬਚਣ ਵਾਸਤੇ ਕਿਉਂਕਿ ਉਹ ਵੀ aggerssive ਹੈ। ਇਸ ਤਰੀਕੇ ਨਾਲ ਐਨੀ ਹਿੰਸਾ ਜਾਇਜ਼ ਹੈ, ਬਾਕੀ ਨਹੀਂ ਹੈ ਕਿ ਆਪਣੇ ਸੁਆਦਾਂ ਦੇ ਵਾਸਤੇ ਜਿਹਨੂੰ ਜੀਅ ਕਰੇ, ਵੱਢ ਕੇ ਖਾ ਲਓ। ਪਹਿਲੇ ਜ਼ਮਾਨੇ ਵਿੱਚ ਆਦਮੀ ਨੂੰ ਵੱਢ ਕੇ ਖਾ ਲੈਂਦੇ ਸੀ। ਆਦਮੀ ਟੱਪਿਆ ਫੇਰ ਬਹੁਤ, ਬਹੁਤ ਰੋਇਆ ਕਿ ਇਹ ਕੀ ਗੱਲ ਹੈ। ਕਿਸੇ ਦੇ ਅੜਿਕੇ ਆ ਜਾਊ, ਵੱਢ ਕੇ ਖਾ ਲੈਂਦੇ ਨੇ। ਫੇਰ ਥੋੜ੍ਹਾ-ਥੋੜ੍ਹਾ ਆਦਮੀ 'ਕੱਠੇ' ਹੋਣ ਲਗ ਗਏ। ਕਹਿਣ ਲੱਗੇ ਕਿ ਵੱਢੋ ਤਾਂ ਨਾ ਇਹਨੂੰ, ਗੁਲਾਮ ਕਰ ਲਓ। ਫੜ ਕੇ ਲੈ ਜਾਂਦੇ; 20, 20 ਹਜ਼ਾਰ ਲੜਕੀਆਂ ਟਕੇ-ਟਕੇ ਨੂੰ ਵਿਕਦੀਆਂ ਰਹੀਆਂ ਨੇ। ਇਹ ਕੱਲ੍ਹ ਦੀ ਗੱਲ੍ਹ ਹੈ, ਬਹੁਤੇ ਚਿਰ ਦੀ ਨਹੀਂ - ਸਾਰੇ 250 ਸਾਲ ਦੀ ਹੈ। 1763 ਸੰਨ ਦੀ ਬਾਤ ਹੈ, ਕੋਈ 24 ਹਜ਼ਾਰ ਬੀਬੀ ਗੁਜਰਾਤ ਤੋਂ ਬੰਨ੍ਹ ਕੇ ਲੈ ਗਏ, ਅਤੇ ਉਨ੍ਹਾਂ ਦਾ ਮੁੱਲ ਗਜ਼ਨੀ ਦੇ ਅੰਦਰ ਟਕਾ-ਟਕਾ ਪਿਆ ਉਸ ਵੇਲੇ। ਇਹ ਹਿੰਸਾ ਹੁੰਦੀ ਹੈ ਸਰੀਰ ਦੀ - ਧਰਮ ਤੋੜਨਾ, ਧਰਮ ਮਲੀਨ ਕਰ ਦੇਣਾ, ਸਰੀਰ ਦਾ ਨਾਸ਼ ਕਰ ਦੇਣਾ ਤੇ ਜਾਨਵਰਾਂ ਨੂੰ ਖਾ ਜਾਣਾ। ਮਹਾਰਾਜ ਕਹਿੰਦੇ, ਪਤਾ ਹੈ ਕੀ ਹੁੰਦਾ ਹੈ ਫੇਰ?

ਕਬੀਰ ਖੂਬੁ ਖਾਨਾ ਖੀਚਰੀ
ਜਾ ਮਹਿ ਅੰਮ੍ਰਿਤੁ ਲੋਨੁ॥

ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥
ਅੰਗ - ੧੩੭੪

ਹੇਰਾ ਕਹਿੰਦੇ ਨੇ 'ਜਾਨਵਰਾਂ ਨੂੰ ਮਾਰ ਕੇ ਖਾਣਾ।' ਇਹ ਜਿਹੜੇ ਵਿਆਹ ਹੁੰਦੇ ਨੇ; ਜੇ ਏਥੇ ਇਹ ਗੱਲ ਨਾ ਹੋਵੇ, ਪਤਾ ਨਹੀਂ ਕਿੰਨੇ ਕੁ ਜਾਨਵਰ ਮਰ ਜਾਣੇ ਸੀ। ਅੜ ਜਾਣਾ ਸੀ ਪਿੰਡ ਵਾਲਿਆਂ ਨੇ ਕਿ ਅਸੀਂ ਤਾਂ ਮਾਸ ਦੀ ਰੋਟੀ ਲੈਣੀ ਹੈ, ਲੜਕੀ ਵਾਲਾ ਕਹਿੰਦਾ, ਮੈਂ ਤਾਂ ਖਾਂਦਾ ਨਹੀਂ। ਕਹਿੰਦੇ, ਖਾਹ, ਨਾ ਖਾਹ, ਅਸੀਂ ਤਾਂ ਲੈਣੀ ਹੈ ਕਿਉਂਕਿ ਗੁਰੂ ਦੀ ਬਾਣੀ ਨੂੰ ਨਹੀਂ ਮੰਨਦੇ। ਗੁਰੂ ਦੀ ਬਾਣੀ ਇਹ ਕਹਿੰਦੀ ਹੈ ਕਿ ਜੇ ਤੂੰ ਜਾਨਵਰ ਮਾਰ ਕੇ ਖਾਏਂਗਾ, ਫੇਰ ਤੂੰ ਬਚ ਜਾਵੇਂਗਾ? ਤੈਨੂੰ ਵੀ ਗਲਾ ਕਟਾਉਣਾ ਪੈਣਾ ਹੈ, ਲੇਖਾ ਦੇਣਾ ਪੈਣਾ ਹੈ। ਤੂੰ final authority ਨਹੀਂ ਹੈ। ਜੇ ਕਹੇਂ, ਮੈਂ ਮੁਕਤੀ ਕਰਦਾ ਹਾਂ; ਮੁਕਤੀ ਤਾਂ ਤੇਰੀ ਆਪ ਹੀ ਨਹੀਂ ਹੋਈ, ਕਿਉਂ ਪਾਪਾਂ ਦੀਆਂ ਪੰਡਾਂ ਬੰਨ੍ਹਦਾ ਹੈਂ? ਇਸ ਤਰ੍ਹਾਂ ਇਹ ਤੀਸਰੀ ਹਿੰਸਾ ਹੁੰਦੀ ਹੈ -

ਤੀਜੀ ਹਿੰਸਾ ਜੀਵਨ ਕੇਰੀ॥
ਤਿਆਗੈ ਇਨ ਕੋ ਹ੍ਵੈ ਬਿਨ ਦੇਰੀ॥
ਪੰਨਾ - ੧●੮, (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਜਿੰਨਾ ਛੇਤੀ ਛੱਡ ਸਕਦੇ ਹੋ, ਮਹਾਰਾਜ ਕਹਿੰਦੇ, ਛੱਡ ਦਿਓ। ਦੇਖ, ਪਹਿਲੀ ਗੱਲ ਸਮਝ ਲੈ, ਇਹਨੂੰ 'ਹਿੰਸਾ' ਕਹਿੰਦੇ ਨੇ।

ਦੂਸਰਾ ਯਮ ਹੁੰਦਾ ਹੈ 'ਸਤਿ' - ਸਤਿ ਦਾ ਜੀਵਨ ਬਤੀਤ ਕਰਨਾ, ਤੇ ਸੱਚਾ ਬੰਦਾ ਜਿਹੜਾ ਹੈ -

ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥
ਅੰਗ - ੮੪

ਸੱਚੇ ਬੰਦੇ ਨੂੰ ਕੋਈ ਡਰ ਨਹੀਂ ਹੈ। ਜਿਹੜਾ ਸੱਚ ਵਿਚ ਵਸਦਾ ਹੈ, ਉਹਨੂੰ ਲੋੜ ਹੀ ਨਹੀਂ ਹੈ। ਸੱਚ ਵਾਹਿਗੁਰੂ ਹੈ। ਮਹਾਰਾਜ ਕਹਿੰਦੇ ਹਨ ਕਿ ਜਿਹੜਾ ਸੱਚੇ ਨਾਲ ਰਹਿੰਦਾ ਹੈ, ਉਹਦਾ ਜੀਵਨ ਵੀ ਸੱਚਾ ਹੈ, one-faced (ਅੰਦਰੋਂ ਬਾਹਰੋਂ ਇਕੋ ਜਿਹਾ) ਹੈ।

ਪਰ ਅੱਜ-ਕੱਲ੍ਹ ਕੀ ਹੈ - ਇਕ ਚਿਹਰਾ ਤਾਂ ਉਹ ਹੁੰਦਾ ਜਿਹੜਾ ਏਥੇ ਸਤਿਸੰਗ ਵਿੱਚ ਦਰਸ਼ਨ ਦਿੰਦਾ ਹੈ, ਇਕ ਚਿਹਰਾ ਉਹ ਹੈ ਜਿਹੜਾ ਦੋਸਤਾਂ ਮਿਤਰਾਂ ਵਿੱਚ ਗੱਪਾਂ-ਸ਼ੱਪਾਂ ਮਾਰਦਾ ਹੈ ਅਤੇ ਇਕ ਚਿਹਰਾ ਉਹ ਹੈ ਜਿਹੜਾ ਬਾਲ-ਬੱਚਿਆਂ ਵਿੱਚ ਜਾ ਕੇ ਬੜਾ ਭਿਆਨਕ ਬਣ ਜਾਂਦਾ ਹੈ। ਮਹਾਰਾਜ ਕਹਿੰਦੇ ਕਿ ਇਉਂ ਨਾ ਕਰ। ਸਤਿ ਨੂੰ ਹਿਰਦੇ ਵਿੱਚ ਧਾਰ ਤੇ ਇਹੋ ਜਿਹਾ ਜੀਵਨ ਬਿਤਾ - ਜਿਹੋ ਜਿਹਾ ਅੰਦਰੋਂ, ਉਹੋ ਜਿਹਾ ਬਾਹਰੋਂ। ਬਗੁਲੇ ਵਾਲੀ ਬਿਰਤੀ ਨਾ ਬਣਾ। ਬਾਜ ਨੂੰ ਦੁਨੀਆਂ ਵਿੱਚ ਕੋਈ ਮਾੜਾ ਨਹੀਂ ਕਹਿੰਦਾ, ਮੱਥਾ ਟੇਕਦੇ ਨੇ ਕਿਉਂਕਿ ਸਭ ਨੂੰ ਪਤਾ ਹੈ ਕਿ ਜਦੋਂ ਇਸਨੂੰ ਭੁੱਖ ਲਗੀ ਹੋਵੇ ਤਾਂ ਜਾਨਵਰ ਮਾਰ ਲੈਂਦਾ ਹੈ - ਉਂਝ ਕੁਛ ਨਹੀਂ ਕਹਿੰਦਾ। ਬਗੁਲੇ ਦਾ ਸਭ ਨੂੰ ਪਤਾ ਹੈ ਕਿ ਅੱਖਾਂ ਮੀਚ ਕੇ ਖੜ੍ਹਾ ਰਹਿੰਦਾ ਹੈ - ਇਕ ਪੈਰ ਦੇ ਭਾਰ, ਪਰ ਜਦ ਡੱਡੀ ਨੇੜੇ ਆ ਜਾਂਦੀ ਹੈ, ਇਕ ਦਮ ਚੁੰਝ ਮਾਰਦਾ ਹੈ ਤੇ ਡੱਡੀ ਫੜ ਲੈਂਦਾ ਹੈ। ਤਾਂ ਮਾੜਾ ਕਹਿੰਦੇ ਨੇ ਬਗੁਲੇ ਨੂੰ। ਮਹਾਰਾਜ ਕਹਿੰਦੇ ਨੇ ਤੂੰ ਇਉਂ ਨਾ ਕਰ, ਸਤਿ ਦਾ ਜੀਵਨ ਰੱਖ, ਇਕ ਵਿਸ਼ਵਾਸ਼ ਵਿੱਚ ਰਹਿ - ਪ੍ਰਭੂ ਦੇ ਪਿਆਰ ਵਿਚ।

ਦੁਤੀਯੇ ਸੱਚ ਉਚਰ ਨਿਰਭੈ ਹੈ॥
ਕਬਹੂ ਕੂਰ ਨਹਿੰ ਕਹਿ ਬਿਧ ਕੈ ਹੈ॥
ਪੰਨਾ - ੧●੮ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਕਿਸੇ ਤਰ੍ਹਾਂ ਵੀ ਝੂਠ ਨਾ ਬੋਲ, ਝੂਠ ਤੋਂ ਡਰ ਕਿਉਂਕਿ ਜਿਥੇ ਝੂਠ ਹੈ, ਓਥੇ ਪਾਪ ਨੇ ਆਪੇ ਹੀ ਆ ਜਾਣਾ ਹੈ।

ਦੇਖ ਰਾਜਨ! ਤੀਸਰੀ ਚੀਜ਼ ਹੈ 'ਚੋਰੀ।' ਚੋਰੀ ਦੋ ਤਰ੍ਹਾਂ ਦੀ ਹੁੰਦੀ ਹੈ - ਇਕ ਹੱਥਾਂ ਪੈਰਾਂ ਦੀ ਹੁੰਦੀ ਹੈ, ਇਕ ਮਨ ਦੀ ਹੁੰਦੀ ਹੈ -

ਤੀਜੈ ਚੋਰੀ ਭਾਂਤਨ ਦੋਈ॥
ਇਕ ਤਨ ਕੀ ਇਕ ਮਨ ਕੀ ਹੋਈ॥
ਪੰਨਾ - ੧●੮ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਇਕ ਤਨ ਦੀ ਚੋਰੀ ਹੈ, ਇਕ ਮਨ ਦੀ ਚੋਰੀ ਹੈ। ਮਨ ਦੀ ਚੋਰੀ ਉਹ ਹੈ ਜਿਹੜੀ ਲੁਕ ਛੁਪ ਕੇ ਕੋਈ ਕੰਮ ਕਰਨਾ ਹੈ, ਜਿਵੇਂ ਮਿਲਾਵਟ ਕਰਦੇ ਨੇ ਬੰਦੇ ਕਿ ਕੋਈ ਦੇਖ ਨਾ ਲਏ - ਪਾਣੀ ਪਾਉਂਦੇ ਨੇ ਦੁੱਧ ਵਿੱਚ, ਖੁਰਾਕ ਵਿੱਚ ਮਿਲਾਉਂਦੇ ਨੇ, ਦਵਾਈਆਂ ਵਿੱਚ ਮਿਲਾਵਟ ਕਰਦੇ ਨੇ ਅਤੇ ਹੋਰ ਕਈ ਪ੍ਰਕਾਰ ਦੀ ਮਿਲਾਵਟ ਕਰਦੇ ਨੇ। ਪ੍ਰਾਈਵੇਟ ਕੋਠੀਆਂ ਲਈਆਂ ਹੋਈਆਂ ਨੇ, ਉਥੇ ਕਿਸੇ ਨੂੰ ਨਹੀਂ ਜਾਣ ਦਿੰਦੇ। ਓਥੋਂ ਦੀ ਸ਼ੀਸ਼ੀਆਂ ਬਣ-ਬਣ ਕੇ ਆਈ ਜਾਂਦੀਆਂ ਨੇ।

ਇਹ ਚਾਹ ਪੀਂਦੇ ਨੇ ਬਹੁਤ ਲੋਕ, ਪਰ ਪਤਾ ਹੈ ਕੀ ਧੋਖਾ ਹੋ ਰਿਹਾ ਹੈ ਸਾਡੇ ਨਾਲ? ਇਕ ਤਾਂ ਫਿਰੋਜ਼ਪੁਰ ਹੈ ਕਾਰਖਾਨਾ, ਇਕ ਅੰਮ੍ਰਿਤਸਰ ਵਿਚ, ਇਕ ਬਠਿੰਡੇ ਵਿਚ ਹੈ। ਓਥੇ ਕੁਤਰਾ ਕਰਦੇ ਨੇ, ਫਿਰ ਉਸ ਤੇ ਕੈਮੀਕਲਜ਼ ਨਾਲ ਰੰਗ ਦਿੰਦੇ ਨੇ - ਨਾਲ ਹੀ ਦਿੰਦੇ ਨੇ ਨਸ਼ਾ। ਉਹ ਫਿਰ ਟਰੱਕ ਭਰ-ਭਰ ਕੇ ਭੇਜੇ ਜਾਂਦੇ ਨੇ ਦਿੱਲੀ ਨੂੰ - ਛੇ ਸੌ ਰੁਪਏ ਕੁਇੰਟਲ। ਫਿਰ ਦਿੱਲੀ ਤੋਂ ਚੰਡੀਗੜ੍ਹ ਵਿੱਚ ਅੱਠ ਸੌ ਰੁਪਏ ਕੁਇੰਟਲ ਭੇਜਦੇ ਨੇ। ਇਥੇ 7-8 ਏਜੰਸੀਆਂ ਨੇ। ਫਿਰ ਡੱਬੇ ਭਰ-ਭਰ ਕੇ ਵਧੀਆ-ਵਧੀਆ- ਇਹ ਫਲਾਣੀ ਚਾਹ ਹੈ, ਇਹ ਅਮਰੀਕੀ ਹੈ, ਇਹ ਧਿਮਕੀ ਹੈ - ਉਹ ਫਿਰ ਇਸ ਤਰ੍ਹਾਂ ਵੇਚੇ ਜਾਂਦੇ ਨੇ, ਨਾਲੇ ਕਹਿੰਦੇ ਨੇ ਕਿ ਬਹੁਤ ਵਧੀਆ ਚਾਹ ਹੈ। ਦੂਸਰੇ ਜਿਹੜੀ ਹੋਟਲਾਂ ਵਿੱਚ ਚਾਹ ਬਣਦੀ ਹੈ, ਉਹ ਸੁੱਟਦੇ ਨਹੀਂ, ਪੀਪੇ ਭਰ ਭਰ ਰੱਖੀ ਜਾਂਦੇ ਨੇ। ਮੁੜ ਕੇ ਫੇਰ ਓਥੇ ਹੀ ਲਜਾਏ ਜਾਂਦੇ ਨੇ ਅਤੇ ਕੈਮੀਕਲ ਨਾਲ ਰੰਗ ਦਿੰਦੇ ਨੇ, ਵਿੱਚ ਤਮਾਕੂ ਵੀ ਪਾ ਦਿੰਦੇ ਨੇ ਅਤੇ ਕਿੱਕਰ ਦਾ ਰਸ ਅਤੇ ਹੋਰ ਦਰਖਤਾਂ ਦੀਆਂ ਛਿੱਲਾਂ ਪਾ ਦਿੰਦੇ ਨੇ। ਬੜੇ ਤਜਰਬਾਕਾਰ ਨੇ - ਇਸ ਚੀਜ਼ ਦੇ। ਉਹ ਸਾਮ੍ਹਣੇ ਤਾਂ ਨਹੀਂ ਕਰਦੇ। ਫਿਰ ਆ ਕੇ ਗੁਰਦਵਾਰੇ ਅਤੇ ਕਿਸੇ ਧਰਮ ਅਸਥਾਨ ਤੇ ਮਾਇਆ ਦਾਨ ਕਰ ਦਿੰਦੇ ਨੇ।

ਮਹਾਰਾਜ ਕਹਿੰਦੇ ਹਨ ਕਿ ਇਹ ਚੋਰ ਨੇ, ਚੋਰੀ ਦਾ ਦਾਨ ਨਹੀਂ ਫਲਣਾ। ਸਾਧ ਸੰਗਤਿ! ਇਹ ਤਾਂ ਇਕ-ਇਕ, ਦੋ-ਦੋ ਰੁਪਏ ਵਿੱਚ ਹੀ ਬਰਕਤ ਹੈ, ਹਜ਼ਾਰਾਂ ਵਿੱਚ ਕੋਈ ਬਰਕਤ ਨਹੀਂ। ਚੋਰੀ ਦੇ ਜੇ ਲਿਆ ਕੇ ਦੇ ਦਿਓ, ਦੋਏ ਮਾਰੇ ਜਾਂਦੇ ਨੇ -

ਵਢੀਅਹਿ ਹਥ ਦਲਾਲ ਕੇ
ਮੁਸਫੀ ਏਹ ਕਰੇਇ॥
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥
ਅੰਗ - ੪੭੨

ਜਿਹੜਾ ਲੈਂਦਾ ਹੈ ਐਸਾ ਦਾਨ, ਉਹ ਵੀ ਮਾਰਿਆ ਜਾਂਦਾ ਹੈ ਅਤੇ ਜਿਹੜਾ ਦਿੰਦਾ ਹੈ, ਉਹਨੇ ਤਾਂ ਮਰਨਾ ਹੀ ਹੈ। ਚੋਰੀ ਹੁੰਦਾ ਹੈ - 'ਤੀਜਾ ਯਮ।'

ਪਰ ਕੀ ਵਸਤ ਛਪਾਵਨ ਕਰਨੀ॥
ਇਹੁ ਚੋਰੀ ਹੇ ਤਨ ਕੀ ਬਰਨੀ॥
ਪੰਨਾ - ੧੦੮, (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਪਰਾਈ ਵਸਤ ਨੂੰ ਛੁਪਾ ਲੈਣਾ; ਪ੍ਰਸ਼ਾਦਾ ਛਕਦੇ-ਛਕਦੇ ਲੁਕੋ ਲੈਣਾ ਕੋਈ ਬਰਤਨ, ਗਿਲਾਸ, ਕੌਲੀ ਵਗੈਰਾ। ਇਹ ਤਨ ਦੀ ਚੋਰੀ ਹੈ। ਦੂਜੇ, ਕਿਸੇ ਮਿੱਤਰ ਦੇ ਘਰ ਦੇ ਅੰਦਰੋਂ ਜਾਂਦੇ ਜਾਂਦੇ ਘੜੀ ਚੁੱਕ ਲੈਣੀ। ਘਰ ਵਾਲਾ ਹੈਰਾਨ ਹੋ ਜਾਂਦਾ ਹੈ, ਕਿਸੇ ਨੂੰ ਕਹਿ ਵੀ ਨਹੀਂ ਸਕਦਾ। ਬਿਚਾਰਾ, ਪਰ ਕਈ ਮੂੰਹ-ਫੱਟ ਹੁੰਦੇ ਨੇ, ਕਹਿ ਵੀ ਦਿੰਦੇ ਨੇ, ਤੇਰੇ ਬਿਨਾਂ ਕੋਈ ਨਹੀਂ ਆਇਆ। ਮਿੱਤਰਾਂ ਵਾਲਾ ਕਿੱਧਰ ਗਿਆ ਪਿਆਰ ਤੇਰਾ। ਤੈਂ ਹੀ ਚੁੱਕੀ ਹੈ ਮੇਰੀ ਘੜੀ।' ਪਰ ਕਈ ਸ਼ਰੀਫ ਬੰਦੇ ਚੁੱਪ ਕਰ ਜਾਂਦੇ ਨੇ ਕਿ ਮੈਂ ਇਹਨੂੰ ਕਿਵੇਂ ਕਹਾਂ। ਫੇਰ -

ਕਰਹਿ ਪਾਪ ਪੁੰਨ ਰਖਹਿ ਦੁਰਾਇ॥
ਇਹ ਮਨ ਕੀ ਚੋਰੀ ਕਹਿਲਾਇ॥
ਪੰਨਾ - ੧੦੮ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਕਹਿੰਦੇ ਨੇ ਕਿ ਲੁਕਾ ਕੇ ਰਖਦਾ ਹੈ - ਪਾਪ ਕਰਕੇ ਵੀ।

ਇਹ ਤਿੰਨ ਡੰਡੇ ਤੈਨੂੰ ਦੱਸ ਦਿਤੇ ਹਨ; ਪਹਿਲਾ - ਅਹਿੰਸਾ, ਦੂਜਾ - ਸਤਿ, ਤੀਜਾ - ਚੋਰੀ ਤੇ ਚੌਥਾ - ਬ੍ਰਹਮਚਰੀਆ। ਇਹਦੀ ਹੱਦ ਤੋਂ ਜ਼ਿਆਦਾ ਲੋੜ ਹੈ ਰੂਹਾਨੀ ਮਾਰਗ ਦੇ ਅੰਦਰ। ਜਦ ਤਕ ਅਸੀਂ ਇਹਨੂੰ ਨਹੀਂ ਸਮਝਦੇ, ਓਨੀ ਦੇਰ ਤੱਕ ਸਾਡਾ ਸਰੀਰ ਨਹੀਂ ਕੰਮ ਕਰਦਾ। ਇਹ fuel ਹੁੰਦਾ ਹੈ - ਸਰੀਰ ਦਾ। ਜਿਹਨੇ ਰੱਬ ਦੇ ਰਾਹ ਤੇ ਜਾਣਾ ਹੈ, ਉਹਨੂੰ 'ਬ੍ਰਹਮਚਰੀਆ' ਰੱਖਣਾ ਹੀ ਪੈਣਾ ਹੈ - ਹਿਸਾਬ ਦੇ ਨਾਲ -

ਚੌਥੇ ਬ੍ਰਹਮਚਰਜ ਸੁਖ ਸਾਰੁ॥
ਜੀਤਨ ਕਾਮ ਅਸ਼ਟ ਪਰਕਾਰੁ॥
ਪੰਨਾ - ੧੦੮ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਇਹ ਸੁਖ ਦਿੰਦਾ ਹੈ ਅਤੇ ਇਹ ਅੱਠ ਤਰੀਕਿਆਂ ਨਾਲ ਜਿੱਤਿਆ ਜਾਂਦਾ ਹੈ। ਇਹ ਧਿਆਨ ਨਾਲ ਸਰਵਣ ਕਰ -

ਪ੍ਰਿਥਮੈ ਤੀਯ ਕੀ ਬਾਤੈਂ ਕਰਨੀ॥
ਦੂਜੈ ਸੁਨ ਸੁਨ ਮਨ ਮਹਿੰ ਧਰਨੀ॥
ਪੰਨਾ - ੧੦੮ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਕਿਸੇ ਇਸਤ੍ਰੀ ਦੀਆਂ ਗੱਲਾਂ ਕਰੀ ਜਾਣੀਆਂ ਆਪਸ ਵਿੱਚ, ਇਹ ਪਾਪ ਹੋਇਆ ਕਰਦਾ ਹੈ। ਫਿਰ ਉਸ ਬਾਰੇ ਗੱਲਾਂ ਮਨ ਵਿੱਚ ਧਾਰ ਲੈਣੀਆਂ -

ਤੀਜੈ ਤੀਯ ਇਕਾਂਤ ਮਿਲ ਬੈਸਨ॥
ਚੌਥੇ ਹੋਵਹਿ ਅੰਗ ਸਪਰਸਨ॥
ਪੰਨਾ - ੧੦੮, (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਫਿਰ ਯਤਨ ਕਰਨਾ ਕਿ ਕਿਤੇ ਇਕੱਲੇ ਮਿਲੀਏ। ਫਿਰ ਆਨੇ ਬਹਾਨੇ ਨੇੜੇ ਲਗਣਾ -

ਪਾਂਚਮ ਹਿਤ ਕਰਿ ਦੇਖੈ ਤੀਯ ਸੋਂ॥
ਛਠਮ ਅਲੰਗਨ ਕਰੈ ਹੀਅ ਸੋਂ॥
ਪੰਨਾ - ੧੦੮, (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਫਿਰ ਹੋਰ ਤਰ੍ਹਾਂ ਪਿਆਰ ਦੇ ਨਾਲ ਉਸ ਵੱਲ ਦੇਖਣਾ ਸ਼ੁਰੂ ਕਰਨਾ। ਫਿਰ ਹਿਰਦੇ ਵਿੱਚ ਧਿਆਨ ਧਰ ਕੇ ਚੇਤੇ ਕਰਨਾ -

ਸਪਤ ਚਿਤਵਨੋ ਮਨ ਮਹਿੰ ਨਾਰੀ॥
ਅਸ਼ਟਮ ਮੈਥਨ ਹੈ ਬਿਧ ਸਾਰੀ॥
ਪੰਨਾ - ੧੦੮ (ਸ੍ਰੀ ਗੁ. ਪ੍ਰ, ਪ੍ਰ. ਗ੍ਰੰਥ)

ਚਿਤਵਨੀ ਕਰੀ ਜਾਣਾ - ਆਦਿ ਆਦਿ। ਇਹ ਅੱਠ ਤਰ੍ਹਾਂ ਦਾ ਹੈ 'ਬ੍ਰਹਮਚਰੀਆ' -

ਬ੍ਰਹਮ ਚਰਜ ਹੈ ਇਨ ਕੇ ਤਿਆਗੇ॥
(ਪੰਨਾ ੧੦੮, ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਕਹਿੰਦੇ, ਕੋਈ ਚੀਜ਼ ਲੁਕੀ ਨਹੀਂ ਰਹਿੰਦੀ। ਐਸਾ ਮਹਾਰਾਜ ਦਾ ਫੁਰਮਾਨ ਹੈ -

ਧਾਰਨਾ - ਕੋਈ ਪਾਪ ਛੁਪਿਆ ਨਾ ਰਹਿਣਾ,
ਜਾ ਕੇ ਵਿਚ ਦਰਗਾਹ ਦੇ - ੨, ੨.
ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥
ਤਕਹਿ ਨਾਰਿ ਪਰਾਈਆ
ਲੁਕਿ ਅੰਦਰਿ ਠਾਣੀ ॥
ਸੰਨ੍ਹੀ ਦੇਨ੍ਹਿ ਵਿਖੰਮ ਥਾਇ
ਮਿਠਾ ਮਦੁ ਮਾਣੀ ॥
ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥
ਅੰਗ - ੩੧੫

ਸਾਰੇ ਪਾਪ ਦਰਗਾਹ ਵਿੱਚ ਨੰਗੇ ਹੋ ਜਾਣਗੇ। ਗਲਤ ਗੱਲਾਂ ਨਾ ਕਰ ਕਿਉਂਕਿ -

ਬਿਸਾਰਿ ਹਰਿ ਜੀਉ ਬਿਖੈ ਭੋਗਹਿ
ਤਪਤ ਥੰਮ ਗਲਿ ਲਾਇ॥ ਅੰਗ - ੧੦੦੧

ਇਹ ਗੱਲਾਂ ਐਵੇਂ ਤਾਂ ਨਹੀਂ। ਮਹਾਰਾਜ ਕਹਿੰਦੇ ਕਿ ਜਦ ਤੱਤੇ ਥੰਮ੍ਹਾਂ ਨਾਲ ਲਾਇਆ ਗਿਆ, ਫਿਰ ਰੋਵੇਂਗੀ ਜਿੰਦੇ, ਤੇਰੀ ਸਹਾਇਤਾ ਨਹੀਂ ਕਿਸੇ ਨੇ ਕਰਨੀ -

ਰੇ ਨਰ ਕਾਇ ਪਰਗ੍ਰਿਹਿ ਜਾਇ॥ ਅੰਗ - ੧੦੦੧

ਕਿਉਂ ਬਿਗਾਨੇ ਘਰਾਂ ਵਿਚ ਜਾਂਦਾ ਹੈਂ - ਵਿਸ਼ੇ ਦਾ ਅੰਨ੍ਹਾ ਕੀਤਾ ਹੋਇਆ -

ਏਕਾ ਨਾਰੀ ਜਤੀ ਹੋਇ

ਪਰ ਨਾਰੀ ਧੀ ਭੈਣ ਵਖਾਣੈ॥

ਭਾਈ ਗੁਰਦਾਸ ਜੀ, ਵਾਰ ੬/੮

ਜਿਹੜਾ ਇਕ ਨਾਰੀ ਵਾਲਾ ਹੈ - ਉਹ ਜਤੀ ਹੈ, ਤੇ ਬਾਕੀਆਂ ਨੂੰ ਧੀਆਂ, ਭੈਣਾਂ, ਮਾਵਾਂ ਸਮਾਨ ਸਮਝੇ -

ਦੇਖਿ ਪਰਾਈਆਂ ਚੰਗੀਆਂ
ਮਾਵਾਂ ਭੈਣਾ ਧੀਆਂ ਜਾਣੈ॥

(ਭਾਈ ਗੁਰਦਾਸ ਜੀ, ਵਾਰ ੨੯/੧੧)

ਪਰ ਨਾਰੀ ਕੀ ਸੇਜ, ਭੂਲਿ ਸੁਪਨੇ ਹੂ ਨਾ ਜੈਯਹੁ॥

(ਪਾਤਸ਼ਾਹੀ ੧੦)

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਅੰਗ - ੨੭੪

ਮਹਾਰਾਜ ਕਿੰਨੇ ਬਚਨ ਕਰਦੇ ਨੇ। ਮਹਾਰਾਜ ਕਹਿੰਦੇ, "ਰਾਜਨ! ਚੌਥਾ ਜਿਹੜਾ ਯਮ ਹੈ, ਇਹ ਬ੍ਰਹਮਚਾਰੀਆ ਹੈ। ਇਹਦਾ ਪਾਲਣ ਕਰਨਾ ਬੰਦਗੀ ਵਾਲੇ ਨੂੰ ਹੱਦ ਤੋਂ ਜ਼ਿਆਦਾ ਜ਼ਰੂਰੀ ਹੈ।

ਪੰਜਵਾਂ 'ਧੀਰਜ' ਹੈ। ਜਦੋਂ ਤਕ ਬੰਦਾ ਧੀਰਜਵਾਨ ਨਾ ਹੋਵੇ, ਬੰਦਗੀ ਸਿਰੇ ਨਹੀਂ ਚੜ੍ਹਿਆ ਕਰਦੀ -

ਪੰਚਮ ਯਮ ਧੀਰਜ ਅਨਰਾਗੈ॥

ਪੰਨਾ - ੧੦੮ (ਸ੍ਰੀ ਗੁ.ਪ੍ਰ.ਪ੍ਰ. ਗ੍ਰੰਥ)

ਧੀਰਜ ਇਹ ਹੁੰਦਾ ਹੈ ਕਿ ਕੋਈ ਮੰਦੀ-ਚੰਗੀ ਗੱਲ ਹੋ ਗਈ ਤਾਂ ਇਕ ਦਮ ਨਹੀਂ ਭੜਕਣਾ। ਧੀਰਜ ਵਿੱਚ ਬਹੁਤ ਵੱਡੀ ਸ਼ਕਤੀ ਹੈ। ਮਹਾਰਾਜ ਕਹਿੰਦੇ, ਜਿਹੜੇ ਸਾਧੂ ਹੁੰਦੇ ਨੇ, ਉਨ੍ਹਾਂ ਵਿੱਚ ਬਹੁਤ ਧੀਰਜ ਹੁੰਦਾ ਹੈ।

ਇਕ ਮਹਾਤਮਾ ਸੀ, ਉਹ ਪ੍ਰਸ਼ਾਦਾ ਲੈਣ ਲਈ ਕਿਸੇ ਵਿਆਹ ਵਾਲੇ ਘਰ ਚਲੇ ਗਏ। ਉਥੇ ਸਾਰੇ ਹੀ ਆਪੋ ਆਪਣੇ ਰੰਗਾਂ ਵਿੱਚ ਮਸਤ ਸਨ, ਸੰਤਾਂ ਨੂੰ ਕੋਈ ਪੁੱਛੇ ਹੀ ਨਾ। ਐਨੇ ਨੂੰ ਇਕ ਬੰਦਾ ਆਇਆ, ਕਹਿੰਦਾ, ਤੂੰ ਏਥੇ ਖੜ੍ਹਾ ਕੀ ਕਰਦਾ ਹੈਂ? ਸੰਤ ਕਹਿੰਦੇ, ਭਾਈ! ਪ੍ਰਸ਼ਾਦਾ ਮਿਲ ਜਾਵੇ। ਉਹ ਕਹਿੰਦਾ, ਤੂੰ ਕੰਮ ਕੀ ਕਰਿਆ ਏਥੇ ਆ ਕੇ; ਬਰਤਨ ਮਾਂਜੇ ਨੇ? ਔਹ ਮਾਰਿਆਂ ਧੱਕਾ ਸੰਤਾਂ ਨੂੰ। ਸੰਤ ਬੀਤਰਾਗ ਪੁਰਸ਼ ਸੀਗੇ - ਬ੍ਰਹਮਗਿਆਨ ਅਵਸਥਾ ਦੇ। ਕਹਿੰਦੇ, ਚੰਗਾ ਭਾਈ, ਤੇਰਾ ਭਲਾ ਹੋਵੇ, ਪ੍ਰੇਮੀਆਂ! ਬੁਰਾ ਨਹੀਂ ਕਿਹਾ। ਜੇ ਇਕ ਵੀ ਬਚਨ ਕਰ ਦਿੰਦੇ, ਸਭ ਕੁਛ ਹੀ ਖਤਮ ਕਰ ਦਿੰਦੇ।

ਆਸ਼ਰਮ 'ਚ ਆ ਗਏ। ਪ੍ਰਮੇਸ਼ਰ ਦੇ ਦਰ 'ਤੇ ਸੰਤਾਂ ਦਾ ਦੁੱਖ ਪਹੁੰਚ ਗਿਆ। ਸੱਤ ਦਿਨ ਲੰਘ ਗਏ ਪ੍ਰਸ਼ਾਦਾ ਮਿਲੇ ਨੂੰ। ਉਸੇ ਵੇਲੇ ਪ੍ਰਮੇਸ਼ਰ ਨੇ ਦੂਤ ਭੇਜ ਦਿਤੇ, ਹੱਥਾਂ ਵਿਚ ਮਿਸਾਲਾਂ ਫੜੀਆਂ ਹੋਈਆਂ ਨੇ। ਦੂਤ ਸੰਤਾਂ ਕੋਲ ਆ ਕੇ ਕਹਿਣ ਲੱਗੇ, ਸੰਤ ਜੀ! ਦੱਸੋ ਕਿਹੜਾ ਬੰਦਾ ਹੈ ਜਿਹਨੇ ਤੁਹਾਨੂੰ ਧੱਕੇ ਮਾਰੇ ਨੇ? ਸੰਤ ਪੁੱਛਣ ਲੱਗੇ, ਇਹ ਮਿਸ਼ਾਲਾਂ ਕਿਉਂ ਚੁੱਕੀਆਂ ਨੇ? ਉਹ ਕਹਿੰਦੇ, ਅਸੀਂ ਸਾਰਾ ਪਿੰਡ ਜਾਲਣਾ ਹੈ। ਜਿਥੇ ਇਕ ਪਾਪੀ ਰਹਿੰਦਾ ਹੋਵੇ, ਉਸ ਦੀ ਸਜ਼ਾ ਸਾਰਿਆਂ ਨੂੰ ਮਿਲਣੀ ਚਾਹੀਦੀ ਹੈ। ਸੁਣ ਕੇ ਸੰਤ ਕਹਿੰਦੇ, ਮੈਨੂੰ ਵੀ ਦਿਓ ਇਕ ਮਿਸ਼ਾਲ। ਦੇਵਦੂਤਾਂ ਨੇ ਇਕ ਮਿਸ਼ਾਲ ਸੰਤਾਂ ਨੂੰ ਫੜਾ ਦਿਤੀ ਤੇ ਸੰਤ ਉਨ੍ਹਾਂ ਦੂਤਾਂ ਵਲ ਨੂੰ ਹੀ ਚੱਲ ਪਏ ਜਾਲਣ। ਦੂਤ ਕਹਿੰਦੇ, ਇਹ ਕੀ ਕਰਨ ਲੱਗੇ ਹੋ ਤੁਸੀਂ? ਸੰਤ ਕਹਿੰਦੇ, ਇਹਦੇ ਵਿੱਚ ਲੋਕਾਂ ਦਾ ਕੀ ਕਸੂਰ ਹੈ? ਮੇਰੀ ਹੀ ਪ੍ਰਾਲਬਧ ਮੰਦ ਹੋ ਗਈ ਜੋ ਸੱਤ ਦਿਨ ਪ੍ਰਸ਼ਾਦਾ ਨਹੀਂ ਆਇਆ। ਇਹ ਸਾਰਾ ਭਗਵਾਨ ਦਾ ਕੰਮ ਹੈ ਜਿਹੜਾ ਰਾਜ਼ਕ ਬਣਿਆ ਹੋਇਆ ਹੈ, ਜਿਸ ਦਾ ਨਾਉਂ ਬਿਸ਼ੰਭਰ ਹੈ -

ਕਾਹੇ ਰੇ ਮਨ ਚਿਤਵਹਿ
ਉਦਮੁ ਜਾ ਆਹਰਿ ਹਰਿ ਜੀਉ ਪਰਿਆ॥
ਸੈਲ ਪਥਰ ਮਹਿ ਜੰਤ ਉਪਾਏ
ਤਾ ਕਾ ਰਿਜਕੁ ਆਗੈ ਕਰਿ ਧਰਿਆ॥

ਅੰਗ - ੪੯੫

ਉਹ ਉਨ੍ਹਾਂ ਦੇ ਮਨ ਨੂੰ ਪਰੇਰ ਦਿੰਦਾ। ਹੁਣ ਜਾਲਣ ਭੇਜੇ ਨੇ! ਹੁਣ ਜਾਲਣ ਭੇਜੇ ਨੇ ਦੂਤ। ਪਿੰਡ ਨੇ ਕੀ ਕਸੂਰ ਕਰਿਆ? ਕਿੰਨਾ ਧੀਰਜ ਹੈ, ਸਾਧ ਸੰਗਤ ਜੀ।

ਗੁਰੂ ਅਮਰਦਾਸ ਮਹਾਰਾਜ - ਆਪ ਨੂੰ ਜਦੋਂ ਗੁਰਿਆਈ ਮਿਲੀ ਤਾ ਆਪ ਗੋਇੰਦਵਾਲ ਭੇਜ ਦਿਤੇ, ਖਡੂਰ ਸਾਹਿਬ ਤੋਂ ਮਹਾਰਾਜ ਗੁਰੂ ਅੰਗਦ ਸਾਹਿਬ ਨੇ - ਪਹਿਲਾਂ ਹੀ। ਇਸਦਾ ਕੋਈ ਕਾਰਨ ਸੀ। ਉਹ ਇਹ ਸੀ ਕਿ ਪਹਿਲਾਂ ਇਕ ਵਾਰ ਹੁਕਮ ਅਨੁਸਾਰ (ਗੁਰੂ) ਅਮਰਦਾਸ ਜੀ ਮਹਾਰਾਜ ਜਦੋਂ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਨੂੰ ਆ ਰਹੇ ਸੀ ਤਾਂ ਰਸਤੇ ਵਿੱਚ ਇਕ ਹੱਡੀ ਪਈ ਸੀ। ਅਚਾਨਕ ਮਹਾਰਾਜ ਜੀ ਦਾ ਚਰਨ ਉਸ ਹੱਡੀ ਨਾਲ ਛੋਹ ਗਿਆ। ਉਸ ਵੇਲੇ ਅਜੇ ਗੁਰਿਆਈ ਨਹੀਂ ਸੀ ਮਿਲੀ। ਨਾਲ ਆਏ ਸਾਰੇ ਸਿਖ ਦੇਖ ਕੇ ਹੈਰਾਨ ਹੋ ਗਏ ਕਿ ਉਸ ਹੱਡੀ ਵਿੱਚੋਂ ਧੂੰਆਂ ਜਿਹਾ ਨਿਕਲਣਾ ਸ਼ੁਰੂ ਹੋ ਗਿਆ ਤੇ ਉਸ ਤੋਂ ਬਾਅਦ ਇਕ ਮਨੁੱਖ ਵਰਗੀ ਸ਼ਕਲ ਹੱਡੀ 'ਚੋਂ ਨਿਕਲ ਆਈ ਤੇ ਨਮਸ਼ਕਾਰ ਕਰਕੇ ਤੁਰ ਗਈ।

ਦੂਸਰੇ ਦਿਨ ਜਦੋਂ ਉਹ ਸਾਰੇ ਸਿੱਖ ਗੁਰੂ ਅੰਗਦ ਸਾਹਿਬ ਪਾਸ ਵਾਪਿਸ ਗਏ ਤਾਂ ਬੇਨਤੀ ਕੀਤੀ ਕਿ ਪਾਤਸ਼ਾਹ! ਕੱਲ੍ਹ ਤਾਂ ਬੜਾ ਇਕ ਅਸਚਰਜ ਕੌਤਕ ਦੇਖਿਆ। ਕਹਿੰਦੇ, ਕੀ? ਮਹਾਰਾਜ! ਕੱਲ੍ਹ ਬਾਬਾ ਅਮਰਦਾਸ ਜੀ ਤੁਰੇ ਜਾਂਦੇ ਸੀ। ਇਕ ਹੱਡੀ ਦੇ ਨਾਲ ਸਹਿਜ ਸੁਭਾਅ ਉਨ੍ਹਾਂ ਦਾ ਪੈਰ ਲੱਗ ਗਿਆ ਤਾਂ ਉਹਦੇ ਵਿਚੋਂ ਧੂੰਆਂ ਜਿਹਾ ਹੋ ਕੇ ਇਕ ਬੰਦਾ ਨਿਕਲ ਆਇਆ। ਗੁਰੂ ਮਹਾਰਾਜ ਅੰਤਰ ਧਿਆਨ ਹੋ ਕੇ ਕਹਿਣ ਲੱਗੇ, "ਬਾਬਾ ਅਮਰਦਾਸ! ਇਹ ਬੰਦਾ ਮਹਾਂ-ਪਾਪੀ ਹਤਿਆਰਾ ਸੀ, ਨਰਕ ਵਿੱਚ ਦੁੱਖ ਭੋਗ ਰਿਹਾ ਸੀ ਤੇ ਪਤਾ ਨਹੀਂ ਕਿੰਨੇ ਹਜ਼ਾਰ ਸਾਲ ਹੋਰ ਦੁਖ ਭੋਗਣੇ ਸੀ ਕੁੰਭੀ ਨਰਕ ਵਿੱਚ - ਆਪਣੇ ਪਾਪਾਂ ਦਾ ਫਲ। ਪਰ ਤੇਰੇ ਚਰਨਾਂ ਵਿੱਚ ਐਨੀ ਪਵਿੱਤਰਤਾ ਆ ਗਈ ਕਿ ਤੂੰ ਉਸਨੂੰ ਨਰਕਾਂ ਵਿੱਚੋਂ ਖਿੱਚ ਲਿਆ ਤੇ ਹੁਣ ਗੋਇੰਦਵਾਲ ਜਾਂਦਿਆਂ ਬੇਅੰਤ ਮਰੇ ਹੋਏ ਜੀਵ ਹੁਕਮ ਦੇ ਵਿਚ ਤੇਰੇ ਚਰਨਾਂ ਦੇ ਨਾਲ ਲਗਣੇ ਨੇ ਤੇ ਉਹ ਸਾਰੇ ਜਿਉਂਦੇ ਹੋ ਕੇ ਤੁਰੀ ਜਾਣਗੇ। ਤੂੰ ਅਥਾਹ ਸ਼ਕਤੀਆਂ ਦਾ ਮਾਲਕ ਹੈਂ, ਤੇਰੇ 'ਤੇ ਗੁਰੂ ਨਾਨਕ ਦੀ ਬਹੁਤ ਕ੍ਰਿਪਾ ਹੋ ਗਈ ਤੇ ਹੁਣ ਤੂੰ ਨਾ ਆਈਂ ਏਥੇ। ਅਸੀਂ ਆਪ ਦਰਸ਼ਨ ਕਰਨ ਆਇਆ ਕਰਾਂਗੇ।

ਬਾਬਾ ਅਮਰਦਾਸ ਜੀ ਉਸ ਖਿੜਕੀ ਵਿੱਚ ਬੈਠ ਜਾਂਦੇ ਸੀ ਜਿਹੜੀ ਖਡੂਰ ਸਾਹਿਬ ਵੱਲ ਖੁਲ੍ਹਦੀ ਸੀ ਅਤੇ ਸਾਰਾ ਦਿਨ ਦੂਰ ਦੂਰ ਤੱਕ ਦੇਖੀ ਜਾਣਾ ਕਿ ਮਹਾਰਾਜ ਹੁਣ ਆਉਂਦੇ ਨੇ, ਹੁਣ ਆਉਂਦੇ ਨੇ; ਬਿਹਬਲ ਹੋ ਜਾਣਾ, ਵੈਰਾਗ ਦੇ ਵਿਚ ਹਰ ਵਕਤ ਰਹਿਣਾ। ਹੁਕਮ ਮੰਨਿਆ ਆਪ ਨੇ। ਜਦੋਂ ਆਪ ਗੁਰਗੱਦੀ ਦੀ ਪ੍ਰਾਪਤੀ ਹੋਈ ਤਾਂ ਮਹਿਮਾ ਬੜੀ ਦੂਰ-ਦਰਾਜ ਤਕ ਫੈਲ ਗਈ। ਐਨੀ ਫੈਲ ਗਈ ਕਿ ਆਪ ਲੰਗਰ ਲੋੜ ਤੋਂ ਵਾਧੂ ਜਾਂ ਤਾਂ ਵਾਪਸ ਮੋੜ ਦਿੰਦੇ ਸੀ ਤੇ ਜਾਂ ਕੋਲ ਵਗ ਰਹੇ ਦਰਿਆ ਬਿਆਸ ਦੇ ਵਿੱਚ ਪਾ ਦਿੰਦੇ ਸੀ ਤੇ ਕੜਾਹੇ ਮੂਧੇ ਮਾਰ ਦਿੰਦੇ ਸੀ ਸਾਰੇ। ਬੇਅੰਤ ਸੰਗਤ ਆਉਂਦੀ ਸੀ। ਕਿਸੇ ਨੇ ਨਹੀਂ ਕਦੇ ਕਿਹਾ ਕਿ ਮਹਾਰਾਜ! ਕੱਲ੍ਹ ਨੂੰ ਕੀ ਬਣਾਵਾਂਗੇ। ਸਵੇਰ ਵੇਲੇ ਫੇਰ ਲੰਗਰ ਆ ਜਾਂਦਾ ਸੀ। ਇਉਂ ਬੇਅੰਤ ਧਨ ਆਉਂਦਾ ਸੀ, ਬੇਅੰਤ ਸੰਗਤਾਂ ਆਉਂਦੀਆਂ ਸੀ।

ਏਧਰ ਗੁਰੂ ਅੰਗਦ ਸਾਹਿਬ ਦੇ ਲੜਕੇ ਦਾਤੂ ਜੀ ਨੇ ਸੋਚਿਆ ਕਿ ਮੈਂ ਗੁਰੂ ਦਾ ਪੁੱਤਰ ਹਾਂ ਤੇ ਇਹ ਅਮਰਦਾਸ ਤਾਂ ਸਾਡਾ ਦਾਸ ਸੀ, 12 ਸਾਲ ਪਾਣੀ ਢੋਂਦਾ ਰਿਹਾ ਹੈ ਸਾਡੇ - ਇਸ ਨੂੰ ਗੱਦੀ? ਮੈਨੂੰ ਮੰਨਣਗੇ ਲੋਕ ਕਿ ਇਹਨੂੰ ਮੰਨਣਗੇ? ਕਿਉਂਕਿ ਜਦੋਂ ਸਰੀਰ 'ਚ ਹੁੰਦੇ ਨੇ ਮਹਾਤਮਾ, ਉਸ ਵੇਲੇ ਸੰਗਤ ਮਹਾਤਮਾ ਦੀ ਔਲਾਦ ਨੂੰ, ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਚੰਗਾ ਸਮਝੀ ਜਾਂਦੇ ਹੁੰਦੇ ਨੇ, ਭਾਵੇਂ ਕੱਖ ਦੇ ਨਾ ਹੋਣ। ਕੁਦਰਤੀ ਚੰਗਾ ਸਮਝਦੇ ਹੁੰਦੇ ਨੇ ਕਿ ਇਨ੍ਹਾਂ ਦੀ ਕੁਲ ਦੇ ਨੇ। ਇਸ ਕਰਕੇ ਸਤਿਕਾਰ ਕਰਦੇ ਨੇ, ਤ੍ਰਿਸਕਾਰ ਨਹੀਂ ਕਰਦੇ। ਪੁੱਤਰਾਂ ਦਾ ਤਾਂ ਹੱਦ ਤੋਂ ਜ਼ਿਆਦਾ ਸਤਿਕਾਰ ਸੀ - ਦਾਤੂ ਜੀ ਦਾ, ਦਾਸੂ ਜੀ ਦਾ ਹੱਦ ਤੋਂ ਜ਼ਿਆਦਾ ਸਤਿਕਾਰ ਕਰਦੇ ਸੀ। ਇਸ ਕਰਕੇ ਉਸ ਨੇ ਸੋਚਿਆ ਕਿ ਸੰਗਤ ਕਿਵੇਂ ਚਲੀ ਜਾਊਗੀ - ਮੈਨੂੰ ਛੱਡ ਕੇ? ਇਹ ਨਹੀਂ ਸੀ ਪਤਾ ਕਿ ਗੁਰੂ ਨਾਨਕ ਦੀ ਗੱਦੀ ਤਾਂ ਧੁਰ ਦਰਗਾਹ ਦੀ ਹੈ, ਇਹ ਕਿਸੇ ਪੁੱਤਰਾਂ ਆਦਿ ਦੀ ਨਿਜੀ ਨਹੀਂ ਹੈ। ਕੋਈ ਨਾ ਆਇਆ ਮੱਥਾ ਟੇਕਣ, ਨਾ ਕੋਈ ਭੇਟਾ ਆਵੇ। ਲੰਗਰ ਵੀ ਬਣਾਵੇ, ਬੰਦੇ ਵੀ ਭੇਜੇ ਕਿ ਪ੍ਰਸ਼ਾਦਾ ਤਾਂ ਛਕ ਜਾਉ, ਪਰ ਕੋਈ ਪ੍ਰਸ਼ਾਦਾ ਛਕਣ ਵੀ ਨਾ ਆਵੇ ਕਿ ਇਹ ਗੁਰੂ ਦੀ ਬਰਾਬਰੀ ਕਰ ਰਿਹਾ ਹੈ।

ਸੰਗਤ ਅਤੇ ਸਿੱਖ ਸਾਰੇ ਸ਼ਰਧਾ ਪ੍ਰੇਮ ਨਾਲ ਬੰਨ੍ਹੇ ਹੁੰਦੇ ਨੇ, ਪਾਰਟੀਆਂ ਨਹੀਂ ਹੁੰਦੀਆਂ ਵੋਟਾਂ ਵਾਲਿਆਂ ਵਾਂਗੂੰ। ਵੋਟਾਂ ਲੈਣ ਵਾਲੇ ਤਾਂ ਗੱਠ ਲੈਂਦੇ ਨੇ ਦੂਜਿਆਂ ਨੂੰ, ਪਰ ਰੂਹਾਨੀ ਬੰਦਾ ਨਹੀਂ ਗੱਠ ਹੁੰਦਾ ਕਿਉਂਕਿ ਉਹਦਾ ਨਿਹਚਾ ਹੁੰਦਾ ਹੈ ਮਹਾਤਮਾ 'ਤੇ - ਨਹੀਂ ਜਾਂਦਾ ਮਹਾਤਮਾ ਕੋਲੋਂ। ਉਸ ਵੇਲੇ ਇਹਦੇ ਨਾਲ ਦਿਆਂ ਨੇ ਕਿਹਾ ਕਿ ਇਹਨੂੰ ਦੁਬੱਲ ਦਿਓ ਏਥੋਂ, ਰਹਿਣ ਹੀ ਨ ਦੇਈਏ - ਗੋਇੰਦਵਾਲ। ਓਥੇ ਬਣਾਉਣ ਵਾਸਤੇ ਭੇਜਿਆ ਸੀ, ਬਣਾਇਆ ਤਾਂ ਤੁਹਾਡੇ ਪਿਤਾ ਨੇ ਹੈ, ਓਹਦਾ ਕੀ ਹੱਕ ਹੈ ਓਥੇ ਬੈਠਣ ਦਾ?

ਓਧਰ ਦੀਵਾਨ ਲਗਿਆ ਹੋਇਆ ਹੈ ਗੁਰੂ ਮਹਾਰਾਜ ਦਾ, ਬੇਅੰਤ ਸੰਗਤ ਆਈ ਹੋਈ ਹੈ। ਉਸ ਵੇਲੇ ਉਹਨੇ ਜਾ ਕੇ ਕੋਈ ਗੱਲ ਨਹੀਂ ਕੀਤੀ। ਗੁਰੂ ਮਹਾਰਾਜ ਜੀ ਨੇ ਦੇਖਿਆ ਕਿ ਗੁਰੂ ਪੁੱਤਰ ਆ ਰਿਹਾ ਹੈ, ਹੱਥ ਜੋੜ ਲਏ ਦੋਨੋਂ - ਸਤਿਕਾਰ ਦੇ ਨਾਲ। ਬਿਰਧ ਸਰੀਰ ਹੈ, 90 ਸਾਲ ਦੇ ਕਰੀਬ ਉਮਰ ਹੈ; ਆਪ ਜੀ ਗੁਰੂ ਪੁੱਤਰ ਦੇ ਸਤਿਕਾਰ ਵਾਸਤੇ ਉਠਣ ਦੀ ਤਿਆਰੀ ਕਰ ਰਹੇ ਨੇ ਲੇਕਿਨ ਇਹ ਐਡਾ ਕ੍ਰੋਧ ਵਸ ਹੋਇਆ ਹੋਇਆ ਹੈ ਕਿ ਆਉਂਦੇ ਨੇ ਹੀ ਐਡੀ ਜ਼ੋਰ ਨਾਲ ਗੁਰੂ ਮਹਾਰਾਜ ਦੀ ਵੱਖੀ 'ਚ ਲੱਤ ਮਾਰੀ ਕਿ ਮਹਾਰਾਜ ਜੀ ਨੂੰ ਲਾਹ ਕੇ ਤਖਤ ਤੋਂ ਥੱਲੇ ਮਾਰਿਆ। ਉਸ ਵੇਲੇ ਜੇ ਆਪ ਇਕ ਵੀ ਬਚਨ ਕਰ ਦਿੰਦੇ ਤਾਂ ਸਾਰਾ ਕੁਛ ਫਨਾਹ ਕਰ ਦਿੰਦੇ। ਇਹ ਸਾਧ ਸੰਗਤ ਜੀ ਮਾਣ ਹੈਂ। ਪ੍ਰਮੇਸ਼ਰ ਦੇ ਨਾਲ ਜੇ ਕੋਈ ਚੀਜ਼ ਵਿਰੋਧਤਾ ਕਰਦੀ ਹੈ - ਉਹ ਮਾਣ ਹੈ ਜੋ ਪ੍ਰਮੇਸ਼ਰ ਨੂੰ ਨਹੀਂ ਭਾਉਂਦਾ -

ਧਾਰਨਾ -ਤੇਰਾ ਮਾਣ, ਤੇਰਾ ਮਾਣ, ਤੇਰਾ ਮਾਣ ਓ,
ਗੁਰਾਂ ਨੂੰ ਨਾ ਭਾਵੇ ਭਾਈ, ਤੇਰਾ ਮਾਣ ਓ- ੨,੨.

ਹਰਿ ਜੀਉ ਅਹੰਕਾਰੁ ਨ ਭਾਵਈ
ਵੇਦ ਕੂਕਿ ਸੁਣਾਵਹਿ॥ ਅੰਗ - ੧੦੮੯

ਦੁਰਮਤਿ ਹਰਣਾਖਸੁ ਦੁਰਾਚਾਰੀ॥
ਪ੍ਰਭੁ ਨਾਰਾਇਣ ਗਰਬ ਪ੍ਰਹਾਰੀ॥
ਪ੍ਰਹਲਾਦ ਉਧਾਰੇ ਕਿਰਪਾ ਧਾਰੀ॥ ਅੰਗ- ੨੨੪

ਪ੍ਰਮੇਸ਼ਰ ਨੂੰ ਹੰਕਾਰ ਨਹੀਂ ਭਾਉਂਦਾ ਤੇ ਦੂਜੇ ਪਾਸੇ ਮਹਾਤਮਾ ਜਿਹੜੇ ਨੇ, ਉਨ੍ਹਾਂ ਦਾ ਜਿਗਰਾ ਬਹੁਤ ਵੱਡਾ ਹੁੰਦਾ ਹੈ। ਫੁਰਮਾਨ ਕਰਿਆ ਹੈ -

ਫਰੀਦਾ ਸਾਹਿਬ ਦੀ ਕਰਿ ਚਾਕਰੀ
ਦਿਲ ਦੀ ਲਾਹਿ ਭਰਾਂਦਿ॥
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥
ਅੰਗ - ੧੩੮੧

ਧਾਰਨਾ - ਰੁੱਖਾਂ ਵਰਗਾ ਜੇਰਾ,
ਪਿਆਰੇ, ਲੋੜੀਂਦੈ ਦਰਵੇਸਾਂ ਨੂੰ - ੨, ੨.

ਟਾਹਣੇ ਵੱਢ ਲਓ, ਇੱਟਾ ਮਾਰ ਲਓ, ਪਰ ਰੁੱਖਾਂ ਨੇ ਛਾਂ ਦੇਣੀ ਹੀ ਦੇਣੀ ਹੈ, ਫਲ ਦੇਣਾ ਹੈ - ਇੱਟਾ ਖਾ ਕੇ ਵੀ। ਮਹਾਰਾਜ ਕਹਿੰਦੇ ਨੇ, ਇਹ ਹੁੰਦਾ ਹੈ ਮਹਾਤਮਾ ਦਾ ਜਿਗਰਾ।

ਉਸ ਵੇਲੇ ਗੁਰੂ ਅਮਰਦਾਸ ਜੀ ਮਹਾਰਾਜ ਇਕ ਦਮ ਸੰਭਲੇ ਤੇ ਦੋਵੇਂ ਹੱਥ ਜੋੜ ਕੇ ਕਹਿਣ ਲੱਗੇ, ''ਵੱਡੀ ਅਵੱਗਿਆ ਹੋਈ ਹੈ ਸਾਡੇ ਤੋਂ, ਮੈਨੂੰ ਤੁਹਾਡੇ ਆਉਣ ਤੋਂ ਪਹਿਲਾਂ ਹੀ ਖੜ੍ਹੇ ਹੋਣਾ ਚਾਹੀਦਾ ਸੀ। ਚੰਗਾ ਕਰਿਆ ਤੁਸੀਂ - ਮੈਨੂੰ ਸੁਮੱਤਿ ਦੇ ਦਿਤੀ।'' ਫੇਰ ਕਹਿੰਦੇ, ''ਬੜਾ ਮਾੜਾ ਹੋਇਆ -

ਯਾਂ ਤੇ ਅਧਿਕ ਸਰੀਰ ਕਠੋਰਾ॥
ਤੁਮਰੇ ਚਰਨ ਮ੍ਰਿਦਲ ਨਹਿਂ ਥੋਰਾ॥
ਪੰਨਾ - ੧੪੬੨ (ਸ੍ਰੀ ਗੁ. ਪ੍ਰ. ਸੂ. ਗ੍ਰੰਥ)

ਮੇਰਾ ਤਨ ਬੁੱਢਾ ਹੋਣ ਕਰਕੇ ਕਠੋਰ ਹੋ ਗਿਆ ਹੈ, ਤੁਹਾਡੇ ਚਰਨ ਮਹਾਂ-ਪੁਰਸ਼ੋ! ਗੁਰੂ ਸਾਹਿਬਜ਼ਾਦਿਓ! ਬੜੇ ਨਰਮ ਨੇ, ਨਾਜ਼ੁਕ ਨੇ -

ਹੁਯੋ ਹੋਇਗੋ ਕਸ਼ਟ ਮਹਾਨਾ॥
ਛਿਮਹੁ ਭਯੋ ਅਪਰਾਧ ਅਜਾਨਾ॥
ਪੰਨਾ - ੧੪੬੨ (ਸ੍ਰੀ ਗੁ. ਪ੍ਰ. ਸੂ. ਗ੍ਰੰਥ)

(ਬਾਕੀ ਪੰਨਾ 51 'ਤੇ)

ਸੱਚਖੰਡਵਾਸੀ ਸ਼੍ਰੀ ਮਾਨ ਸੰਤ ਬਾਬਾ ਵ੍ਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

ਆਪ ਜੀ ਦਾ ਜਨਮ ਪਿੰਡ ਧਮੋਟ, ਤਹਿਸੀਲ ਪਾਇਲ, ਜ਼ਿਲਾ ਲੁਧਿਆਣਾ (ਪੰਜਾਬ) ਵਿਖੇ 17 ਜੂਨ 1918 ਨੂੰ ਹੋਇਆ। ਇਹ ਉਹ ਸਮਾਂ ਸੀ ਜਦੋਂ ਦੇਸ਼ ਦੀ ਆਜ਼ਾਦੀ ਲਈ ਮੁਹਿੰਮਾਂ ਚਲ ਰਹੀਆਂ ਸਨ ਅਤੇ ਗੁਲਾਮੀ ਦੇ ਜੂਲੇ ਨੂੰ ਲਾਹ ਸੁੱਟਣ ਲਈ ਹਰ ਪਾਸੇ ਜਦੋਂ ਜਹਿਦ ਹੋ ਰਹੀ ਸੀ। ਧਾਰਮਿਕ ਖੇਤਰ ਵਿਚ ਵੀ ਸ਼ੁੱਧੀ ਲਹਿਰ ਜ਼ੋਰਾ ਤੇ ਸੀ, ਹਰ ਧਰਮ ਪਾਖੰਡਵਾਦ ਦੇ ਖਿਲਾਫ ਜੂਝ ਰਿਹਾ ਸੀ ਤੇ ਲੋਕਾਂ ਨੂੰ ਸੱਚੀ ਧਰਮ ਕਿਰਿਆ ਨਾਲ ਜੋੜਨ ਲਈ ਉਤਸਕ ਸੀ। ਈਸਾਈ ਪ੍ਰਚਾਰ ਜ਼ੋਰਾਂ ਤੇ ਸੀ ਤੇ ਹਰ ਤਰ੍ਹਾਂ ਦੀਆਂ ਸਹੂਲਤਾਂ ਰਾਹੀਂ, ਮਾਇਕ ਸਹਾਇਤਾ ਰਾਹੀਂ, ਉਚ ਪਦਵੀਆਂ ਦੇ ਲਾਲਚ ਰਾਹੀਂ ਲੋਕਾਂ ਨੂੰ ਈਸਾਈ ਬਣਨ ਲਈ ਪ੍ਰੇਰਿਆ ਜਾ ਰਿਹਾ ਸੀ। ਇਸ ਸਮੇਂ ਹੀ ਸਿੰਘ ਸਭਾ ਲਹਿਰ ਨੇ ਜ਼ੋਰ ਪਕੜਿਆ ਜਿਸ ਨੇ ਸਿਖ ਧਰਮ ਵਿਚ ਆਏ ਵਿਗਾੜ ਨੂੰ ਸੋਧਨ ਦੇ ਯਤਨ ਕੀਤੇ, ਸਿਖ ਧਰਮ ਵਿਚ ਆ ਚੁੱਕੀਆਂ ਕੁਰੀਤੀਆਂ ਤੋਂ ਲੋਕਾਂ ਨੂੰ ਜਾਣੂ ਕਰਾਇਆ, ਸਿਖ ਧਰਮ ਦੀਆਂ ਵਿਸ਼ੇਸ਼ਤਾਈਆਂ ਨੂੰ ਉਭਾਰਿਆ ਅਤੇ ਨੌਜਵਾਨਾਂ ਨੂੰ ਆਪਣੇ ਵਿਰਸੇ ਨਾਲ ਜੋੜਨ ਦੇ ਉਪਰਾਲੇ ਕੀਤੇ। ਇਸ ਮਹਾਨ ਕਾਰਜ ਲਈ ਸਾਹਿਤ ਰਚਿਆ ਗਿਆ, ਟ੍ਰੈਕਟ ਲਿਖੇ ਗਏ, ਪੁਸਤਕਾਂ ਲਿਖੀਆਂ ਗਈਆਂ ਅਤੇ ਥਾਂ-ਥਾਂ ਧਾਰਮਿਕ ਦੀਵਾਨਾਂ ਦਾ ਸਿਲਸਿਲਾ ਸ਼ੁਰੂ ਹੋਇਆ। ਆਪ ਜੀ ਦੇ ਪਿਤਾ ਜਥੇਦਾਰ ਕਰਤਾਰ ਸਿੰਘ ਜੀ ਦ੍ਰਿੜ੍ਹਤਾ ਵਾਲੇ ਪੂਰਨ ਗੁਰਸਿਖ ਸਨ।



ਸੱਚਖੰਡਵਾਸੀ ਸ਼੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ


ਕਠਨ ਘਾਲਣਾ, ਨਾਮ ਅਭਿਆਸ ਅਤੇ ਗੁਰੂ ਸਿਦਕ ਤੇ ਨਦਰ ਰਾਹੀਂ ਪ੍ਰਾਪਤ ਹੁੰਦੀ ਹੈ ਜਿਸ ਦੀ ਬਖਸ਼ਿਸ਼ ਰਾੜੇ ਸਾਹਿਬ ਵਾਲੇ ਮਹਾਂਪੁਰਸ਼ਾਂ ਨੂੰ ਪ੍ਰਾਪਤ ਸੀ। ਮਹਾਂਪੁਰਸ਼ਾਂ ਨਾਲ ਪਹਿਲੀ ਮਿਲਣੀ ਨੇ ਹੀ ਕਰਾਮਾਤੀ ਕਲਾ ਵਰਤਾ ਦਿੱਤੀ। ਜੋ ਸੰਵਾਦ ਵੱਡੇ ਮਹਾਂਪੁਰਸ਼ਾ ਨਾਲ ਆਪ ਜੀ ਦਾ ਹੋਇਆ ਇਸ ਦਾ ਵਖਿਆਨ ਸਭ ਸੰਗਤਾਂ ਨੂੰ ਕਈ ਵਾਰੀ ਸਤਿਸੰਗ ਵਿਚ ਸੁਣਨ ਦਾ ਅਵਸਰ ਮਿਲਿਆ ਹੈ।

ਧਾਰਮਿਕ ਅਤੇ ਸੁਧਾਰਿਕ ਰੁੱਚੀ ਕਾਰਨ ਆਪ ਜੀ ਨੇ ਛੋਟੀ ਉਮਰ ਵਿਚ ਹੀ ਪ੍ਰਚਾਰ ਦਾ ਕਾਰਜ ਸ਼ੁਰੂ ਕਰ ਦਿਤਾ ਸੀ। ਆਪ ਜੀ ਦੀ ਆਯੂ 18 ਵਰ੍ਹਿਆਂ ਦੀ ਸੀ ਜਦੋਂ ਆਪ ਜੀ ਮਹਾਂਪੁਰਸ਼ਾਂ ਦੀ ਆਗਿਆ ਅਨੁਸਾਰ ਪ੍ਰਚਾਰ ਕਰਦੇ ਸਿੰਧ ਪੁੱਜੇ ਜਿਥੇ ਆਪ ਜੀ ਨੇ ਗੁਰਬਾਣੀ ਅਤੇ ਸਿਖੀ ਸਿਧਾਂਤਾ ਨਾਲ ਲੋਕਾਂ ਨੂੰ ਜੋੜਿਆ। ਬਹੁਤ ਲੋਕ ਆਪ ਜੀ ਤੋਂ ਪ੍ਰਭਾਵਤ ਹੋਏ ਅਤੇ ਦੇਵੀ ਦੇਵਤਿਆਂ ਦੀ ਪੂਜਾ ਅਤੇ ਕਰਮਕਾਂਡ ਛੱਡ ਕੇ ਗੁਰਬਾਣੀ ਨਾਲ ਜੁੜ ਗਏ। ਬਹੁਤ ਲੋਕਾਂ ਨੇ ਸ਼ਰਾਬ ਅਤੇ ਨਸ਼ਿਆਂ ਦਾ ਤਿਆਗ ਕਰਕੇ ਸੱਚਾ ਜੀਵਨ ਧਾਰਨ ਕੀਤਾ। ਨਵਾਬ ਸ਼ਾਹ ਸ਼ਹਿਰ ਦੇ 60 ਮੀਲ ਦੇ ਰਕਬੇ ਵਿਚ ਜਿਥੇ ਪੰਜਾਬ ਦੇ ਕਿਸਾਨ ਵਸਣ ਲਈ ਜੱਦੋ ਜਹਿਦ ਕਰ ਰਹੇ ਸੀ, ਆਪ ਜੀ ਦੇ ਦੀਵਾਨਾਂ ਤੋਂ ਪ੍ਰਭਾਵਿਤ ਹੋਏ ਅਤੇ ਨਸ਼ਿਆਂ ਨੂੰ ਛੱਡ ਕੇ ਸਿੱਖੀ ਧਾਰਨ ਕੀਤੀ। ਇਸ ਸਮੇਂ ਦੀਆਂ ਬੜੀਆਂ ਵਚਿੱਤਰ ਕਹਾਣੀਆਂ ਹਨ ਜੋ ਆਪ ਜੀ ਕਦੀ ਪ੍ਰਸੰਗ ਵਜੋਂ ਸੁਣਾਉਂਦੇ ਰਹਿੰਦੇ ਸਨ।

1941 ਵਿਚ ਆਪ ਜੀ ਨੇ ਆਰਮੀ ਹੈਡ ਕੁਆਟਰਜ਼ ਪਟਿਆਲਾ ਵਿਖੇ ਨੌਕਰੀ ਸ਼ੁਰੂ ਕਰ ਲਈ ਅਤੇ ਸੰਤ ਸਿਪਾਹੀ ਦੇ ਰੂਪ ਵਿਚ ਕਿਰਿਆਸ਼ੀਲ ਹੋਣ ਲਗੇ। ਅੰਮ੍ਰਿਤ ਵੇਲੇ ਤਿੰਨ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰਨਾ ਅਤੇ ਘੰਟਿਆਂ ਬੱਧੀ ਭਜਨ ਬੰਦਗੀ ਸਿਮਰਨ ਅਤੇ ਪਾਠ ਵਿਚ ਜੁੜ ਜਾਣਾ। ਇਸ ਸਮੇਂ ਦੀਆਂ ਸਤਿਸੰਗ ਦੀਆਂ ਅਨੇਕ ਕਥਾਵਾਂ ਪ੍ਰਸਿਧ ਹਨ। ਉਪਰੰਤ ਆਪ ਜੀ ਨੇ ਪੰਜਾਬ ਸਿਵਲ ਸੈਕਟਰੀਏਟ ਵਿਚ 1966 ਤੱਕ ਸਰਵਿਸ ਕੀਤੀ ਜਿਸ ਸਮੇਂ ਵਿਚ ਆਪ ਜੀ ਆਪਣੇ ਸੰਗੀ ਸਾਥੀਆਂ ਨੂੰ ਛੁੱਟੀ ਦੇ ਸਮੇਂ ਵਿਚ ਰੂਹਾਨੀਅਤ ਤੇ ਪ੍ਰਵਚਨ ਕਰਦੇ ਅਤੇ ਉਨ੍ਹਾਂ ਦੇ ਬੇਅੰਤ ਸ਼ੰਕਿਆਂ ਦੀ ਤਸੱਲੀਬਖਸ਼ ਨਵਿਰਤੀ ਕਰਦੇ।

1966 ਵਿਚ ਰਾੜਾ ਸਾਹਿਬ ਦੇ ਮਹਾਂਪੁਰਸ਼ਾਂ ਦੇ ਬਚਨਾਂ ਦੀ ਪਾਲਨਾ ਕਰਦਿਆਂ ਅਤੇ ਬਣਦੀ ਪੈਨਸ਼ਨ ਦੀ ਪ੍ਰਵਾਹ ਨਾ ਕਰਦਿਆਂ ਆਪ ਜੀ ਨੇ ਸਿਵਲ ਸਕੱਤਰੇਤ ਦੀ ਨੌਕਰੀ ਛੱਡ ਦਿਤੀ ਅਤੇ ਯੂ.ਪੀ. ਵਿਚ ਤਰਾਈ ਦੇ ਇਲਾਕੇ ਵਿਚ ਆਪਣੀਆਂ ਜ਼ਮੀਨਾਂ ਤੇ ਚਲੇ ਗਏ। ਆਪ ਜੀ ਨੇ ਜਿਸ ਕਾਰਜ ਨੂੰ ਵੀ ਅਰੰਭਿਆ, ਉਸ ਨੂੰ ਸਿਰੇ ਤਕ ਲਿਜਾ ਕੇ ਪੂਰਨਤਾ ਹਾਸਲ ਕੀਤੀ। ਖੇਤੀ ਬਾੜੀ ਵਿਚ ਵੀ ਆਪ ਜੀ ਨੇ Intensive Farming ਕਰਕੇ ਉਪਜਾਊ ਜੰਗਲੀ ਧਰਤੀ ਨੂੰ ਲਹਿ ਲਹਾਉਂਦੇ ਖੇਤਾਂ ਵਿਚ ਬਦਲ ਦਿਤਾ। ਆਪ ਜੀ ਦਾ ਫਾਰਮ ਹਾਊਸ ਵੇਖਣ ਲਈ ਦੂਰ ਦੂਰ ਤੋਂ ਲੋਕ ਆਉਂਦੇ ਸਨ। ਆਪ ਜੀ ਦੇ ਖੇਤਾਂ ਦੀ ਫੀ ਹੈਕਟਰ ਉਪਜ ਪੂਰੀ ਹੁੰਦੀ ਸੀ।

ਏਥੇ ਆਪ ਜੀ ਨੇ ਵੇਖਿਆ ਕਿ ਸਿੱਖ ਕਿਸਾਨ ਆਪਣਾ ਵਿਰਸਾ ਭੁੱਲ ਕੇ ਗੁਰਸਿਖੀ ਭੁੱਲ ਕੇ ਵਿਕਾਰਾਂ ਅਤੇ ਮੰਦੇ ਕੰਮਾਂ ਵਿਚ ਪਏ ਹੋਏ ਸਨ। ਸ਼ਰਾਬਾਂ ਪੀਣੀਆਂ, ਨਸ਼ੇ ਕਰਨੇ, ਪਸ਼ੂ-ਡੰਗਰ ਚੋਰੀ ਕਰਨੇ, ਪੈਸੇ ਲੈ ਕੇ ਬੰਦੇ ਕਤਲ ਕਰਨੇ ਇਨ੍ਹਾਂ ਦਾ ਨਿਤ ਦਾ ਧੰਦਾ ਬਣ ਚੁਕਾ ਸੀ। ਇਨ੍ਹਾਂ ਅਪਰਾਧੀ ਬਣੇ ਲੋਕਾਂ ਵਿਚ ਆਪ ਜੀ ਨੇ ਪ੍ਰਚਾਰ ਦਾ ਕੰਮ ਸ਼ੁਰੂ ਕੀਤਾ। ਆਪਣੇ ਸਾਜ ਲੈ ਕੇ ਥਾਂ ਥਾਂ ਦੀਵਾਨ ਲਗਾਏ, ਲੋਕਾਂ ਨੂੰ ਗੁਰੂ ਮਹਾਰਾਜ ਜੀ ਦੇ ਉਪਦੇਸ਼ਾਂ ਤੋਂ ਜਾਣੂ ਕਰਵਾਇਆ, ਉਨ੍ਹਾਂ ਨਾਲ ਪਿਆਰ ਤੇ ਹਮਦਰਦੀ ਦੀ ਸਾਂਝ ਪਾਈ, ਗੁਰਬਾਣੀ ਸੁਣਨ ਪੜ੍ਹਨ ਦੀ ਜਗਿਆਸਾ ਪੈਦਾ ਕੀਤੀ ਅਤੇ ਹੌਲੀ ਹੌਲੀ ਉਨ੍ਹਾਂ ਨੂੰ ਚੰਗੇ ਮਨੁੱਖ ਬਣਨ ਲਈ ਪ੍ਰੇਰਤ ਕੀਤਾ। ਐਸੇ ਕਿਸਾਨ ਜਿਨ੍ਹਾਂ ਦੇ 10 ਨੰਬਰੀਆਂ ਵਿਚ ਨਾਮ ਲਿਖੇ ਹੋਏ ਸੀ, ਜਿਨ੍ਹਾਂ ਨੂੰ ਹਰ ਅਪਰਾਧ ਹੋਣ ਤੇ ਪੁਲੀਸ ਘੜੀਸੀ ਫਿਰਦੀ ਸੀ ਉਨ੍ਹਾਂ ਨੇ ਅਪਰਾਧਾਂ ਅਤੇ ਨਸ਼ਿਆਂ ਤੋਂ ਤੋਬਾ ਕੀਤੀ ਅਤੇ ਅੰਮ੍ਰਿਤ ਛਕ ਕੇ ਵਧੀਆ ਇਨਸਾਨ ਬਣੇ।



ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਨਾਲ ਹਨ ਸੰਤ ਮਾਤਾ ਰਣਜੀਤ ਕੌਰ ਜੀ ਰਤਵਾੜਾ ਸਾਹਿਬ

30 ਅਕਤੂਬਰ ਸੰਨ 1978 ਵਿਚ ਆਪ ਜੀ ਤਰਾਈ ਛੱਡ ਕੇ ਚੰਡੀਗੜ੍ਹ ਆ ਗਏ ਅਤੇ ਆਪਣੇ ਰਹਿਬਰ ਦੇ ਹੁਕਮ ਅਨੁਸਾਰ ਪ੍ਰਚਾਰ ਦਾ ਕੰਮ ਆਰੰਭ ਕਰ ਦਿੱਤਾ। ਸ਼ੁਰੂ ਸ਼ੁਰੂ ਵਿਚ ਆਪ ਜੀ ਨੇ ਸੈਕਟਰ 34 ਵਿਚ ਕਿਰਾਏ ਦੇ ਘਰ ਵਿਚ ਨਿਵਾਸ ਕੀਤਾ ਅਤੇ ਪ੍ਰਚਾਰ ਲਈ ਇਕ ਮਿਸ਼ਨ ਦੀ ਸਥਾਪਨਾ ਕੀਤੀ ਜਿਸ ਦਾ ਨਾਮ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਰਖਿਆ। ਆਪ ਜੀ ਨੇ ਪ੍ਰਚਾਰ ਲਈ ਚੰਡੀਗੜ੍ਹ ਦੇ ਆਸ ਪਾਸ ਪਿੰਡਾਂ ਅਤੇ ਰੋਪੜ ਦੇ ਪਿੰਡਾਂ ਨੂੰ ਚੁਣਿਆ। ਇਹ ਪਿੰਡ ਆਪ ਜੀ ਲਈ ਨਵੇਂ ਨਹੀਂ ਸਨ, ਕਿਉਂਕਿ ਪੰਜਾਬ ਸਕੱਤ੍ਰੇਤ ਵਿਚ ਕੰਮ ਕਰਦਿਆਂ ਆਪ ਜੀ ਕਈ ਵਾਰੀ ਇਨ੍ਹਾਂ ਪਿੰਡਾਂ ਵਿਚ ਪ੍ਰਚਾਰ ਕਰਕੇ ਆਏ ਹੋਏ ਸੀ ਅਤੇ ਲੋਕ ਬਿਰਤੀਆਂ ਨੂੰ, ਉਨ੍ਹਾਂ ਦੀ ਰਹਿਣੀ ਬਹਿਣੀ ਚੱਜ ਆਚਾਰ ਤੋਂ ਜਾਣੂ ਸਨ। ਆਪ ਜੀ ਨੇ ਯੋਜਨਾ ਬੱਧ ਤਰੀਕੇ ਨਾਲ ਇਕ ਇਕ ਪਿੰਡ ਜਾਣਾ ਸ਼ੁਰੂ ਕੀਤਾ ਅਤੇ ਲੋਕਾਂ ਨੂੰ ਗੁਰੂ ਮਹਾਰਾਜ ਜੀ ਦੇ ਉਚੇ ਸੁੱਚੇ ਜੀਵਨ ਉਪਦੇਸ਼ਾਂ ਤੋਂ ਜਾਣੂ ਕਰਵਾਇਆ। ਹੌਲੀ-ਹੌਲੀ ਲੋਕ ਮਨਾਂ ਵਿਚ ਆਪ ਜੀ ਲਈ ਪਿਆਰ ਤੇ ਸਤਿਕਾਰ ਜਾਗਿਆ ਅਤੇ ਆਪ ਜੀ ਇਸ ਇਲਾਕੇ ਦੀ ਹਰਮਨ ਪਿਆਰੀ ਸ਼ਖਸ਼ੀਅਤ ਵਜੋਂ ਪਰਵਾਨ ਹੋਏ। ਹੌਲੀ ਹੌਲੀ ਹੋਰ ਲੋਕ ਵੀ ਆਪ ਦੇ ਮਿਸ਼ਨ ਨਾਲ ਜੁੜਦੇ ਗਏ ਤੇ ਮਿਸ਼ਨ ਦਾ ਕੰਮ ਤੇਜ਼ ਹੁੰਦਾ ਗਿਆ। ਇਹ ਦੀਵਾਨ ਵਧੇਰੇ ਕਰਕੇ ਰਾਤ 8 ਵਜੇ ਅਰੰਭ ਹੁੰਦੇ ਤੇ ਰਾਤ 11, 12 ਵਜੇ ਤੱਕ ਚਲਦੇ ਰਹਿੰਦੇ। ਇਸ ਪ੍ਰਚਾਰ ਦੌਰਾਨ ਆਪ ਜੀ ਨੂੰ ਅਨੇਕ ਮੁਸ਼ਕਲਾਂ ਵੀ ਆਉਂਦੀਆਂ, ਰਸਤੇ ਪੱਕੇ ਨਹੀਂ ਸਨ, ਉਚੇ ਨੀਵੇਂ ਰਸਤਿਆਂ ਤੇ ਲੰਘ ਕੇ ਜਾਣਾ ਪੈਂਦਾ ਸੀ, ਕਦੀ ਗਰਮੀ, ਕਦੀ ਸਰਦੀ, ਕਦੀ ਮੀਂਹ ਹਨ੍ਹੇਰੀ ਵੀ ਆ ਜਾਂਦੇ ਪਰ ਆਪ ਦ੍ਰਿੜ੍ਹ ਇਰਾਦੇ ਤੇ ਕਾਇਮ ਰਹਿ ਕੇ ਮਿਥੇ ਦੀਵਾਨਾਂ ਵਿਚ ਕਦੀ ਨਾਗਾ ਨਾ ਪਾਉਂਦੇ।

ਆਪ ਜੀ ਦਾ ਸਾਰਾ ਜੀਵਨ ਹੀ ਪਰਉਪਕਾਰੀ ਹੈ, ਦੂਜਿਆਂ ਦੇ ਦੁੱਖ ਵੰਡਣੇ, ਗਰੀਬਾਂ ਨਿਆਸਰਿਆਂ ਦੀ ਆਰਥਕ ਸਹਾਇਤਾ ਕਰਨੀ, ਮੁਸੀਬਤ ਸਮੇਂ ਹਰ ਤਰ੍ਹਾਂ ਦੀ ਮਦਦ ਕਰਨੀ, ਆਪ ਜੀ ਦੇ ਸੁਭਾਅ ਵਿਚ ਸ਼ਾਮਲ ਸੀ। ਜਦ 1993 ਵਿਚ ਹੜ੍ਹ ਆਏ, ਤਾਂ ਆਪ ਜੀ ਸੇਵਕਾਂ ਸਾਥੀਆਂ ਨੂੰ ਨਾਲ ਲੈ ਕੇ ਪਿੰਡ ਪਿੰਡ, ਘਰ-ਘਰ ਪੁੱਜੇ ਅਤੇ ਇਕ ਕ੍ਰੋੜ 20 ਲੱਖ ਦੀ ਸਮੱਗਰੀ, ਰਾਸ਼ਨ, ਵਸਤਰ, ਬਰਤਨ, ਬੱਚਿਆਂ ਦੀਆਂ ਕਾਪੀਆਂ, ਕਿਤਾਬਾਂ, ਬੈਗ ਸਭ ਕੁਝ ਹੱਥੀਂ ਦੇ ਕੇ ਆਏ। ਪਿਛੇ ਫਰਵਰੀ 2001 ਵਿਚ ਗੁਜਰਾਤ ਵਿਚ ਭੂਚਾਲ ਕਾਰਨ ਲੱਖਾਂ ਲੋਕ ਨਿਆਸਰੇ ਹੋ ਗਏ। ਆਪ ਜੀ ਦਾ ਕੋਮਲ ਹਿਰਦਾ ਪੀੜਤ ਹੋ ਉਠਿਆ ਅਤੇ ਆਪ ਜੀ ਨੇ 56 ਟਰੱਕਾਂ ਰਾਹੀਂ ਲਗਭੱਗ ਡੇਢ ਕ੍ਰੋੜ ਦੀ ਸਮੱਗਰੀ, ਰਾਸ਼ਨ, ਵਸਤਰ, ਟੈਂਟ ਆਦਿ ਸਹਾਇਤਾ ਲਈ ਭੇਜੇ। ਜੱਥੇ ਨੇ ਗੁਜਰਾਤ ਵਿਚ 28 ਦਿਨ ਕੈਂਪ ਲਾਈ ਰੱਖਿਆ ਅਤੇ 36 ਪਿੰਡਾਂ ਵਿਚ ਨਿੱਜੀ ਤੌਰ ਤੇ ਜਾ ਜਾ ਕੇ ਸਾਰੀਆਂ ਲੋੜੀਂਦੀਆਂ ਵਸਤਾਂ ਦਿਤੀਆਂ। ਗੁ. ਰਤਵਾੜਾ ਸਾਹਿਬ ਨੇੜੇ ਦੇ ਪਿੰਡ ਚਾਹੜ੍ਹਮਾਜਰਾ ਦੇ ਮੁਸਲਮਾਨਾਂ ਨੇ ਆ ਫਰਿਆਦ ਕੀਤੀ ਤਾਂ ਉਨ੍ਹਾਂ ਦੀਆਂ ਧਾਰਮਿਕ ਭਾਵਨਾਨਾਂ ਦੀ ਕਦਰ ਕਰਦਿਆਂ ਆਪਣੇ ਪਾਸੋਂ ਖਰਚ ਕਰਕੇ ਉਨ੍ਹਾਂ ਲਈ 'ਮਸਜਿਦ' ਦਾ ਨਿਰਮਾਣ ਕੀਤਾ। ਇਨ੍ਹਾਂ ਸਭਨਾਂ ਕਾਰਜਾਂ ਦੀ ਅਖਬਾਰਾਂ ਨੇ ਰੱਜ ਕੇ ਪ੍ਰਸੰਸਾ ਕੀਤੀ ਹੈ ਅਤੇ ਲੇਖ ਲਿਖੇ ਹਨ ਪਰ ਆਪ ਜੀ ਨੇ ਨਿਰਮਾਣਤਾ ਵਿਚ ਰਹਿ ਕੇ ਇਹ ਕਾਰਜ ਸੁਭਾਵਿਕ ਹੀ ਕੀਤੇ ਹਨ।

ਅਗਸਤ 3, 1994 ਨੂੰ ਜਗਤ ਪ੍ਰਸਿੱਧ ਸਵਾਮੀ ਰਾਮ ਆਪ ਜੀ ਦੇ ਦਰਸ਼ਨਾਂ ਲਈ ਰਤਵਾੜਾ ਸਾਹਿਬ ਆਏ ਅਤੇ

ਆਪ ਜੀ ਨਾਲ ਪ੍ਰਵਚਨ ਕਰਕੇ ਐਨੇ ਮੁਤਾਸਰ ਹੋਏ ਕਿ ਆਪ ਜੀ ਨੂੰ ਜੌਲੀ ਗਰਾਂਟ ਵਿਚ ਏਸ਼ੀਆ ਦੇ ਸਭ ਤੋਂ ਵੱਡੇ ਨਿਰਮਾਣਤ ਹਸਪਤਾਲ ਦਾ ਨੀਂਹ ਪੱਥਰ ਰੱਖਣ ਲਈ ਬੇਨਤੀ ਕੀਤੀ। ਇਹ ਦੋ ਮਹਾਨ ਰੂਹਾਂ ਦਾ ਮਿਲਾਪ ਸਵਾਮੀ ਜੀ ਦੀ ਅੰਤਮ ਯਾਤਰਾ (1996) ਤਕ ਪੂਰੀ ਤਰ੍ਹਾਂ ਨਿਭਿਆ ਤੇ ਹੁਣ ਵੀ ਉਨ੍ਹਾਂ ਦੇ ਅਨੁਆਈ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਹਾਜ਼ਰ ਹੁੰਦੇ ਰਹਿੰਦੇ ਹਨ। ਸਵਾਮੀ ਜੀ ਦੋ ਸਾਲ ਮਤਵਾਤਰ ਸਾਲਾਨਾ ਸਮਾਗਮਾਂ ਤੇ ਰਤਵਾੜਾ ਸਾਹਿਬ ਆਉਂਦੇ ਰਹੇ ਅਤੇ ਸੰਗਤਾਂ ਨੂੰ ਆਪਣੇ ਪ੍ਰਵਚਨਾਂ ਨਾਲ ਨਿਹਾਲ ਕਰਦੇ ਰਹੇ। ਇਨ੍ਹਾਂ ਦੇ ਨਾਲ ਹੀ ਡਾ. ਸਵਾਮੀ ਵੇਦ ਭਾਰਤੀ ਨੇ ਵੀ ਆਪ ਜੀ ਦੀ ਸੰਗਤ ਮਾਣੀ ਹੈ ਅਤੇ ਉਹ ਵੀ ਹਰ ਸਾਲ ਸਮਾਗਮ ਤੇ ਦਰਸ਼ਨ ਦਿੰਦੇ ਹਨ।

ਆਉਣ ਵਾਲੀ **17 ਜੂਨ 2010** ਨੂੰ ਆਪ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਬਹੁਤ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਆਤਮ ਮਾਰਗ ਦੇ ਪਿਆਰੇ ਪਾਠਕਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਆਪ ਨੇ ਇਸ ਸਮਾਗਾਮ ਵਿੱਚ ਸ਼ਮੂਲੀਅਤ ਕਰਨੀ ਹੈ ਆਪਣੇ ਪਰਿਵਾਰ ਸਮੇਤ ਸਕੇ ਸਨਬੰਧੀਆਂ ਨੂੰ ਨਾਲ ਲੈ ਰਤਵਾੜਾ ਸਾਹਿਬ ਦੀ ਧਰਤੀ ਤੇ ਨਤਮਸਤਕ ਹੋਣ ਲਈ ਜਰੂਰ ਪਹੁੰਚੋ। ਸਮਾਗਮ ਅੰਦਰ ਗੁਰੂ ਘਰ ਦਾ ਨਾਮ ਰਸੀਏ ਸਾਧੂ ਸੰਤ ਪਹੁੰਚ ਰਹੇ ਹਨ।

(ਜਨਵਰੀ 1997 ਦੇ ਪੰਨਾ ਨੰਬਰ 33 ਤੇ ਛੱਪਿਆ ਇਹ ਲੇਖ ਪਾਠਕਾਂ ਦੀ ਗਿਆਤ ਵਾਸਤੇ ਛਾਪ ਰਹੇ ਹਾਂ। ਤਾਂ ਜੋ ਆਤਮ ਮਾਰਗ ਦੇ ਨਵੇਂ ਪਾਠਕਾਂ ਨੂੰ ਇਸ ਮੈਗਜੀਨ ਦੇ ਸੰਚਾਲਕ ਸੱਚਖੰਡਵਾਸੀ ਧੰਨ ਧੰਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਦੇ ਪਿਛਲੇ ਜਨਮਾਂ ਬਾਰੇ ਵੀ ਪਤਾ ਲੱਗ ਸਕੇ। ਇਹ ਲੇਖ ਸੰਤ ਮਹਾਰਾਜ ਰਤਵਾੜਾ ਸਾਹਿਬ ਦੇ ਵੱਡੇ ਭੈਣ ਬੀਬੀ ਜਸਵੰਤ ਕੌਰ ਜੀ ਨੇ ਲਿਖਵਾਇਆ ਸੀ।) ***(ਅਦਾਰਾ ਆਤਮ ਮਾਰਗ)***

ਪਹਿਲੇ ਜਨਮ ਦੀ ਕਥਾ

ਬਹੁਤ ਸਤਿਕਾਰਯੋਗ ਸੰਤ ਵੀਰ ਜੀ, ਬਹੁਤ ਪ੍ਰੇਮ ਨਾਲ ਬੁਲਾਈ ਗੁਰੂ ਫਤਿਹ ਪ੍ਰਵਾਨ ਕਰਨੀ।

ਸੰਤ ਵੀਰ ਜੀ ਦੇ ਪਹਿਲੇ ਜਨਮ ਦਾ ਨਾਮ ਹਰਨਾਮ ਸਿੰਘ ਸੀ। ਉਸ ਜਨਮ ਵਿਚ ਵੀ ਅਮੋਲਕ ਬਚਨ ਕਰਦੇ ਹੁੰਦੇ ਸੀ। ਸਾਡੇ ਪਿੰਡ ਵਾਲੇ ਖੂਹ ਉਤੇ ਜਟਾਵਾਂ ਵਾਲੇ ਸੰਤ ਆਉਂਦੇ ਸੀ। ਬਾਬਾ ਜੀ ਨੇ ਉਨ੍ਹਾਂ ਵਾਸਤੇ ਖੂਹ ਉਤੇ ਚਾਰ ਖਣਾਂ ਦਾ ਕਮਰਾ ਬਣਵਾ ਦਿਤਾ ਸੀ, ਜਦ ਵੀ ਸੰਤਾਂ ਨੇ ਆਉਣਾ, ਦੋ-ਦੋ ਮਹੀਨੇ ਰਹਿ ਕੇ ਜਾਂਦੇ ਸੀ। ਸਤਿ ਉਪਦੇਸ਼ ਕਰਿਆ ਕਰਦੇ ਸਨ, ਸਾਰਾ ਪਰਿਵਾਰ ਉਨ੍ਹਾਂ ਦਾ ਸਤਿਕਾਰ ਕਰਦਾ ਸੀ। ਬੇਬੇ ਜੀ ਪ੍ਰਸ਼ਾਦਾ ਆਦਿ ਖੂਹ ਤੇ ਲੈ ਜਾਂਦੇ ਸੀ। ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਵੀ ਆਪਣੇ ਖੂਹ ਤੇ ਆ ਕੇ ਹੀ ਠਹਿਰਿਆ ਕਰਦੇ ਸੀ ਤੇ ਉਨ੍ਹਾਂ ਤਿੰਨ ਵੇਰਾਂ ਆ ਕੇ ਆਪਣੇ ਖੂਹ ਤੇ ਨਿਵਾਸ ਕੀਤਾ ਸੀ।



ਅਭੁਲ ਯਾਦ ਸਤ ਮਹਾਰਾਜ ਅਤ ਪਰਮ ਸਤਿਕਾਰਯੋਗ ਬੀਜੀ

ਪਿਛਲੇ ਜਨਮ ਦੀ ਗੱਲ ਹੈ ਕਿ ਜਦੋਂ ਸੰਤ ਵੀਰ ਜੀ ਨਿੱਕੇ ਜਿਹੇ ਸੀ ਤਾਂ ਖੇਡਦੇ-ਖੇਡਦੇ ਜਟਾਵਾਂ ਵਾਲੇ ਬਾਬਾ ਜੀ ਦੀ ਗੋਦੀ ਵਿਚ ਜਾ ਕੇ ਬੈਠ ਗਏ ਤਾਂ ਉਹ ਜਟਾਵਾਂ ਵਾਲੇ ਸੰਤ, ਵੀਰ ਜੀ ਦੇ ਚਰਨਾਂ ਵੱਲ ਵੇਖਣ ਲਗ ਪਏ ਤਾਂ ਇਨ੍ਹਾਂ ਦੇ ਚਰਨਾਂ ਵੱਲ ਵੇਖ ਕੇ ਬਾਬਾ ਜੀ ਨੂੰ ਬਚਨ ਕੀਤਾ ਕਿ ਆਪ ਵੱਡੇ ਭਾਗਾਂ ਵਾਲੇ ਹੋ ਕਿ ਆਪ ਦੇ ਘਰ ਇਹ ਬਾਲਕ ਬਹੁਤ ਤਪੱਸਵੀ ਆਇਆ ਹੈ। ਤੁਸੀਂ ਕਦੇ ਵੀ ਇਸ ਦਾ ਮੂੰਹ ਨਾ ਫਿਟਕਾਰਿਓ। ਇਹਦੇ ਚਰਨਾਂ ਵਿਚ ਪਦਮ ਰੇਖਾ ਹੈ। ਇਹ ਤਪੱਸਵੀ ਹੈ, ਇਹ ਸੰਤ ਬਣੇਗਾ। ਉਸ ਵੇਲੇ ਮੈਂ ਵੀ ਵੀਰ ਜੀ ਦੇ ਨਾਲ ਸੀ ਅਤੇ ਸਾਨੂੰ ਦੋਨਾਂ ਨੂੰ ਬਾਬਾ ਜੀ ਏਸ ਸੰਤ ਜੀ ਕੋਲ ਲੈ ਕੇ ਗਏ ਸੀ। ਵੀਰ ਜੀ ਦਾ ਰੰਗ ਰੂਪ, ਡੀਲ ਡੌਲ ਬਹੁਤ ਸੁੰਦਰ ਸੀ। ਭਾਵੇਂ ਉਮਰ ਸਾਢੇ ਤਿੰਨ ਸਾਲ ਦੀ ਸੀ, ਸੁੰਦਰ ਚਿਹਰਾ ਤੇ ਸਰੀਰ ਭਰਮਾਂ ਹੋਣ ਕਰਕੇ ਛੇ-ਸੱਤ ਸਾਲ ਦੇ ਲਗਦੇ ਸੀ ਅਤੇ ਦੇਖਣ ਵਾਲੇ ਇਕ ਪਲ ਰੁਕ ਕੇ ਦਰਸ਼ਨ ਕਰਿਆ ਕਰਦੇ ਸੀ ਅਤੇ ਜਦੋਂ ਕਿਸੇ ਨੇ ਪੁਛਣਾ ਕਿ ਕਾਕਾ ਕਿੰਨੇ ਸਾਲ ਦਾ ਹੈ ਤਾਂ ਬਾਬਾ ਜੀ ਨੇ ਕਹਿਣਾ ਕਿ ਪੰਜ ਛੇ ਸਾਲ ਦਾ ਹੈ। ਹੋਣਹਾਰ ਵੀਰ ਦੀਆਂ ਨਿਰਾਲੀਆਂ ਖੇਡਾਂ ਸਨ।

ਇਕ ਵੇਰਾਂ ਅਸੀਂ ਸਾਰਾ ਪਰਿਵਾਰ ਸਿੱਧਸਰ ਸਹੋੜੇ ਗਏ। ਉਥੇ ਸੰਤ ਮਹਾਰਾਜ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਆਉਣਾ ਸੀ। ਉਥੇ ਉਨ੍ਹਾਂ ਨੇ ਸਕੂਲ ਤੇ ਸਰੋਵਰ ਦਾ ਨੀਂਹ ਪੱਥਰ ਰੱਖਣਾ ਸੀ। ਲਾਗੇ-ਲਾਗੇ ਦੇ ਸਾਰੇ ਪਿੰਡਾਂ ਦੇ ਪਿੰਡ ਪਹੁੰਚੇ ਹੋਏ ਸੀ ਤੇ ਸੰਗਤਾਂ ਦਾ ਬਹੁਤ ਇਕੱਠ ਸੀ। ਸੰਗਤਾਂ ਉਨ੍ਹਾਂ ਦੇ ਦਰਸ਼ਨਾਂ ਨੂੰ ਕਤਾਰਾਂ ਬੰਨ੍ਹ ਕੇ ਖੜ੍ਹੀਆਂ ਸਨ। ਇਕ ਪਾਸੇ ਭਾਈਆਂ ਦੀ ਕਤਾਰ ਸੀ ਅਤੇ ਦੂਜੇ ਪਾਸੇ ਬੀਬੀਆਂ ਦੀ ਲਾਈਨ ਸੀ। ਆਪ ਨੇ ਬੇਬੇ ਜੀ ਦੀ ਉਂਗਲੀ ਫੜੀ ਹੋਈ ਸੀ ਅਤੇ ਮੈਂ ਦੂਜੇ ਪਾਸੇ ਭਾਈਆਂ ਦੀ ਲਾਇਨ ਵਿਚ ਬਾਪੂ ਜੀ ਦੀ ਉਂਗਲੀ ਫੜੀ ਹੋਈ ਸੀ। ਬਾਬਾ ਜੀ ਤੇ ਚਾਚਾ ਜੀ ਵੀ ਇਸ ਕਤਾਰ ਵਿਚ ਖੜ੍ਹੇ ਸਨ। ਸੰਤ ਮਹਾਰਾਜ ਜੀ ਨੇ ਕਮਰੇ ਵਿਚੋਂ ਆ ਕੇ ਨੀਂਹ ਪੱਥਰ ਰੱਖਣਾ ਸੀ। ਅਸੀਂ ਕਮਰੇ ਦੇ ਮੂਹਰੇ ਵਿਚਾਲੇ ਜਿਹੇ ਖੜ੍ਹੇ ਸੀ। ਜਦੋਂ ਸੰਤ ਮਹਾਰਾਜ ਕਮਰੇ ਵਿਚੋਂ ਆਏ, ਸੰਤ ਇਕ ਪਾਸੇ 'ਸਤਿਨਾਮ' ਉਚਾਰਦੇ ਸੀ ਤੇ ਸੰਗਤ ਉਨ੍ਹਾਂ ਦੇ ਮਗਰ ਬੋਲ ਰਹੀ ਸੀ। ਸੰਤ ਮਹਾਰਾਜ ਜੀ ਜਦੋਂ ਆਪ ਦੇ ਕੋਲ ਆਏ ਤਾਂ ਉਨ੍ਹਾਂ ਨੇ ਬਹੁਤ ਧਿਆਨ ਨਾਲ ਸੰਤ ਵੀਰ ਜੀ ਵੱਲ ਤੱਕਿਆ ਅਤੇ ਉਚਾਰਨ ਕੀਤਾ- 'ਵਾਹਿਗੁਰੂ-ਵਾਹਿਗੁਰੂ' ਅਤੇ ਫੇਰ ਮੇਰੇ ਵੱਲ ਵੇਖਿਆ ਫੇਰ ਇਸੇ ਤਰ੍ਹਾਂ 'ਵਾਹਿਗੁਰੂ-ਵਾਹਿਗੁਰ' ਕਿਹਾ। ਹੱਥ ਨਾਲ ਅਸ਼ੀਰਵਾਦ ਦਿੰਦੇ ਅਤੇ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਨੀਂਹ ਪੱਥਰ ਵਾਲੀ ਥਾਂ ਚਲੇ ਗਏ ਤੇ ਨੀਂਹ ਪੱਥਰ ਰੱਖਣ ਦੀ ਰਸਮ ਅਦਾ ਕੀਤੀ।



ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਨਾਲ ਹਨ ਸੰਤ ਮਾਤਾ ਰਣਜੀਤ ਕੌਰ ਜੀ ਰਤਵਾੜਾ ਸਾਹਿਬ ਇੰਗਲੈਂਡ ਵਿਖੇ

ਉਸੇ ਵੇਲੇ ਕ੍ਰਿਪਾ ਹੋ ਗਈ ਤੇ ਆਪਣੇ ਅੰਦਰ ਵਾਹਿਗੁਰੂ ਸ਼ਬਦ ਰਚ ਗਿਆ। ਜਦ ਚੇਤਾ ਆਵੇ ਤਾਂ ਅੰਦਰੋਂ ਆਪਣੇ ਆਪ ਵਾਹਿਗੁਰੂ-ਵਾਹਿਗੁਰੂ ਹੋਣ ਲਗ ਪੈਂਦਾ ਸੀ। ਜਦੋਂ ਬੱਦਲ ਗੱਜੇ ਜਾਂ ਬੀਮਾਰ ਹੋਵੇ ਤਾਂ ਵੀ ਸਿਮਰਨ ਚਲਦਾ। ਵੀਰ ਜੀ ਭੀ ਇਸੇ ਤਰ੍ਹਾਂ ਕਰਦੇ ਸਨ ਅਤੇ ਵੀਰ ਜੀ ਇਦਾਂ ਪੁਛਦੇ ਹੁੰਦੇ ਸੀ ਕਿ ਬਾਬਾ ਜੀ ਕਿਹਾ ਕਰਦੇ ਸੀ, ਵਾਹਿਗੁਰੂ ਕਹੋ।

ਜਦੋਂ ਆਪ ਨੇ ਚੋਲਾ ਛੱਡਣਾ ਚਾਹਿਆ, ਤਾਂ ਵੀਰ ਜੀ ਦੱਸ ਦਿਨ ਪਹਿਲਾਂ ਹੀ ਕਹਿਣ ਲਗ ਪਏ ਸੀ ਕਿ ਬੇਬੇ ਜੀ, ਜੇ ਤੁਸੀਂ ਮੈਨੂੰ ਮਾਰੋਗੇ ਤਾਂ ਮੈਂ ਛੋਟੀ ਮਾਮੀ ਕੋਲ ਚਲਿਆ ਜਾਣਾ ਹੈ। ਵਿਚਾਰੀ ਬੇਬੇ ਜੀ ਨੂੰ ਕੀ ਪਤਾ ਸੀ ਕਿ ਮੇਰਾ ਬੱਚਾ ਸੰਤ ਹੈ, ਸੱਚੀਆਂ ਗੱਲਾਂ ਕਰਦੈ। ਇਕ ਦਿਨ ਬੇਬੇ ਜੀ ਨੇ ਕੱਪੜੇ ਧੋਤੇ ਤਾਂ ਸੰਤ ਵੀਰ ਨੇ ਚਿੱਟਾ ਲੱਠੇ ਦਾ ਰੇਬਦਾਰ ਪਜਾਮਾ ਤੇ ਫੱਟੀਆਂ ਵਾਲੀ ਨੀਲੀਆਂ ਹਰੀਆਂ ਧਾਰੀਆਂ ਵਾਲੀ ਬੋਸ਼ਕੀ ਦੀ ਕਮੀਜ਼, ਰੇਸ਼ਮ ਦਾ ਰੁਮਾਲ, ਕਾਲੇ ਚਮੜੇ ਦੇ ਬੂਟ, ਇਕ ਬੁਨੈਣ ਅਤੇ ਖਾਕੀ ਰੰਗ ਦੇ ਬੂਟ ਇਹ ਸਭ ਕੁਝ ਸੰਦੂਕ ਵਿਚ ਲਕੋ ਕੇ ਰੱਖ ਦਿਤੇ। ਬੇਬੇ ਜੀ ਕਹਿਣ ਲੱਗੇ, "ਹਰਨਾਮ ਸਿੰਘ! ਤੇਰੇ ਕਾਲੇ ਬੂਟ ਕਿਥੇ ਨੇ?" ਵੀਰ ਜੀ ਨੇ ਹਾਸੇ ਵਿਚ ਗੱਲ ਪਾ ਲੈਣੀ, ਕਹਿ ਦੇਣਾ ਮੈਂ ਰੱਖੇ ਹੋਏ ਨੇ ਪ੍ਰੰਤੂ ਮੈਂ ਤਾਂ ਵੀਰ ਦੀ ਗੱਲ ਤੇ ਹੱਸਦੀ ਨਹੀਂ ਸੀ ਸਗੋਂ ਸੋਚਣ ਲਗ ਜਾਂਦੀ ਸੀ ਕਿ ਮੇਰਾ ਸੋਹਣਾ ਵੀਰ ਕੀ ਗੱਲਾਂ ਕਰਦੈ, ਕੌਤਕ ਕਰਦੈ।

ਬੇਬੇ ਜੀ ਖੂਹ ਵੱਲ ਕਪਾਹ ਚੁਗਣ ਜਾਂਦੇ ਸੀ ਤਾਂ ਸੰਤ ਵੀਰ ਜੀ ਰਸਤੇ ਵਿਚ ਅੜੀ ਕਰਨ ਲਗ ਪਏ, ਕਹਿੰਦੇ ਮੈਂ ਨਵੇਂ ਖੂਹ ਤੇ ਨਹੀਂ ਜਾਣਾ, ਟੱਭੇ ਵਲ ਜਾਣਾ ਹੈ। ਬੇਬੇ ਜੀ ਕਹਿੰਦੇ ਨਹੀਂ ਜਾਣਾ ਉਧਰ। ਧੱਪਾ ਮਾਰਿਆ, ਕਹਿਣ ਲੱਗੇ ਤੁਰ ਆਪਾਂ ਨਵੇਂ ਖੂਹ ਤੇ ਜਾਣਾ ਹੈ। ਸੰਤ ਵੀਰ ਜੀ ਕਹਿੰਦੇ, ਚੰਗਾ! ਜੇ ਅੱਜ ਨਹੀਂ ਜਾਣ ਦਿੰਦੇ ਤਾਂ ਕਲ੍ਹ ਨੂੰ ਤਾਂ ਤੁਸੀਂ ਰੋਕ ਨਹੀਂ ਸਕਦੇ। ਮੈਂ ਕੱਲ੍ਹ ਨੂੰ ਚਲੇ ਜਾਣਾ ਹੈ। ਖੂਹ ਤੇ ਪਹੁੰਚ ਕੇ ਬੇਬੇ ਜੀ ਨੇ ਕਪੜਾ ਵਿਛਾ ਦਿਤਾ। ਛੋਟੇ ਕਾਕੇ ਦਾ ਨਾਂ ਗੁਰਨਾਮ ਸਿੰਘ ਸੀ, ਉਹ ਸੌਂ ਗਿਆ ਸੀ, ਉਸਨੂੰ ਲੰਮਾ ਪਾ ਦਿਤਾ ਤੇ ਮੈਨੂੰ ਬੇਬੇ ਜੀ ਨੇ ਕਿਹਾ, "ਮੈਂ ਚੱਲੀ ਹਾਂ - ਕਪਾਹ ਚੁਗਣ, ਨਿਕੇ ਵੀਰ ਦਾ ਖਿਆਲ ਰੱਖੀਂ।" ਤਾਂ ਸੰਤ ਵੀਰ ਜੀ ਵੀ ਕੋਲ ਹੀ ਘੰਟਾ ਕੁ ਖੇਡਦਾ ਰਿਹਾ ਤੇ ਫੇਰ ਨਿੱਕੇ ਵੀਰ ਨਾਲ ਆ ਕੇ ਮੂੰਧੇ ਲੇਟ ਗਿਆ ਤੇ ਪੰਦਰਾਂ ਕੁ ਮਿੰਟ ਬਾਦ ਮੈਨੂੰ ਕਹਿਣ ਲੱਗਾ, "ਬੀਬੀ! ਮੈਨੂੰ ਬੇਰੀਆਂ ਕੋਲ ਖੜ੍ਹੇ ਬਾਵੇ (ਸੰਤ) ਹਾਕਾਂ ਮਾਰਦੇ ਨੇ ਤੇ ਬੁਲਾ ਰਹੇ ਨੇ ਤੇ ਕਹਿੰਦੇ ਹਨ ਕਿ ਸਾਡੇ ਨਾਲ ਚਲ।" ਮੈਂ ਕਿਹਾ, "ਵੀਰ! ਤੂੰ ਕਹਿ ਦੇ ਕਿ ਮੈਂ ਨਹੀਂ ਜਾਣਾ।" ਮੈਂ ਕਿਹਾ, ਵੀਰ ਜੀ ਉਹ ਕਿਥੇ ਖੜ੍ਹੇ ਹਨ? ਤਾਂ ਉਸ ਨੇ ਕਿਹਾ; ਪੈਲੀਆਂ ਵਲ ਦੇ ਪਾਸੇ ਬੇਰੀਆਂ ਕੋਲ ਖੜ੍ਹੇ ਅਵਾਜ਼ਾਂ ਮਾਰੀ ਜਾਂਦੇ ਨੇ। ਮੈਨੂੰ ਨਹੀਂ ਸੀ ਦਿਸਦੇ ਕੇਵਲ ਸੰਤ ਵੀਰ ਜੀ ਨੂੰ ਹੀ ਦਿਸਦੇ ਸੀ। ਸਿਰ ਚੁਕ ਕੇ ਕਹੀ ਜਾਵੇ, ਤੁਹਾਨੂੰ

ਕਿਉਂ ਨਹੀਂ ਦਿਸਦੇ, ਮੈਨੂੰ ਤਾਂ ਦਿਸ ਰਹੇ ਨੇ।

ਬੇਬੇ ਜੀ ਜਦੋਂ ਕਪਾਹ ਚੁਗ ਕੇ ਆਏ ਤਾਂ ਆਉਂਦਿਆਂ ਨੇ ਬਾਂਹ ਫੜੀ, ਕੱਪੜੇ ਲਾਹੇ ਤੇ ਨਵ੍ਹਾਉਣ ਲਗ ਪਏ, ਖੂਹ ਬਾਪੂ ਜੀ ਚਲਾ ਰਹੇ ਸੀ। ਨਾਲੇ ਵੀਰ ਇਸ਼ਨਾਨ ਕਰੀ ਜਾਵੇ ਤੇ ਗੱਲਾਂ ਕਰੀ ਜਾਵੇ, ਕਹਿੰਦਾ ਹੁਣ ਮੈਂ ਛੋਟੀ ਮਾਮੀ ਜੀ ਕੋਲ ਚਲੇ ਜਾਣਾ ਹੈ। ਬੇਬੇ ਜੀ ਇਸ਼ਨਾਨ ਕਰਾ ਕੇ ਕੱਪੜੇ ਪਾਉਂਦੇ-ਪਾਉਂਦੇ ਹੁੰਗਾਰਾ ਦਿੰਦੇ ਸੀ ਤੇ ਬੇਬੇ ਜੀ ਇਕ ਦਮ ਸਹਿਮ ਗਏ, ਕਹਿੰਦੇ ਮੈਂ ਦੇਖਿਆ ਨਾ, ਖਿਆਲ ਨਹੀਂ ਕੀਤਾ, ਇਹਨੂੰ ਤਾਂ ਬੁਖਾਰ ਚੜ੍ਹਿਆ ਹੋਇਆ ਹੈ।

ਬਾਪੂ ਜੀ ਗੁੱਸੇ ਹੋਏ ਕਹਿਣ ਲੱਗੇ ਸਵੇਰੇ ਇਸ਼ਨਾਨ ਕਰਾ ਲਿਆਂਦਾ ਸੀ, ਫੇਰ ਹੁਣ ਨਵ੍ਹਾਉਣ ਦੀ ਕੀ ਲੋੜ ਸੀ ਪਰ ਵੀਰ ਜੀ ਲਗਾਤਾਰ ਗੱਲਾਂ ਕਰੀ ਜਾ ਰਹੇ ਸੀ। ਮੇਰਾ ਧਿਆਨ ਉਸ ਦੀਆਂ ਗੱਲਾਂ ਵੱਲ ਸੀ। ਕਹਿਣ ਲੱਗੇ ਕਿ ਮੈਂ ਰਾਮ ਕੌਰ ਮਾਮੀ ਕੋਲ ਚਲੇ ਜਾਣਾ ਹੈ ਪਰ ਮੈਂ ਉਥੇ ਬਹੁਤੀ ਦੇਰ ਨਹੀਂ ਰਹਿਣਾ, ਛੇਤੀਂ ਮੁੜ ਆਉਣਾ ਹੈ ਫੇਰ ਮੁੜ ਕੇ ਇਥੇ ਹੀ ਆ ਜਾਣਾ ਹੈ।

ਬੇਬੇ ਜੀ ਨੇ, ਵੀਰ ਜੀ ਨੂੰ ਕੁੱਛੜ ਚੁੱਕ ਲਿਆ ਤੇ ਛੋਟੀ ਭੂਆ ਜੀ ਨੇ ਭਾਂਡੇ ਚੁਕ ਲਏ। ਜਦੋਂ ਪਿੰਡ ਦੀ ਤਰਵੈਣੀ ਕੋਲ ਪਹੁੰਚੇ ਤਾਂ ਉਥੇ ਬੰਦੇ ਬੈਠੇ ਸੀ। ਵੀਰ ਜੀ ਨੇ ਕਿਹਾ, ਬੇਬੇ ਜੀ, ਮੈਨੂੰ ਭੁੰਜੇ ਉਤਾਰ ਦਿਓ। ਹੇਠਾਂ ਉਤਰ ਗਏ, ਦੋ ਤਿੰਨ ਕਦਮ ਪੁੱਟੇ ਤਾਂ ਸਰੀਰ ਕੰਬਣ ਲਗ ਪਿਆ, ਕਹਿਣ ਲੱਗੇ ਬੇਬੇ ਜੀ! ਚੁੱਕ ਲਵੋ। ਘਰ ਪਹੁੰਚੇ ਤਾਂ ਬਾਬਾ ਜੀ ਦਰਵਾਜ਼ੇ ਵਿਚ ਬੈਠੇ ਸੀ ਤੇ ਇਕ ਦੋ ਬੰਦੇ ਹੋਰ ਬੈਠੇ ਸੀ ਤਾਂ ਬੇਬੇ ਜੀ ਨੇ ਮੰਜੇ ਤੇ ਲਿਟਾ ਦਿਤਾ। ਕੱਤਕ ਦਾ ਮਹੀਨਾ ਸੀ। ਜਦ ਬਾਬਾ ਜੀ ਨੇ ਵੇਖਿਆ, ਕਹਿੰਦੇ, ਬੀਬੀ! ਹਰਨਾਮ ਸਿੰਘ ਨੂੰ ਤਾਂ ਬਹੁਤ ਬੁਖਾਰ ਚੜ੍ਹਿਆ ਹੋਇਆ ਹੈ, ਜਲਦੀ ਕਾਕੇ ਨੂੰ ਗਰਮ ਗਰਮ ਦੁੱਧ ਪਿਆਵੋ। ਜਦੋਂ ਬੇਬੇ ਜੀ ਛੰਨਾ ਦੁੱਧ ਦਾ ਭਰ ਕੇ ਲੈ ਆਏ ਤਾਂ ਨਾਂਹ ਕਰ ਦਿਤੀ, ਕਹਿਣ ਲੱਗੇ ਬੇਬੇ, ਹੁਣ ਨਹੀਂ ਪੀਣਾ, ਫੇਰ ਪੀਆ ਕਰੂੰਗਾ।



ਸੱਚਖੰਡਵਾਸੀ ਸ਼੍ਰੀ ਮਾਨ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੁਆਣਾ ਸਾਹਿਬ

ਬੇਬੇ ਜੀ ਅੰਦਰ ਚਲੇ ਗਏ ਤੇ ਪ੍ਰਸ਼ਾਦੇ ਬਣਾਉਣ ਲੱਗ ਪਏ। ਸਾਰਿਆਂ ਨੇ ਪ੍ਰਸ਼ਾਦੇ ਛਕ ਲਏ। ਇਕ ਫੁਲਕਾ, ਦਾਲ ਸਬਜ਼ੀ ਥਾਲੀ ਵਿਚ ਰੱਖ ਕੇ ਲਿਆਏ, ਕਹਿਣ ਲੱਗੇ, "ਆ ਪੁੱਤ! ਮੇਰੀ ਬੁੱਕਲ ਵਿਚ ਬੈਠ ਕੇ ਫੁਲਕਾ ਛਕੋ।" ਕਹਿਣ ਲੱਗੇ, "ਬੁੱਕਲ ਵਿਚ ਬੈਠਿਆ ਨਹੀਂ ਜਾਣਾ ਅਤੇ ਫੁਲਕਾ ਨਹੀਂ ਛਕਣਾ।" ਬਹੁਤ ਵਾਰ ਕਿਹਾ, ਫੁਲਕਾ ਛਕਣ ਨੂੰ ਨਾ ਮੰਨੇ ਅਤੇ ਮੰਜੇ ਤੇ ਪਾ ਦਿਤਾ। ਦਰੀ ਤੇ ਤਲਾਈ ਦਾ ਲੜ ਚੁੱਕ ਕੇ ਕਹਿਣ ਲੱਗੇ, ਇਹ ਨਿਵਾਰ ਦਾ ਪਲੰਘ ਮੇਰਾ ਹੈ? ਬਾਬਾ ਜੀ ਕੋਲ ਬੈਠੇ ਸੀ, ਕਹਿੰਦੇ, ਹਾਂ ਬੇਟਾ! ਆਪਣਾ ਹੀ ਹੈ। ਉਨ੍ਹਾਂ ਦੇ ਨਾਲ ਸੌਂਦੇ ਹੁੰਦੇ ਸੀ। ਬੁਖਾਰ ਦੀ ਘੂਕੀ ਹੋਣ ਕਰਕੇ ਸੌਂ ਗਏ ਤੇ ਬਾਬਾ ਜੀ ਨੇ ਸਭ ਨੂੰ ਕਿਹਾ, ਭਾਈ ਉਪਰ ਜਾ ਕੇ ਸੌਂ ਜਾਵੋ, ਕਾਕਾ ਮੇਰੇ ਨਾਲ ਹੀ ਪਵੇਗਾ। ਬੇਬੇ ਜੀ ਸਾਨੂੰ ਸਾਰਿਆਂ ਨੂੰ ਉਪਰ ਛੱਡ ਆਏ, ਪਰ ਉਨ੍ਹਾਂ ਨੂੰ ਨੀਂਦ ਕਿਵੇਂ ਆਵੇ। ਬਾਬਾ ਜੀ ਤੋਂ ਡਰਦੇ ਗੁਪਤ ਹੀ ਰਸੋਈ ਵਿਚ ਹੇਠਾਂ ਬਿਸਤਰ ਵਿਛਾ ਕੇ ਪੈ ਗਏ। ਅੱਧੀ ਰਾਤ ਬੇਬੇ ਜੀ ਨੂੰ ਹਾਕ ਮਾਰੀ, "ਬੇਬੇ ਜੀ!" ਉਹ ਜਾਗ ਰਹੇ ਸੀ ਪਰ ਦੀਵੇ ਦੀ ਲੋਅ ਮੱਧਮ ਕੀਤੀ ਹੋਈ ਸੀ। ਝੱਟ ਲੋਅ ਕੀਤੀ, ਕਹਿੰਦੀ, "ਹਾਂ ਪੁੱਤ ਹਰਨਾਮ ਸਿੰਘ! ਕੀ ਕਹਿੰਦੇ ਹੋ?" ਬੱਸ ਮੁੜ ਕੇ ਨਹੀਂ ਬੋਲੇ। ਡਾਕਟਰ ਹਕੀਮ ਬਥੇਰੇ ਆਏ ਅਤੇ ਅਖੀਰ ਅੰਮ੍ਰਿਤ ਵੇਲੇ ਸਾਢੇ ਤਿੰਨ ਵਜੇ ਸੰਤ ਵੀਰ ਜੀ ਸਰੀਰ ਵਿਚੋਂ ਉਡਾਰੀ ਮਾਰ ਗਏ। ਹੱਥਾਂ ਵਿਚੋਂ ਹੀਰਾ ਖੁੰਝ ਗਿਆ। ਸਾਡਾ ਪਿੰਡ ਕੀ, ਇਲਾਕੇ ਵਿਚ ਸ਼ੋਰ ਮਚ ਗਿਆ। ਘਰ ਨਮੋਸ਼ੀ ਹੋ ਗਈ, ਘਰ ਦਾ ਰੰਗ, ਪਰਿਵਾਰ ਦਾ ਰੰਗ, ਕੰਧਾਂ ਦਾ ਰੰਗ ਬਦਲ ਗਿਆ ਅਤੇ ਜਿਹੜਾ ਗੁਰਨਾਮ ਸਿੰਘ ਛੋਟਾ ਸੀ, ਉਹ ਵਿਸਾਖ ਮਹੀਨੇ ਲੁਧਿਆਣੇ ਸਵਰਗਵਾਸ ਹੋ ਗਿਆ।

ਦੋ ਪੁੱਤਰਾਂ ਦੇ ਵਿਯੋਗੇ ਹੋਏ ਮਾਤਾ ਜੀ ਵੈਰਾਗਮਈ ਅਵਸਥਾ ਹੋ ਕੇ ਤੀਰਥਾਂ ਦਾ ਭ੍ਰਮਣ ਕਰਨ ਲਗ ਪਏ ਅਤੇ ਉਧਰ ਸੰਤ ਵੀਰ ਜੀ ਮਾਮੀ ਜੀ ਦੇ ਗਰਭ ਵਿਚ ਪ੍ਰਵੇਸ਼ ਹੋ ਗਏ ਅਤੇ 10 ਮਹੀਨੇ ਉਪਰੰਤ ਜਨਮ ਲਿਆ। ਸਾਰਾ ਦਿਨ ਠੀਕ ਰਹੇ, ਜਦੋਂ ਆਥਣ ਵੇਲਾ ਹੋਇਆ ਨਾਨੀ ਜੀ ਨੇ ਮਾਮਾ ਇੰਦਰ ਸਿੰਘ ਨੂੰ ਹਾਕ ਮਾਰੀ ਤੇ ਕਿਹਾ, ਆ ਭਾਈ! ਕਾਕੇ ਦਾ ਮੰਜਾ ਬਾਹਰ ਕਰ ਦੇਈਏ ਅਤੇ ਇੰਨੇ ਚਿਰ ਵਿਚ ਹੀ ਨਾਨਕਿਆਂ ਦੇ ਘਰ ਸ਼ੋਰ ਮਚ ਗਿਆ ਅਤੇ ਰਾਤ ਨੂੰ ਬੇਬੇ ਜੀ ਕੋਲ ਆ ਗਏ ਅਤੇ ਕਹਿਣ ਲੱਗੇ, ਬੇਬੇ ਬਾਂਹ ਪਰ੍ਹੇ ਕਰੋ ਮੈਂ ਤੁਹਾਡੇ ਨਾਲ ਪੈਣਾ ਹੈ। ਬੇਬੇ ਜੀ ਕਹਿਣ ਲੱਗੇ, "ਨਾ ਭਾਈ! ਤੂੰ ਤਾਂ ਮੈਨੂੰ ਠੱਗ ਗਿਆ ਅਤੇ ਛੱਡ ਕੇ ਚਲਾ ਗਿਆ ਸੀ, ਤੇਰਾ ਛੋਟਾ ਵੀਰ ਵੀ ਚਲਾ ਗਿਆ; ਮੈਂ ਬਾਂਹ ਪਰ੍ਹੇ ਨਹੀਂ ਕਰਨੀ। ਸੰਤ ਵੀਰ ਜੀ

ਕਹਿਣ ਲੱਗੇ, "ਬੇਬੇ ਜੀ! ਮੇਰੀ ਗੱਲ ਸੱਚ ਮੰਨੋ, ਹੁਣ ਮੈਂ ਕਦੇ ਵੀ ਤੁਹਾਡੇ ਕੋਲੋਂ ਨਹੀਂ ਜਾਣਾ ਅਤੇ ਬੇਬੇ ਨੇ ਕਿਹਾ ਕਿ ਨਿਸ਼ਾਨੀ ਕੀ ਹੋਏਗੀ, ਮੈਨੂੰ ਕਿਵੇਂ ਪਤਾ ਲੱਗੇਗਾ?" ਕਹਿਣ ਲੱਗੇ, "ਜਿਹੜੇ ਮੇਰੇ ਲੱਕ ਦੇ ਕੋਲ ਦੋ ਚਿੱਟੇ ਦਾਗ ਹਨ ਉਹ ਮੇਰੇ ਮੋਢਿਆਂ ਤੇ ਹੋਣਗੇ। ਰੰਗ ਮੇਰਾ ਅੱਗੇ ਵਰਗਾ ਨਹੀਂ ਹੋਣਾ, ਥੋੜ੍ਹਾ ਕਾਲਾ ਹੋਏਗਾ ਅਤੇ ਅੱਖਾਂ ਮੋਟੀਆਂ ਹੋਣਗੀਆਂ, ਇਹ ਨਿਸ਼ਾਨੀ ਹੋਵੇਗੀ।" ਬੇਬੇ ਨੇ ਬਾਂਹ ਪਰ੍ਹੇ ਕਰ ਲਈ ਅਤੇ ਨਾਲ ਪੈ ਗਏ।

ਬਾਬਾ ਜੀ ਕਹਿਣ ਲੱਗੇ, "ਭਾਈ! ਆਪਾਂ ਸਹਿਜ ਪਾਠ ਕਰਵਾ ਲਈਏ, ਪਾਠ ਸੁਣਾਂਗੇ ਮਨ ਨੂੰ ਸ਼ਾਂਤੀ ਆਵੇਗੀ।'' ਮਹਾਰਾਜ ਦਾ ਪ੍ਰਕਾਸ਼ ਹੋ ਗਿਆ ਅਤੇ ਜਦੋਂ ਤਿੰਨ ਦਿਨ ਹੋਏ, ਚਾਚਾ ਜੀ ਨੂੰ ਸੁਪਨੇ ਵਿਚ ਆਏ। ਕਹਿਣ ਲੱਗੇ, ਹਰਨਾਮ ਸਿੰਘ ਆਇਆ, ਭਗਵੇਂ ਕੱਪੜੇ ਦੀ ਗਿਲਟੀ ਮਾਰੀ ਹੋਈ, ਛੋਟਾ ਜਿਹਾ ਭਗਵਾਂ ਪਟਕਾ ਸਿਰ ਨੂੰ ਲਪੇਟਿਆ ਹੋਇਆ ਅਤੇ ਹੱਥ ਵਿਚ ਭਗਵੇਂ ਕੱਪੜੇ ਦਾ ਝੋਲਾ ਫੜਿਆ ਹੋਇਆ ਹੈ। ਝੋਲੇ ਵਿਚ ਹੱਥ ਪਾਇਆ, ਚਾਂਦੀ ਦਾ ਰੁਪਈਆ ਕੱਢਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਰੱਖ ਕੇ ਮੱਥਾ ਟੇਕਿਆ ਅਤੇ ਬੈਠ ਗਿਆ। ਉਹ ਕਹਿੰਦੇ ਜਾਈਂ ਨਾ, ਅਸੀਂ ਤੈਥੋਂ ਵਿਛੜ ਕੇ ਬਹੁਤ ਉਦਾਸ ਹਾਂ। ਇੰਨੇ ਵਿਚ ਚਾਚਾ ਜੀ ਦੀ ਅੱਖ ਖੁਲ੍ਹ ਗਈ ਤੇ ਬਾਪੂ ਜੀ ਨੂੰ ਸਾਰਾ ਹਾਲ ਦੱਸਿਆ ਕਿ ਬਾਈ (ਭਰਾ)! ਹਰਨਾਮ ਸਿੰਘ ਆਇਆ ਸੀ, ਇਸ ਤਰ੍ਹਾਂ ਮੱਥਾ ਟੇਕ ਕੇ ਗਿਆ ਹੈ। ਚਾਚਾ ਜੀ ਨੇ ਸਾਰਿਆਂ ਨੂੰ ਜਗਾ ਲਿਆ ਅਤੇ ਹੇਠਾਂ ਉਤਰ ਆਏ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਜਦੋਂ ਮੱਥਾ ਟੇਕ ਕੇ ਮੁਹਰੇ ਵਿਛੀ ਪੱਟੀ ਦਾ ਲੜ ਚੁਕਿਆ ਤਾਂ ਹੇਠਾਂ ਨਵਾਂ-ਨਕੋਰ, ਚਿੱਟਾ ਚਾਂਦੀ ਦਾ ਰੁਪਿਆ ਪਿਆ ਹੋਇਆ ਸੀ। ਇਸ ਤਰ੍ਹਾਂ ਵੀਰ ਨੇ ਆਪਣੇ ਇਸ ਜਨਮ ਦੇ ਆਗਮਨ ਦਾ ਪਰਤੱਖ ਸਬੂਤ ਦੇ ਦਿਤਾ।



ਸੰਤ ਮਹਾਰਾਜ ਜੀ ਰਤਵਾੜਾ ਸਾਹਿਬ ਕੀਰਤਨ ਕਰਦੇ ਹੋਏ। ਕੀਰਤਨ ਦੁਆਰਾ ਲੱਖਾਂ ਸੰਗਤਾਂ ਦਾ ਉਧਾਰ ਕੀਤਾ ਅੱਜ ਵੀ ਆਪ ਜੀ ਵੱਲੋਂ ਤਿਆਰ ਕੀਤੀ ਵੀਡੀਓ ਫਿਲਮਾਂ ਦੇਸ਼ਾਂ ਵਿਦੇਸ਼ਾ ਵਿੱਚ ਇੰਟਰਨੈਟ ਰਾਹੀਂ ਗੁਰਮਤਿ ਦਾ ਪ੍ਰਚਾਰ ਕਰ ਰਹੀਆਂ ਹਨ।

ਓਧਰ ਵਾਹਿਗੁਰੂ ਜੀ ਦੀ ਐਸੀ ਕਲਾ ਵਰਤੀ ਕਿ ਸੰਤ ਵੀਰ ਜੀ, ਮਾਤਾ ਜੀ ਦੇ ਉਦਰ ਵਿਚ ਪ੍ਰਵੇਸ਼ ਕਰ ਗਏ ਅਤੇ ਨਾਲ ਹੀ ਮਾਤਾ ਜੀ ਦਾ ਚਿੱਤ ਪ੍ਰਸੰਨ ਰਹਿਣ ਲਗ ਪਿਆ ਕਿਉਂਕਿ ਬੇਬੇ ਜੀ ਨੂੰ ਆਪ ਜੀਆਂ ਦੇ ਬਚਨਾਂ ਤੇ ਪੂਰਾ ਭਰੋਸਾ ਸੀ। ਬਹੁਤ ਵਾਰੀ ਮਾਤਾ ਜੀ ਨਾਲ ਸੁਪਨੇ ਵਿਚ ਬਚਨ ਕਰਦੇ ਰਹਿੰਦੇ ਸਨ ਅਤੇ ਜਿਸ ਦਿਨ ਜਨਮ ਲੈਣਾ ਸੀ, ਬੇਬੇ ਜੀ ਨੂੰ ਕਹਿਣ ਲੱਗੇ, "ਬੇਬੇ ਜੀ! ਤਾਈ ਜੀ (ਉਤਮੀ) ਨੂੰ ਕਹੋ ਕਿ ਉਹ ਸੰਤਾਂ ਦੇ ਸਮਾਗਮ ਤੇ ਨਾ ਜਾਣ। ਅਸੀਂ ਦਸ ਵਜੇ ਜਨਮ ਲੈਣਾ ਹੈ ਅਤੇ ਇਸ ਤਰ੍ਹਾਂ ਉਸ ਨੂੰ ਰੁਕਣਾ ਪਿਆ। ਠੀਕ ਦਸ ਵਜੇ ਆਪ ਦਾ ਜਨਮ ਹੋਇਆ ਤੇ ਸਾਰਿਆਂ ਨੂੰ ਖੁਸ਼ੀ ਹੋਈ।

ਇਸ ਜਾਮੇ ਵਿਚ ਜਦੋਂ ਸਰੀਰ ਦੀ ਉਮਰ ਤਕਰੀਬਨ ਦੋ ਸਾਲ ਦੀ ਹੋ ਗਈ ਤਾਂ ਆਪ ਨੇ ਆਪਣੇ ਪਿਛਲੇ ਜਨਮ ਦੀਆਂ ਚੀਜ਼ਾਂ ਵਸਤਰ ਜਿਨ੍ਹਾਂ ਨਾਲ ਉਹ ਬਚਪਨ ਵਿਚ ਖੇਡਦੇ ਤੇ ਪਹਿਨਦੇ ਸਨ, ਪਛਾਨਣਾ ਸ਼ੁਰੂ ਕਰ ਦਿਤਾ ਅਤੇ ਦਿਨੋ ਦਿਨ ਤਕੜੇ ਹੁੰਦੇ ਗਏ। ਇਕ ਦਿਨ ਰਿੜ੍ਹਦੇ-ਰਿੜ੍ਹਦੇ ਮਾਤਾ ਜੀ ਦੇ ਸੰਦੂਕ ਪਾਸ ਪਹੁੰਚ ਗਏ ਅਤੇ ਖੜ੍ਹੇ ਹੋ ਕੇ ਅੱਡੀਆਂ ਚੁੱਕ ਕੇ ਸੰਦੂਕ ਵਿਚ ਵੇਖਣ ਲਗ ਪਏ ਜਿਥੇ ਉਨ੍ਹਾਂ ਨੇ ਸੰਤ ਵੀਰ ਜੀ ਦੇ ਕਪੜੇ, ਰੇਬ ਚਿਟਾ ਪਜਾਮਾ, ਫੱਟੀਆਂ ਵਾਲੀ ਕਮੀਜ਼, ਬੁਨੈਣ, ਰੁਮਾਲ, ਕਾਲੇ ਬੂਟ ਆਦਿ ਰੱਖੇ ਹੋਏ ਸਨ। ਭੂਆ ਜੀ ਕਹਿਣ ਲੱਗੇ, ਭਾਬੀ ਜੀ, ਹਰਨਾਮ ਸਿੰਘ ਦੇ ਜੋ ਕਪੜੇ ਆਪ ਨੇ ਲੁਕਾ ਕੇ ਰੱਖੇ ਸੀ ਇਹ ਉਹੀ ਟੋਲਦਾ ਹੈ। ਭੂਆ ਜੀ ਕਪੜੇ, ਕੱਢ ਕੇ ਬਾਹਰ ਰੱਖਣ ਲਗ ਪਈ ਅਤੇ ਜਦੋਂ ਉਸ ਦੇ ਕਪੜੇ ਬਾਹਰ ਕੱਢ ਕੇ ਰੱਖੇ ਤਾਂ ਚੁੱਕ ਕੇ ਬਹੁਤ ਖੁਸ਼ ਹੋਏ ਤੇ ਤੋਤਲੀ ਬੋਲੀ ਵਿਚ ਕਹਿੰਦੇ, 'ਮੇਰਾ ਘੱਗਾ (ਝੱਗਾ)'; ਅਤੇ ਸਾਰੀਆਂ ਚੀਜ਼ਾਂ ਪਛਾਣ ਲਈਆਂ। ਇਸੇ ਤਰ੍ਹਾਂ ਜਦੋਂ ਗੱਡਾ (ਬਚਿਆਂ ਦੇ ਖੇਡਣ ਵਾਲਾ ਨਿੱਕਾ ਗੱਡਾ। ਇਸ ਨੂੰ ਲੱਕੜੀ ਦੇ ਛੋਟੇ-ਛੋਟੇ ਬੈਲ ਜੋੜ ਕੇ ਬੱਚੇ ਖੇਡਦੇ ਸਨ) ਹੱਥੋਂ ਨਿਕਲ ਕੇ ਕੋਠੀ (ਮਿੱਟੀ ਦੀਆਂ ਬਣੀਆਂ ਹੋਈਆਂ ਕੋਠੀਆਂ ਜਿਨ੍ਹਾਂ ਵਿਚ ਘੀ, ਸ਼ੱਕਰ ਆਦਿ ਰੱਖੇ ਹੁੰਦੇ ਸਨ) ਹੇਠਾਂ ਚਲਾ ਗਿਆ ਤਾਂ ਰੋਜ਼ ਸੰਦੂਕ (ਵੱਡੇ ਲਕੜੀ ਦੇ ਬਕਸੇ) ਦੇ ਹੇਠਾਂ ਜਾ ਕੇ ਦੇਖਿਆ ਕਰੇ ਤੇ ਬੇਬੇ ਜੀ ਕਹਿਣ ਲੱਗੇ ਇਥੇ ਵੀ ਆਪਣੀ ਕੋਈ ਚੀਜ਼ ਲੱਭ ਰਿਹਾ ਹੈ। ਜਦੋਂ ਇਕ ਵੇਰ ਚੀਜ਼ਾਂ

ਕੱਢੀਆਂ ਤਾਂ ਗੱਡਾ ਵੀ ਮਿਲ ਗਿਆ ਤੇ ਚੁੱਕ ਕੇ ਦੌੜ ਪਏ, ਕਹਿਣ ਲੱਗੇ, 'ਡੱਡਾ, ਡੱਡਾ।' ਸੰਤ ਵੀਰ ਜੀ ਨੇ ਆਪਨਾ ਗੱਡਾ ਤੇ ਬਚਪਨ ਦੀਆਂ ਸਾਰੀਆਂ ਚੀਜ਼ਾਂ ਪਛਾਣ ਲਈਆਂ।

ਆਪ ਜੀ ਦੀ ਸ਼ਾਦੀ ਬਚਪਨ ਵਿਚ ਹੀ ਹੋ ਚੁੱਕੀ ਸੀ ਕਿਉਂਕਿ ਉਨ੍ਹਾਂ ਸਮਿਆਂ ਵਿਚ ਬੱਚਿਆਂ ਦੀ ਸ਼ਾਦੀ ਨਿਆਣੀ ਉਮਰ ਵਿਚ ਹੀ ਕਰ ਦਿਤੀ ਜਾਂਦੀ ਸੀ। ਸੰਤ ਵੀਰ ਜੀ ਦੇ ਘਰੋਂ ਬੀਬੀ ਰਣਜੀਤ ਕੌਰ ਜਿਨ੍ਹਾਂ ਦਾ ਪਹਿਲਾ ਨਾਮ ਉਦਮ ਕੌਰ ਸੀ, ਦੇ ਪਿਤਾ ਜੀ ਸੰਤ ਹੀਰਾ ਸਿੰਘ ਜੀ, ਨਾਮ ਰਸੀਏ, ਗੁਰਮੁਖ ਪਿਆਰੇ ਅਤੇ ਗ੍ਰਿਹਸਤ ਵਿਚ ਰਹਿੰਦੇ ਹੋਏ ਵੀ ਨਾਮ ਦੀ ਉਚ ਅਵਸਥਾ ਦੇ ਧਾਰਨੀ ਸਨ। ਜਦੋਂ ਉਹ ਇਕ ਵੇਰਾਂ ਪੰਜਾਂ ਪਿਆਰਿਆਂ ਦੇ ਰੂਪ ਵਿਚ ਅਖੰਡਪਾਠ ਦੀ ਸੇਵਾ ਲਈ ਧਮੋਟ ਸਾਡੇ ਘਰ ਆਏ ਸਨ ਤਾਂ ਸੰਤ ਵੀਰ ਜੀ ਬਾਰੇ ਉਨ੍ਹਾਂ ਨੇ ਅੱਠ ਸਾਲ ਪਹਿਲਾਂ ਹੀ ਭਵਿੱਖਤ ਬਚਨ ਕਰ ਦਿਤਾ ਸੀ ਤੇ ਬਾਪੂ ਜੀ ਨੂੰ ਇਸ ਬਾਰੇ ਜਾਣੂੰ ਕਰਵਾ ਦਿਤਾ ਸੀ ਕਿ ਆਪ ਦੇ ਘਰ ਇਕ ਪੁੱਤਰ ਨੇ ਜਨਮ ਲੈਣਾ ਹੈ ਜਿਸ ਦਾ ਸੰਯੋਗ ਸਾਡੇ ਘਰ ਆਉਣ ਵਾਲੀ ਕੰਨਿਆਂ ਨਾਲ ਹੈ। ਸੰਤ ਵੀਰ ਜੀ ਦੀ ਬਚਪਨ ਵਿਚ ਸ਼ਾਦੀ ਹੋਈ ਤੇ ਆਪ ਦੇ ਸਿਰ ਤੇ ਰੇਸ਼ਮੀ ਚੀਰੇ ਦੀ ਪਗੜੀ ਸਜਾਈ ਗਈ ਜਿਸਨੂੰ ਆਪ ਆਉਂਦੀ ਵਾਰੀ ਸਿਰ ਤੇ ਸਜਾਉਂਦੇ ਹੀ ਆਉਂਦੇ ਰਹੇ ਕਿਉਂਕਿ ਇਹ ਰੇਸ਼ਮੀ ਚੀਰਾ ਸਿਰ ਤੇ ਠਹਿਰਦਾ ਨਹੀਂ ਸੀ ਅਤੇ ਫੁਲਾਂ ਤੋਂ ਵੀ ਕੋਮਲ ਫੁੱਲ ਵਰਗੀ ਬੀਬੀ ਉਦਮ ਕੌਰ ਇਹ ਸਭ ਵੇਖ ਕੇ ਵਿਗਸਦੀ ਰਹੀ ਤੇ ਸਾਰੇ ਘਰਦਿਆਂ ਨੇ ਗੋਦ ਵਿਚ ਲੈ ਕੇ ਇਸਨੂੰ ਪਿਆਰ ਕੀਤਾ ਤੇ ਖੁਸ਼ੀਆਂ ਕੀਤੀਆਂ। ਬੀਬੀ ਰਣਜੀਤ ਕੌਰ ਦੀ ਮਾਤਾ ਜੀ, ਮਾਸੀ ਹਰਨਾਮ ਕੌਰ ਵੀ ਬੜੀ ਦਾਨੀ, ਨਾਮ ਬਾਣੀ ਨਾਲ ਪਿਆਰ ਰੱਖਣ ਵਾਲੀ ਅਤੇ ਸਤਿ ਸੰਤੋਖ ਦੀ ਧਾਰਨੀ ਸੀ। ਇਨ੍ਹਾਂ ਨੇ ਜਦੋਂ ਵੀ ਕੋਈ ਚੀਜ਼ ਖਰੀਦਣੀ ਤਾਂ ਦੁਕਾਨਦਾਰ ਨੇ ਕਹਿਣਾ ਕਿ ਬੀਬੀ! ਇਸ ਦੇ ਬਾਰਾਂ ਆਨੇ ਦੇ ਦਿਓ ਤੇ ਇਨ੍ਹਾਂ ਨੇ ਕਹਿਣਾ, ਭਾਈ! ਜੇ ਰੁਪਈਏ ਦੀ ਦੇਵੇਂਗਾ ਤਾਂ ਲਵਾਂਗੀ ਅਤੇ ਉਸਨੂੰ ਕਹਿਣਾ ਕਿ ਇੰਨੀ ਸਸਤੀ ਵੇਚ ਕੇ ਬੱਚਿਆਂ ਨੂੰ ਕੀ ਖੁਆਵੇਂਗਾ? ਭਾਵ ਕੀਮਤ ਤੋਂ ਵੱਧ ਕੀਮਤ ਦਿੰਦੇ ਸੀ। ਸੰਤੋਖੀਆਂ ਤੇ ਗੁਰਮੁਖਾਂ ਵਾਲਾ ਸੁਭਾਅ ਸੀ।

ਇਕ ਵਾਰੀ ਉਹ ਟੈਹੜੂ ਪਿੰਡ ਤੋਂ ਉਦਮ ਕੌਰ ਲਈ ਜੁੱਤੀ ਖਰੀਦਣ ਗਈ। (ਸੰਤ) ਵਰਿਆਮ ਸਿੰਘ ਜੋ ਸਹੁਰੇ ਘਰ ਗਏ ਹੋਏ ਸਨ, ਨਾਲ ਲੈ ਲਿਆ। ਜੁੱਤੀ ਬਹੁਤ ਸੋਹਣੀ ਸੀ। ਅੱਠ ਆਨੇ ਦੀ ਆਈ। ਵਾਪਸ ਮੁੜਦੀ ਜਦੋਂ ਡੇਢ ਮੀਲ ਤੇ ਆ ਗਈ, ਕਹਿਣ ਲੱਗੀ ਕਿ ਜੁਤੀ ਉਸ ਨੇ ਸਸਤੀ ਦੇ ਦਿਤੀ ਹੈ। ਪਿੰਡ ਨੇੜਿਓਂ ਫੇਰ ਮੁੜ ਕੇ ਟੈਹੜੂ ਪੁਜ ਗਈ ਅਤੇ ਇਹ ਕਹਿ ਕੇ ਦੋ ਆਨੇ ਹੋਰ ਦੇ ਦਿਤੇ ਕਿ ਭਾਈ ਤੂੰ ਜੁੱਤੀ ਸਸਤੀ ਦੇ ਦਿਤੀ ਇਹ ਗੱਲ ਉਸ ਦੀ ਉਦਾਰ ਚਿਤ ਦੀ ਤਸਵੀਰ ਹੈ।



ਅਭੁੱਲ ਯਾਦ ਸੰਤ ਮਹਾਰਾਜ ਅਤੇ ਪਰਮ ਸਤਿਕਾਰਯੋਗ ਬੀਜੀ

ਸੰਤ ਵੀਰ ਜੀ ਦੇ ਇਕ ਜਮਾਤੀ ਨੇ ਦੱਸਿਆ ਸੀ ਕਿ ਇਕ ਦਿਨ ਜਦੋਂ ਉਹ ਦੂਜੀ ਜਮਾਤ ਵਿਚ ਪੜ੍ਹਦੇ ਸੀ, ਮਾਸਟਰ ਜੀ ਪੜ੍ਹਾ ਰਹੇ ਸੀ, ਉਸਨੇ ਲਿਖਾਉਂਦੇ ਹੋਏ ਤਮਾਕੂ ਅੱਖਰ ਬੋਲ ਦਿਤਾ। (ਸੰਤ) ਵਰਿਆਮ ਸਿੰਘ ਜੀ ਨੇ ਤਮਾਕੂ ਅੱਖਰ ਨਾ ਲਿਖਿਆ ਅਤੇ ਜਗ੍ਹਾ ਖਾਲੀ ਛੱਡ ਦਿਤੀ ਤੇ ਮਾਸਟਰ ਨੇ ਗੁੱਸੇ ਵਿਚ ਕੜਕ ਕੇ ਕਿਹਾ, "ਤੂੰ ਕਿਉਂ ਨਹੀਂ ਲਿਖਦਾ?" ਤਾਂ ਆਪ ਨੇ ਕੇਵਲ ਚੁੱਪ ਧਾਰਨ ਕੀਤੀ ਹੋਈ ਸੀ। ਜਵਾਬ ਨਾ ਮਿਲਣ ਤੇ ਮਾਸਟਰ ਜੀ ਨੇ ਡੰਡੇ ਨਾਲ ਕੁਟਣਾ ਸ਼ੁਰੂ ਕਰ ਦਿਤਾ ਪ੍ਰੰਤੂ ਆਪ ਚੁੱਪ-ਚਾਪ ਕੁਟ ਖਾਂਦੇ ਰਹੇ ਪਰ ਮੁਖੋਂ ਨਹੀਂ ਬੋਲੇ। ਤਾਂ ਇਨ੍ਹਾਂ ਦੇ ਨਜ਼ਦੀਕ ਇਕ ਬੱਚੇ ਨੇ ਦੱਸਿਆ ਕਿ ਇਸ ਨੇ ਤਮਾਕੂ ਦਾ ਨਾਮ ਨਹੀਂ ਲੈਣਾ ਤੇ ਨਾ ਹੀ ਬੋਲਣਾ ਹੈ ਕਿਉਂਕਿ ਇਨ੍ਹਾਂ ਦੇ ਬਚਪਨ ਦੇ ਸੰਸਕਾਰ ਗੁਰਸਿੱਖੀ ਵਿਚ ਇੰਨੇ ਪ੍ਰਬਲ ਤੇ ਪਰਪੱਕ ਸਨ। ਤਮਾਕੂ ਦਾ ਨਾਮ ਨਹੀਂ ਲੈਂਦੇ ਸਨ।

ਨੌਂ ਸਾਲ ਦੀ ਉਮਰ ਵਿਚ ਮੇਰੇ ਨਾਲ ਧਲੇਤੇ ਆਏ ਤਾਂ ਚਾਰ ਜਮਾਤਾਂ ਪਾਸ ਕਰਕੇ ਪੰਜਵੀਂ ਜਮਾਤ ਵਿਚ ਹੋ ਗਏ ਸੀ। ਮੈਨੂੰ ਸੰਨ ਤਾਂ ਯਾਦ ਨਹੀਂ ਪਰ ਇੰਨਾਂ ਚੇਤਾ ਹੈ ਕਿ ਸੰਤ ਵੀਰ ਜੀ ਦਾ ਵਿਆਹ ਹੋ ਚੁਕਿਆ ਹੋਇਆ ਸੀ। ਮੈਂ ਵਿਆਹ ਨੂੰ ਹਰਮੋਨੀਅਮ ਵਾਜਾ ਨਾਲ ਹੀ ਲਿਆਈ ਸੀ। ਮੈਨੂੰ ਤੇ ਬੀਬੀ ਨਸੀਬ ਕੌਰ ਬੰਗਿਆਂ ਵਾਲੀ ਨੂੰ ਵੀਰ ਨੇ ਕਿਹਾ ਕਿ ਤੁਸੀਂ ਵਾਜਾ ਵਜਾਈ ਜਾਵੋ। ਅਸੀਂ ਵਾਜਾ ਵਜਾਈ ਗਈਆਂ ਤੇ ਵੀਰ ਜੀ ਸ਼ਬਦ ਪੜ੍ਹੀ ਗਏ ਅਤੇ ਭੈਣੀ ਸਾਹਿਬ ਤੋਂ ਧਾਰਨਾ ਸੁਣ ਕੇ ਆਏ ਸਨ, "ਧੰਨ ਬਾਬਾ ਓ ਰਾਮ ਸਿੰਘ ਜੀ, ਮੈਨੂੰ ਤੇਰਾ ਵਿਛੋੜਾ ਮਾਰੇ।" ਪਿੰਡ ਨਗਰ ਵਾਲੇ ਬਾਬਾ ਜੀ ਦਾ ਕੀਰਤਨ ਦੀਵਾਨ ਸੁਣ ਕੇ ਆਏ ਹੋਏ ਸੀ ਤੇ ਇਹੀ ਧਾਰਨਾ ਪੜ੍ਹਦੇ-ਪੜ੍ਹਦੇ ਬੇ-ਸੁਰਤਿ ਹੋ ਗਏ ਅਤੇ ਅੱਠ ਪਹਿਰ ਸਮਾਧੀ

ਲੱਗੀ ਰਹੀ ਅਤੇ ਆਪਣੇ ਆਪ ਹੀ ਸਮਾਧੀ ਤੋਂ ਉਥਾਨ ਹੋਏ। ਸਮਾਧੀ ਤੋਂ ਬਾਅਦ ਜਿੰਨਾ ਚਿਰ ਇਥੇ ਮੇਰੇ ਕੋਲ ਧਲੇਤੇ ਰਹੇ, ਇਥੇ ਨਿਤਨੇਮ ਤੇ ਛੇ ਪੱਕੀਆਂ ਮਾਲਾ ਫੇਰਦੇ ਰਹੇ ਜੋ 70,000 ਵਾਹਿਗੁਰੂ ਮੰਤਰ ਦਾ ਜਾਪ ਬਣ ਜਾਂਦਾ ਹੈ। ਅਤੇ ਜਦੋਂ ਬਾਅਦ ਵਿਚ ਧਮੋਟ ਗਏ ਉਥੇ ਵੀ ਇਸੇ ਤਰ੍ਹਾਂ ਘੰਟਿਆਂ ਬੱਧੀ ਮੋਘੇ ਉਤੇ ਬੈਠ ਕੇ ਮਾਲਾ ਫੇਰਦੇ ਰਹਿੰਦੇ, ਖੇਤਾਂ ਵਿਚ ਬੈਠੇ ਗੁਰਮੰਤ੍ਰ ਦਾ ਜਾਪ ਕਰਕੇ ਰਹਿੰਦੇ; ਹਰ ਸਮੇਂ ਜਾਪ ਚਲਦਾ ਸੀ। ਅੱਧੀ ਰਾਤ ਜਦੋਂ ਬੇਬੇ ਜੀ ਨੂੰ ਜਾਗ ਆਉਣੀ ਤਾਂ ਉਠਾ ਕੇ ਮੰਜੇ ਤੇ ਪਾਉਂਦੇ ਸੀ ਅਤੇ ਸੌਣ ਵਾਸਤੇ ਤਾਕੀਦ ਕਰਦੇ ਸੀ। ਇਹ ਵੀ ਸੰਤ ਵੀਰ ਜੀ ਦੀਆਂ ਗੱਲਾਂ ਅਜੀਬ ਸਨ। ਫੇਰ ਅਸੀਂ ਦੋਨੋਂ ਭੈਣ ਭਰਾ ਕੀਰਤਨ ਕਰਨ ਲੱਗ ਪਏ। ਲਾਗੇ ਦੇ ਘਰਾਂ ਵਾਲੇ ਸਾਰੇ ਇੱਕਠੇ ਹੋ ਜਾਂਦੇ ਸੀ। ਕਾਫੀ-ਕਾਫੀ ਦੇਰ ਕੀਰਤਨ ਕਰਦੇ ਰਹਿੰਦੇ ਸੀ ਅਤੇ ਅੰਮ੍ਰਿਤ ਵੇਲੇ ਘਰੋਂ-ਘਰੀ ਆਸਾ ਦੀਆਂ ਵਾਰਾਂ ਲਾਉਂਦੇ ਸੀ ਅਤੇ ਮਿਸਤਰੀਆਂ ਦੇ ਮੁਹੱਲੇ ਇੰਨਾਂ ਪ੍ਰਚਾਰ ਹੋਇਆ ਕਿ ਉਹ ਸਾਰੇ ਸਿੱਖੀ ਵਿਚ ਲੈ ਆਂਦੇ।



ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਆਪ ਦਰਗਾਹ 'ਚੋਂ ਹੀ ਐਸੇ ਕੰਮ ਨੂੰ ਆਏ ਸੀ, ਦੁਨੀਆਂ ਨੂੰ ਤਾਰਨ ਆਏ ਸੀ ਤੇ ਤਾਰਦੇ ਰਹੇ ਹਨ; ਗੁਰੂ ਚੜ੍ਹਦੀਆਂ ਕਲਾਂ ਕਰਨ। ਮਿਹਰ ਪਿਛਲੇ ਜਨਮ ਦੀ, ਬਾਬਾ ਜੀ ਅਤਰ ਸਿੰਘ ਜੀ ਮਹਾਰਾਜ ਨੇ ਚੰਗੀ ਤਰ੍ਹਾਂ ਗੌਰ ਨਾਲ ਹੱਥ ਕਰਕੇ ਵਾਹਿਗੁਰੂ-ਵਾਹਿਗੁਰੂ ਕਿਹਾ ਸੀ। ਜਦੋਂ ਧਲੇਰ ਵਾਲੇ ਸੰਤ ਆਏ ਸੀ ਉਨ੍ਹਾਂ ਕੋਲ ਮੈਂ ਬੇਨਤੀ ਕੀਤੀ ਕਿ ਮਹਾਰਾਜ ਜੀ ਨੇ ਸਾਨੂੰ ਜਦ ਇਸ ਤਰ੍ਹਾਂ ਗੌਰ ਨਾਲ ਕਿਹਾ ਸੀ, ਤਾਂ ਸਾਡੇ ਅੰਦਰੋਂ ਆਪਣੇ ਆਪ ਵਾਹਿਗੁਰੂ ਸ਼ਬਦ ਚਲਦਾ ਹੈ -ਸੁਤਿਆਂ ਦੇ ਵੀ ਤੇ ਜਾਗਦਿਆਂ ਦੇ ਵੀ। ਵੀਰ ਜੀ! ਤੁਹਾਡੀ ਤਪੱਸਿਆ ਕਈ ਜਨਮਾਂ ਦੀ ਹੈ। ਜਦ ਸੰਤ ਬਾਬਾ ਅਤਰ ਸਿੰਘ ਮਹਾਰਾਜ ਆਪਾਂ ਪਾਸੋਂ ਲੰਘੇ ਸੀ ਤਾਂ ਤੁਹਾਡੇ ਵਲ ਇਸ ਤਰ੍ਹਾਂ ਵੇਖ ਕੇ ਮਿਹਰ ਦੀ ਨਦਰ ਕੀਤੀ ਕਿ ਜਿਵੇਂ ਗੁਆਚੇ ਹੀਰੇ ਨੂੰ ਲੱਭੀਦਾ ਹੈ। ਮੈਂ ਜਦੋਂ ਯਾਦ ਕਰ ਰਹੀ ਹਾਂ ਤਾਂ ਪਿਛਲਾ ਦ੍ਰਿਸ਼ ਸਾਰਾ ਉਘੜ ਕੇ ਅੱਖਾਂ ਸਾਮ੍ਹਣੇ ਆ ਰਿਹਾ ਹੈ ਕਿ ਕਿਸ ਤਰ੍ਹਾਂ ਸੂਤ ਦੀਆਂ ਮਾਲਾ ਬਣਾ ਲੈਣੀਆਂ, ਸ਼ਬਦ ਕੰਠ ਕਰੀ ਜਾਣੇ, ਕੀਰਤਨ ਕਰਨਾ ਸਾਰੇ ਧਮੋਟ ਵਿਚ। ਧੰਨ ਹੋਂ! ਹੁਣ ਫੇਰ ਦੁਬਾਰਾ ਧਮੋਟ ਨੂੰ ਭਾਗ ਲਾ ਆਏ ਹੋ ਅਤੇ ਭੁੱਲੇ ਵਿਸਰਿਆਂ ਨੂੰ ਗੁਰੂ ਦੇ ਚਰਨਾਂ ਨਾਲ ਜੋੜ ਆਏ ਹੋ।

ਸੰਤ ਮਹਾਰਾਜ ਰੇਰੂ ਸਾਹਿਬ ਵਾਲੇ ਜਦੋਂ ਮਸਤੂਆਣੇ ਗਏ, ਉਦੋਂ ਸਰੋਵਰ ਦੀ ਕਾਰ ਸੇਵਾ ਹੋ ਰਹੀ ਸੀ। ਪਹਿਲੀ ਵਾਰੀ ਗਏ ਤਾਂ ਸੰਗਤ ਦੇ ਨਾਲ ਬੈਠ ਕੇ ਗਏ, ਦੂਜੀ ਵਾਰੀ ਫੇਰ ਜਦੋਂ ਕਾਰ ਸੇਵਾ ਤੇ ਗਏ ਤਾਂ ਸੰਤ ਮਹਾਰਾਜ ਜੀ ਨੇ ਆਦਰ ਨਾਲ ਕੋਲ ਬੁਲਾ ਲਏ ਅਤੇ ਖੜ੍ਹੇ ਕਰਕੇ ਕਹਿਣ ਲੱਗੇ, "ਸੰਗਤੋ! ਸੰਗਤੋ! ਆਓ ਤੁਹਾਨੂੰ ਹੀਰੇ ਦੇ ਦਰਸ਼ਨ ਕਰਾਈਏ, ਇਹ ਕੋਹਿਨੂਰ ਹੀਰਾ ਹੈ। ਪਲੰਘ ਦੇ ਪਾਵੇ ਨਾਲ ਲੱਗ ਕੇ ਸੰਤ ਈਸ਼ਰ ਸਿੰਘ ਜੀ ਬੈਠੇ ਸੀ। ਗੜਵਾ ਕੋਲ ਰੱਖਿਆ ਹੋਇਆ ਸੀ। ਉਨ੍ਹਾਂ ਦੇ (ਸੰਤ ਈਸ਼ਰ ਸਿੰਘ ਜੀ ਦੇ) ਸੀਸ ਤੇ ਹੱਥ ਰੱਖ ਕੇ ਕਹਿੰਦੇ, "ਭਾਈ ਸਾਹਿਬ! ਆਹ ਤੇਰਾ ਹੀਰਾ ਦੁਨੀਆਂ ਨੂੰ ਤਾਰੇਗਾ, ਬਹੁਤ ਪਰਤਾਪੀ ਹੋਵੇਗਾ। ਦੁਨੀਆਂ ਤੇ ਨਾਮ ਦੀ ਮਹਿਕ ਵੰਡੂਗਾ। ਸੰਤ ਮਹਾਰਾਜ ਬਹੁਤ ਵਾਰੀ ਇਹ ਬਚਨ ਆਪ ਕਰਦੇ ਹੁੰਦੇ ਸੀ ਕਿ ਸੰਤ ਰਾੜੇ ਵਾਲੇ ਕੀਰਤਨ ਕਰਕੇ ਸੰਸਾਰ ਦਾ ਭਲਾ ਕਰਨਗੇ। ਸੌ ਸਿਆਣਿਆਂ ਦੀ ਇਕੋ ਮਤ ਹੁੰਦੀ ਹੈ, ਕਮਲਿਆਂ ਦੀ ਆਪੋ ਆਪਣੀ। ਮਹਾਂਪੁਰਖਾਂ ਦੀ ਜੋਤ ਇਕੋ ਹੁੰਦੀ ਹੈ, ਮਿਹਰ ਹੁੰਦੀ ਹੈ।

ਜਿਸ ਤਰ੍ਹਾਂ ਆਪ ਸੰਗਤਾਂ ਨੂੰ ਤਾਰ ਰਹੇ ਹੋ, ਧੁਰੋਂ ਹੀ ਡਿਊਟੀਆਂ ਲੱਗੀਆਂ ਹੁੰਦੀਆਂ ਨੇ, ਕਲਗੀਧਰ ਪਾਤਸ਼ਾਹ ਜੀ ਪਾਸੋਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕਰਕੇ ਅੰਮ੍ਰਿਤ ਦੀ ਦਾਤ ਤਾਂ ਮਿਲ ਜਾਂਦੀ ਹੈ ਪਰ ਨਾਮ ਦੀ ਦਾਤ ਨੂੰ ਕੋਈ ਵੀ ਗੌਰ ਨਾਲ ਨਹੀਂ ਸਮਝਦਾ ਤੇ ਸੁਣਦਾ, ਪ੍ਰੰਤੂ ਮਹਾਂਪੁਰਖਾਂ ਤੇ ਸੰਤਾਂ ਰਾਹੀਂ ਦ੍ਰਿੜ੍ਹ ਕਰਵਾਉਣ ਨਾਲ ਹੀ ਨਾਮ ਚਲਦਾ ਹੈ ਸੰਤ ਵੀਰ ਜੀ! ਮੈਂ ਆਪ ਦੀ ਕੀ ਸਿਫਤ ਕਰਾਂ, ਮੇਰੀ ਐਨੀ ਬੁੱਧ ਵਿਚ, ਰਸਨਾ ਵਿਚ ਤਾਸੀਰ ਨਹੀਂ। ਆਪ ਤਾਂ ਬ੍ਰਹਮਗਿਆਨੀ ਹੋ, ਬਹੁਤ ਪਰਉਪਕਾਰ ਕਰ ਰਹੇ ਹੋ। ਆਪ ਦਾ ਮੈਗਜ਼ੀਨ 'ਆਤਮ ਮਾਰਗ' ਬਹੁਤ ਸੋਹਣਾ ਹੈ। ਗੁਰਮਤਿ ਵਿਚਾਰ ਨਾਲ ਭਰਿਆ ਹੋਇਆ ਹੈ, ਪੜ੍ਹ ਕੇ ਮਨ ਨੂੰ ਅਨੰਦ ਆਉਂਦਾ ਹੈ, ਬਹੁਤ ਸੋਹਣੀਆਂ ਵਿਚਾਰਾਂ ਨੇ। ਦੱਸਣ ਦੀ ਐਨੀ ਬੁੱਧ ਨਹੀਂ, ਅਨੰਦ ਹੀ ਅਨੰਦ ਹੈ। ਆਪ ਦੇ ਵਿਚਾਰ ਸੋਹਣੇ ਢੰਗ ਨਾਲ ਕੀਤੇ ਹੋਏ ਨੇ ਤੇ ਪੂਰੀ ਤਰ੍ਹਾਂ ਸਮਝ ਵਿਚ ਆਉਂਦੇ ਨੇ।

(--------)

ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲੇ

ਭਾਈ ਸੁਰਿੰਦਰ ਸਿੰਘ
ਸੰਤ ਆਸ਼ਰਮ ਧਬਲਾਨ

ਪਰਮ ਪੂਜਯ 'ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ' ਰਤਵਾੜਾ ਸਾਹਿਬ ਵਾਲਿਆਂ ਦੇ ਅਵਤਾਰ ਦਿਵਸ ਨੂੰ ਸਮਰਪਿਤ.....।

ਤਿਸ ਕੀ ਮਹਿਮਾ ਕਉਨ ਬਖਾਨਉ ॥ ਅੰਗ- ੨੮੬

ਪੰਜ ਦਰਿਆਵਾਂ ਦੀ ਧਰਤੀ ਹੈ 'ਪੰਜਾਬ'। ਜਿਸਨੂੰ ਇਹ ਮਾਣ ਪ੍ਰਾਪਤ ਹੈ ਕਿ ਏਥੇ ਵਿਸ਼ਵ ਪ੍ਰਸਿੱਧ ਗੁਰੂ-ਪੀਰ, ਪੈਗੰਬਰ, ਸੂਫੀ ਸੰਤ, ਮਹਾਨ ਦੇਸ-ਭਗਤ ਅਤੇ ਰੂਹਾਨੀ ਇਸ਼ਕ 'ਚ ਰੰਗੇ ਆਸ਼ਿਕ ਪੈਦਾ ਹੋਏ। ਏਥੇ ਹੀ ਅਧਿਆਤਮਿਕ ਵਿਦਿਆ ਦੇ ਪ੍ਰਸਿੱਧ ਵੇਦਾਂ-ਗ੍ਰੰਥਾਂ ਦੀ ਰਚਨਾ ਹੋਈ ਤੇ ਧਰਮਯੁੱਧ ਲੜੇ ਗਏ। ਸਾਡੇ ਗੁਰੂਆਂ-ਪੀਰਾਂ, ਸੂਫੀ-ਸੰਤਾਂ, ਦੇਸ਼-ਭਗਤਾਂ ਨੇ, ਉੱਚ ਫਿਲਾਸਫੀ, ਅਮੀਰ ਸਾਹਿਤ ਦੇ ਸੁਨੇਹੇ ਰਾਹੀਂ ਕੁੱਲ ਪੰਜਾਬੀਅਤ ਨੂੰ ਸੰਸਾਰ ਅੱਗੇ ਪੇਸ਼ ਕੀਤਾ।

ਨਿਰਮਲ ਪੰਥ ਦੇ ਪ੍ਰਥਮ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ' ਮਾਰਿਆ ਸਿੱਕਾ ਜਗਤੁ ਵਿਚ ਨਾਨਕ ਨਿਰਮਲ ਪੰਥੁ ਚਲਾਇਆ....। ਨਿਰਮਲ ਅਤੇ ਨਿਆਰੇ ਪੰਥ ਦਾ ਬੂਟਾ ਲਾਇਆ, ਬਾਅਦ ਵਿਚ ਹਰ ਇੱਕ ਗੁਰੂ ਸਾਹਿਬਾਂ ਨੇ ਇਸ ਪਵਿੱਤਰ ਬੂਟੇ ਨੂੰ ਰੂਹਾਨੀ ਅੰਮ੍ਰਿਤ ਦੁਆਰਾ ਸਿੰਜਿਆ, ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਇਹ ਲਾਇਆ ਬੂਟਾ ਇੱਕ ਮਹਾਨ ਬਾਗ ਦਾ ਰੂਪ ਧਾਰਨ ਕਰ ਗਿਆ, ਹਰ ਇਕ ਗੁਰੂ ਸਾਹਿਬਾਨ ਦੇ ਜੀਵਨ ਕਾਲ ਦੌਰਾਨ ਇਸ ਬਾਗ ਵਿਚ ਇੱਕ ਨਹੀਂ ਅਨੇਕਾਂ ਹੀ ਰੂਹਾਨੀ ਖੁਸ਼ਬੂ ਨਾਲ ਸਰੋਬਾਰ ਫੁੱਲਾਂ ਵਰਗੇ ਸਿੱਖ ਮਹਾਂਪੁਰਖ ਪੈਦਾ ਹੁੰਦੇ ਰਹੇ, ਜਿਨ੍ਹਾਂ ਦਾ ਗੁਰੂ ਘਰ ਦੀਆਂ ਸੰਗਤਾਂ ਵਿਚ ਗੁਰੂਆਂ ਦੇ ਸਮੇਂ ਵੀ ਅਦਬ ਸਤਿਕਾਰ ਕੀਤਾ ਜਾਂਦਾ ਰਿਹਾ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਸ ਨਿਰਮਲ ਪੰਥ ਨੂੰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਲੜ ਲਾ ਕੇ ਹੁਕਮ ਕਰ ਗਏ।

ਸਭ ਸਿੱਖਨੁ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।

ਗੁਰੂ ਘਰ ਦੇ ਕਰਣੀ ਵਾਲੇ ਮਹਾਨ ਗੁਰ-ਸਿੱਖਾਂ, ਮਹਾਂਪੁਰਖਾਂ ਦਾ ਸਤਿਕਾਰ ਕਿਵੇਂ ਕਰਨਾ ਹੈ, ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਹੀ ਗੁਰੂਆਂ ਦੀ ਪ੍ਰਗਟ ਦੇਹ ਦਾ ਉਪਦੇਸ਼ ਦ੍ਰਿੜ੍ਹ ਕਰਵਾ ਕੇ ਆਪ ਜੀ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ ਦੀ ਪਾਵਨ ਧਰਤੀ 'ਤੇ ਜੋਤੀ ਜੋਤਿ ਸਮਾ ਗਏ। ਗੁਰੂ ਸਾਹਿਬਾਨਾਂ ਦੇ ਪਵਿੱਤਰ ਸਰੀਰਾਂ ਤੋਂ ਬਾਅਦ ਭੀ ਪੰਜਾਬ ਦੀ ਧਰਤੀ ਦੀ ਪਵਿੱਤਰਤਾ ਨੂੰ ਕਾਇਮ ਰਖਦੇ ਹੋਏ, ਗੁਰੂ ਨਾਨਕ ਦੇਵ ਜੀ ਦੇ ਦਰੋਂ-ਘਰੋਂ ਵਰੋਸਾਈਆਂ ਮਹਾਨ-ਰੂਹਾਂ ਰੂਹਾਨੀ ਤਾਕਤਾਂ ਨਾਲ ਭਰਪੂਰ ਸੰਤਾਂ ਭਗਤਾਂ ਦੇ ਰੂਪ 'ਚ ਪ੍ਰਗਟ ਹੁੰਦੀਆਂ ਰਹੀਆਂ ਜਿਨ੍ਹਾਂ ਨੇ ਗੁਰੂ ਸਾਹਿਬਾਨਾਂ ਦੇ ਰੂਹਾਨੀ ਮਿਸ਼ਨ ਨੂੰ ਗੁਰੂ ਗ੍ਰੰਥ ਸਾਹਿਨ ਜੀ ਦੀ ਪਵਿੱਤਰ ਗੁਰਬਾਣੀ ਦੇ ਆਸੇ ਅਨੁਸਾਰ ਦੁਨੀਆਂ 'ਚੋਂ ਵਿਚਰਦੇ ਹੋਏ ਦ੍ਰਿੜ੍ਹ ਕਰਵਾਇਆ। ਇਥੇ ਅਦਬ ਸਹਿਤ ਵਰਨਣ ਕਰਨਾ ਚਾਹਾਂਗਾ, ਜਿਨ੍ਹਾਂ ਦਾ ਨਾਮ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ ਬਲਕਿ ਸਿੱਖ-ਜਗਤ ਦਾ ਬੱਚਾ-ਬੱਚਾ ਇਨ੍ਹਾਂ ਪਵਿੱਤਰ ਨਾਮਾਂ ਤੋਂ ਜਾਣੂ ਹੈ, ਪਰਮ-ਪੂਜਯ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ, ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ, ਬਾਬਾ ਨੰਦ ਸਿੰਘ ਜੀ ਮਹਾਰਾਜ ਨਾਨਕਸਰ ਕਲੇਰਾਂ, ਪਰਮ-ਪੂਜਯ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ, ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵਾਲੇ, ਜਿਨ੍ਹਾਂ ਦਾ ਨਾਮ ਲਇਆ ਰਸਨਾ ਨੂੰ ਸੁੱਧੀ ਔਰ ਪਵਿੱਤਰਤਾ ਹਾਸਿਲ ਹੋ ਜਾਂਦੀ ਹੈ, ਇਨ੍ਹਾਂ ਮਹਾਂਪੁਰਖਾਂ ਦੀ ਪਾਰਸ ਤੋਂ ਵੀ ਉਤਮ ਸਪਰਸੀ ਸੰਗਤ ਦੁਨੀਆਂ ਵਿਚ ਹੋਰ ਭੀ ਹੀਰੇ-ਲਾਲਾਂ ਤੋਂ ਕੀਮਤੀ ਮਹਾਂਪੁਰਖ ਪੈਦਾ ਕਰ ਗਈ ਜਿਨ੍ਹਾਂ ਅਨੇਕਾਂ ਮਹਾਨ ਪਵਿੱਤਰ ਰੂਹਾ ਵਿਚ ਇਕ ਮਹਾਨ ਨਾਮ ਧਰੂ ਤਾਰੇ ਦੀ ਤਰ੍ਹਾਂ ਚਮਕਿਆ, ਉਹ ਪਵਿੱਤਰ ਨਾਮ ਹੈ 'ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ, ਰਤਵਾੜਾ ਸਾਹਿਬ' ਵਾਲੇ ਜਿਨ੍ਹਾਂ ਨੇ ਪਰਮ-ਪੂਜਯ ਸੰਤ ਈਸਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਸੰਗਤ ਦੁਆਰਾ ਆਪਣਾ ਆਪਾ ਮਿਟਾ ਦਿੱਤਾ ਕਿ ਮਹਾਂਪੁਰਖਾਂ ਦੀ ਸੰਗਤ ਦਾ ਕੀ ਫਲ ਹੋਇਆ ਕਰਦਾ ਹੈ ਅਤੇ ਭਗਤ ਕਬੀਰ ਜੀ ਦੀਆਂ ਗੁਰਬਾਣੀ ਦੀਆ ਪੰਗਤੀਆਂ ਨੂੰ ਸਕਾਰਥ ਕਰ ਦਿਖਾਇਆ -

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥

ਅੰਗ - 1365

ਓਹੀ ਰੂਪ ਹੋ ਨਿਬੜੇ, ਭਾਵੇਂ ਕਦੀ ਵੀ ਇਨ੍ਹਾਂ ਆਪਣੀ ਸਮਰੱਥਾ ਦਾ ਪ੍ਰਗਟਾਵਾ ਨਹੀਂ ਕੀਤਾ ਪਰ ਕੁਦਰਤੀ ਹੀ ਇਨ੍ਹਾਂ ਅੰਦਰੋਂ ਡੁੱਲ੍ਹ-ਡੁੱਲ੍ਹ ਪੈਂਦੇ, ਰੂਹਾਨੀ ਨੂਰ ਤੋਂ ਪ੍ਰਭਾਵਿਤ ਹਰ ਕੋਈ ਹਿਰਦਾ ਇਨ੍ਹਾਂ ਅੱਗੇ ਸਤਿਕਾਰ ਸਾਹਿਤ ਝੁਕਦਾ, ਹਰ ਖੁਸ਼ੀ ਪ੍ਰਾਪਤ ਕਰਦਾ, ਪਤਾ ਨਹੀਂ ਕਿੰਨੀ ਭਟਕਦੀ ਹੋਈ ਦੁਨੀਆਂ ਨੂੰ ਪ੍ਰਮਾਰਥ ਦੀ ਸੇਧ ਦੇ ਕੇ ਰੂਹਾਨੀ ਰੰਗਾਂ 'ਚ ਰੰਗ ਦਿੱਤਾ, ਆਪਣਾ ਹਰ ਇਕ ਸੁਆਸ ਦੁਨੀਆਂ ਦੇ ਭਲੇ ਔਰ ਪਰਉਪਕਾਰ ਲਈ ਲਾ ਦਿੱਤਾ, ਜੋ ਕੋਈ ਘੋਰ-ਕਲੂ-ਕਲਜੁਗ ਦੀ ਅੱਗ ਦਾ ਤਪਾਇਆ ਹਿਰਦਾ ਇਨ੍ਹਾਂ ਦੀ ਸਪਰਸੀ ਸੰਗਤ 'ਚ ਆਇਆ, ਸੇਵਾ, ਸਿਮਰਨ, ਸਾਧਨਾ ਦਾ ਬਲ ਪ੍ਰਾਪਤ ਕਰਦਾ ਹੋਇਆ, ਉੱਚ ਮੁਰਾਤਵੇ ਨੂੰ ਹਾਸਿਲ ਹੋਇਆ, ਇਹੋ ਜਿਹੇ ਮਹਾਨ ਮਹਾਂਪੁਰਖਾਂ ਨੂੰ ਕੋਟਨ-ਕੋ ਡੰਡਉ ਬੰਦਨਾ ਕਰਦੇ ਹੋਏ ਸਮੂੰਹ ਸਿੱਖ ਸੰਗਤਾਂ ਨੂੰ ਇਸ ਮਹਾਨ ਪਵਿੱਤਰ ਅਵਤਾਰ ਦਿਸਵ ਦੀ ਲੱਖ-ਲੱਖ ਵਧਾਈ, ਸਤਿਗੁਰੂ ਕ੍ਰਿਪਾ ਕਰਨ ਐਸੀਆਂ ਪਵਿੱਤਰ ਮਹਾਰ ਰੂਹਾਂ ਇਸ ਮਾਤਲੋਕ 'ਤੇ ਆਉਂਦੀਆਂ ਰਹਿਣ ਤਾਂ ਜੋ ਸੰਸਾਰ ਦੀ ਦਿਨ-ਬ-ਦਿਨ ਨਾਜ਼ੁਕ ਹੋ ਰਹੀ ਹਾਲਤ ਬਿਹਤਰ ਹੋਵੇ ਅਤੇ ਹਰ ਪਾਸੇ ਖੁਸ਼ੀਆਂ ਅਤੇ ਚੜ੍ਹਦੀ ਕਲਾਂ ਦਾ ਵਰਤ-ਵਰਤਾਰਾ ਹੋ ਜਾਵੇ ਅਤੇ ਜੋ ਸ਼ਬਦ-ਲੰਗਰ ਆਤਮ ਮਾਰਗ ਰਾਹੀਂ ਚੱਲ ਰਿਹਾ ਹੈ ਉਸ ਵਿੱਚ ਸਾਰੇ ਹੀ ਤਨ-ਮਨ-ਧਨ ਨਾਲ ਯੋਗਦਾਨ ਪਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਦੇ ਪਾਤਰ ਬਣੋ ਜੀ।

(-------)

ਸਤਵੰਤ ਕੌਰ

ਭਾਈ ਵੀਰ ਸਿੰਘ ਜੀ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਕਾਂਡ ਸੱਤਵਾਂ

ਫਾਤਮਾ ਦੀ ਦੂਸਰੀ ਸੌਂਕਣ ਦੇ ਜੀ ਨੂੰ ਬਹੁਤ ਦੁਖ ਪਹੁੰਚ ਰਿਹਾ ਸੀ, ਦਿਨ ਰਾਤ ਮਨਸੂਬੇ ਸੋਚਦੀ ਕਿ ਕਿਸ ਪ੍ਰਕਾਰ ਉਸਨੂੰ ਦੁੱਖ ਦੇਵੇ। ਜਿਸ ਦਿਨ ਤੋਂ ਸਤਵੰਤ ਕੌਰ ਨੇ ਉਸ ਦੇ ਪਤੀ ਦੀ ਜਿੰਦ ਬਚਾਈ ਸੀ, ਉਸ ਦਿਨ ਤੋਂ ਪਤੀ ਨੇ ਖੋਟੇ ਕੰਮ ਤੇ ਸ਼ਰਾਬਾਂ ਛੱਡ ਦਿੱਤੀਆਂ ਸਨ ਅਰ ਦੂਸਰੀ ਵਹੁਟੀ ਦੇ ਘਰ ਨੂੰ ਬੀ ਛੱਡ ਦਿੱਤਾ ਸੀ, ਕੇਵਲ ਖਰਚ ਮਾਤ੍ਰ ਉਸਨੂੰ ਭੇਜ ਛੱਡਦਾ ਸੀ। ਕਾਰਣ ਇਹ ਸੀ ਕਿ ਉਸ ਨੂੰ ਸਮਝ ਪੈ ਗਈ ਸੀ ਕਿ ਇਹ ਵਹੁਟੀ ਹੀ ਮੇਰੀ ਤਬਾਹੀ ਦਾ ਕਾਰਨ ਹੋਈ ਹੈ, ਜਿਸ ਨੇ ਘਰ ਦੇ ਖਰਚ ਅੰਨ੍ਹੇਵਾਹ ਵਧਾ ਕੇ ਅਰ ਦਿਨ ਰਾਤ ਐਸ਼ ਵਿਚ ਪਾ ਕੇ ਮੈਨੂੰ ਸਰਕਾਰ ਧਰੋਹੀ ਬਣਾ ਦਿੱਤਾ। ਖਰਚ ਦੇ ਬੇਹੱਦ ਹੋਣ ਨੇ ਐਥੋਂ ਤੋੜੀ ਮੈਨੂੰ ਬੇਈਮਾਨ ਬਣਾ ਦਿੱਤਾ ਕਿ ਮਾਲਕ ਨਾਲ ਤਰ੍ਹਾਂ ਤਰ੍ਹਾਂ ਦੇ ਛਲ ਕਰਨੇ ਪਏ ਅਰ ਛੇਕੜ ਕਤਲ ਹੋਣ ਤਕ ਨੌਬਤ ਆ ਪਹੁੰਚੀ ਸੀ। ਉਸ ਵਹੁਟੀ ਦੇ ਔਗੁਣਾਂ ਨੇ ਬਾਹ ਦਿੱਤਾ, ਪਰ ਫਾਤਮਾ ਦੇ ਗੁਣਾਂ ਨੇ ਖਿੱਚ ਕੀਤੀ ਕਿਉਂਕਿ ਖਾਨ ਦੇ ਕਰੜੇ ਜ਼ੁਲਮਾਂ ਅਰ ਧੱਕਿਆਂ ਦੀ ਹਾਲਤ ਵਿੱਚ ਬੀ ਫਾਤਮਾ ਸ਼ਰਮ ਧਰਮ ਵਿੱਚ ਪੱਕੀ ਰਹੀ ਅਰ ਸਦਾ ਪਤੀ ਦੀ ਸੇਵਾ ਕਰਨੇ ਦਾ ਜਤਨ ਕਰਦੀ ਰਹੀ। ਛੇਕੜ ਜੋ ਵਾਹ ਪਤੀ ਦੀ ਜਿੰਦ ਬਚਾਉਣੇ ਲਈ ਉਸ ਨੇ ਲਾਈ, ਉਹ ਬੀ ਉਸਨੂੰ ਸਾਰੀ ਮਲੂਮ ਹੋ ਗਈ ਸੀ ਅਰ ਸਤਵੰਤ ਕੌਰ ਦੀ ਹਿੰਮਤ ਦਾ ਕਾਰਨ ਬੀ ਉਹ ਆਪਣੀ ਵਹੁਟੀ ਨੂੰ ਹੀ ਸਮਝਦਾ ਸੀ। ਇਨ੍ਹਾਂ ਗੱਲਾਂ ਕਰਕੇ ਫਾਤਮਾ ਫਰਿਸ਼ਤਾ ਭਾਸਦੀ ਸੀ ਅਰ ਦੂਸਰੀ ਵਹੁਟੀ ਠੀਕ ਸ਼ੈਤਾਨ ਲਗਦੀ ਸੀ, ਜਿਸ ਤੋਂ ਉਸ ਨੂੰ ਹੁਣ ਕਰੜੀ ਸੂਗ ਹੋ ਚੁੱਕੀ ਸੀ।

ਦੂਸਰੀ ਵਹੁਟੀ ਦਾ ਨਾਮ ਜ਼ੈਨਬ ਸੀ। ਇਹ ਇਕ ਛੋਟੇ ਘਰਾਣੇ ਦੀ ਕੁੜੀ ਸੀ ਅਰ ਬੜੇ ਬੁਰੇ ਲੋਕਾਂ ਵਿਚ ਪਲੀ ਸੀ, ਪਰ ਸੁੰਦਰ ਬਹੁਤ ਹੋਣ ਕਰਕੇ ਮਾਂ ਖਾਂ ਸਾਹਿਬ ਨੇ ਪਰਨਾ ਲਈ ਸੀ। ਇਸ ਤ੍ਰੀਮਤ ਦਾ ਦਿਲ ਇਸ ਦੇ ਚਿਹਰੇ ਵਰਗਾ ਸੁਹਣਾ ਨਹੀਂ ਸੀ, ਇਸੇ ਕਰਕੇ ਸਿਆਣੇ ਕਹਿੰਦੇ ਹਨ ਕਿ ਸੂਰਤ ਤੇ ਭੁਲਣਾ ਬੜੀ ਭੁੱਲ ਹੈ, ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ –

ਸੂਰਤਿ ਦੇਖਿ ਨ ਭੂਲੁ ਗਵਾਰਾ ॥
ਮਿਥਨ ਮੋਹਾਰਾ ਝੂਠੁ ਪਸਾਰਾ ॥ ਅੰਗ-੧੦੨੨

ਬਹੁਤ ਸਾਰੇ ਨੌਜਵਾਨ ਨਿਰੀਆਂ ਸੁਹਣੀਆਂ ਵਹੁਟੀਆਂ ਢੂੰਡਦੇ ਹਨ, ਪਰ ਨਿਰੀ ਸੁਹੱਪਣ ਵਾਲੀ ਵਹੁਟੀ ਥੋੜ੍ਹੇ ਦਿਨ ਹੀ ਚੰਗੀ ਲਗਦੀ ਹੈ। ਜਦ ਪਹਿਲੇ ਚਾਉ ਦੇ ਦਿਨ ਲੰਘ ਜਾਂਦੇ ਹਨ, ਤਦ ਗੁਣਾਂ ਦੀ ਖਿੱਚ ਹੀ ਇਸਤ੍ਰੀ ਭਰਤਾ ਦੇ ਸਦਾ ਸੁਖੀ ਨਿਭਣ ਦਾ ਕਾਰਣ ਬਣਦੀ ਹੈ। ਜੇ ਗੁਣ ਨਾ ਹੋਣ ਤਾਂ ਚਿਟੇ ਰੰਗ ਦੀ ਵਹੁਟੀ ਬੀ ਮਾੜੀ ਲੱਗਣ ਲਗ ਜਾਂਦੀ ਹੈ; ਤਾਂਤੇ ਗੁਣਾਂ ਦੀ ਸੁੰਦਰਤਾ ਪ੍ਰਾਪਤ ਕਰਨੀ ਸਭ ਤੋਂ ਵੱਡੀ ਸੁੰਦਰਤਾ ਹੈ। ਚਿਹਰੇ ਦੀ ਸੁੰਦਰਤਾ ਨੂੰ ਹੀ ਇਕੱਲਾ ਲੱਛਣ ਚੰਗਿਆਈ ਦਾ ਨਹੀਂ ਸਮਝ ਲੈਣਾ ਚਾਹੀਦਾ ਜੋ ਇਕ ਫਿਨਸੀ ਨਾਲ ਵਿਗਾੜੀ ਜਾ ਸਕਦੀ ਹੈ ਅਰ ਸੀਤਲਾ ਦੇ ਇਕ ਧੱਪੇ ਨਾਲ ਕਰੂਪਤਾ ਵਿਚ ਬਦਲੀ ਜਾ ਸਕਦੀ ਹੈ, ਪਰ ਗੁਣਾਂ ਦੀ ਸੁੰਦਰਤਾ ਹੀ ਹੈ ਜੋ ਵਧੇਰੇ ਨਾਲ ਨਿਭਦੀ ਹੈ। ਮਹਾਰਾਜ ਜੀ ਦਾ ਵਾਕ ਹੈ –

ਗੁਣ ਕਾਮਣ ਕਰਿ ਕੰਤ ਰਝਾਇਆ॥

ਸੋ ਇਸ ਸੁਹਣੀ ਪਰ ਦਿਲ ਦੀ ਕਰੂਪ ਜ਼ੈਨਬ ਦੇ ਔਗੁਣਾਂ ਨੇ ਜਦ ਪਤੀ ਨੂੰ ਉਸ ਤੋਂ ਦੂਰ ਕਰ ਦਿਤਾ, ਤਦ ਉਹ ਕੁਟਿਲ ਇਸਤ੍ਰੀ ਆਪਣੀਆਂ ਚਲਾਕੀਆਂ ਨਾਲ ਆਪਣੀ ਸੌਂਕਣ ਤੇ ਪਤੀ ਤੋਂ ਬਦਲੇ ਲੈਣ ਦੇ ਮਨਸੂਬੇ ਬੰਨ੍ਹਣ ਲੱਗੀ। ਸਭ ਤੋਂ ਪਹਿਲਾਂ ਕੰਮ ਉਸ ਨੇ ਇਹ ਕੀਤਾ ਕਿ ਇਕ ਫਫੇਕੁਟਣੀ ਚਲਾਕ ਤ੍ਰੀਮਤ ਨੂੰ ਜੋ ਉਸਦੀ ਭੇਤਣ ਸੀ, ਸੌਂਕਣ ਦੇ ਘਰ ਕਿਸੇ ਬਹਾਨੇ ਨੌਕਰ ਕਰਵਾ ਦਿੱਤਾ। ਇਸ ਦਾ ਨਾਮ 'ਸੈਦ' ਸੀ। ਸੈਦ ਬੜੀ ਚਲਾਕ ਤ੍ਰੀਮਤ ਸੀ। ਨੌਕਰ ਹੁੰਦੇ ਸਾਰ ਹੀ ਇਸ ਨੇ ਫਾਤਮਾ ਦੀ ਐਸੀ ਸੇਵਾ ਚੁੱਕੀ ਕਿ ਜਿਸ ਨਾਲ ਉਸ ਦਾ ਢਿੱਡ ਵਿਚ ਵੜ ਜਾਵੇ ਅਰ ਉਸ ਨੂੰ ਹੱਥਾਂ ਉਤੇ ਪਾ ਲਵੇ।

ਸੈਦ ਜਦ ਨੌਕਰ ਹੋਈ, ਤਦ ਹੀ ਸਤਵੰਤ ਕੌਰ ਨੂੰ ਫਾਤਮਾ ਨੇ ਦਸਿਆ ਸੀ, ਪਰ ਸਤਵੰਤ ਕੌਰ ਨੇ ਕੁਝ ਲੰਮੀ ਗਹੁ ਨਾ ਕੀਤੀ। ਪਰ ਜਦ ਕੁਝ ਦਿਨ ਪਾ ਕੇ ਫਾਤਮਾ ਜਦ ਮਿਲੇ ਤਦ ਹੀ ਸੈਦ ਦੀ ਕੁਝ ਉਪਮਾ ਕਰੇ ਤਾਂ ਸਤਵੰਤ ਕੌਰ ਨੂੰ ਕੁਝ ਖਟਕਾ ਹੋਇਆ ਅਰ ਉਸਦੀ ਡੂੰਘੀ ਸੋਚ ਗੋਤੇ ਮਾਰ ਮਾਰ ਵਿਚਾਰਨ ਲੱਗੀ ਕਿ ਐਡੀ ਨੇਕ, ਪਰਉਪਕਾਰਨ ਤੇ ਲਾਇਕ ਨੌਕਰਾਣੀ ਏਥੇ ਕਿੱਥੋਂ ਆ ਗਈ ਅਰ ਐਡੀ ਛੇਤੀ ਕਿੱਕੁਣ ਭੇਤਣ ਬਣ ਗਈ, ਜੋ ਨਾਲੇ ਤਾਂ ਸੇਵਾ ਕਰਦੀ ਹੈ ਨਾਲੇ ਐਸੇ ਲੱਛਣ ਦਿਖਾਲਦੀ ਹੈ ਕਿ ਜਿਨ੍ਹਾਂ ਤੋਂ ਸ਼ੱਕ ਹੁੰਦਾ ਹੈ ਕਿ ਉਹ ਦਿਲੋਂ ਸਾਫ ਨਹੀਂ।

ਇਕ ਵੇਰ ਫਾਤਮਾ ਤੇ ਖਾਂ ਸਾਹਿਬ ਅੱਧੀ ਰਾਤ ਨੂੰ ਆਪਣੇ ਕਮਰੇ ਵਿੱਚ ਗੱਲਾਂ ਕਰਦੇ ਸਨ, ਉਸ ਵੇਲੇ ਸਤਵੰਤ ਕੌਰ ਚੁੱਪ ਚੁੱਪਿਤੀ ਮਲਕੜੇ ਜਿਹੇ ਬੂਹਾ ਖੋਲ੍ਹ ਕੇ ਜੋ ਆਪਣੇ ਲੁਕਵੇਂ ਥਾਂ ਤੋਂ ਅੰਦਰ ਆਈ ਅਰ ਉਰੇ ਆਪਣੇ ਬੂਹੇ ਕੋਲ ਹੀ ਖਲੋ ਕੇ ਦੇਖੇ ਤਾਂ ਦੀਵੇ ਦੀ ਮੱਧਮ ਲੋਅ ਵਿਚ ਸੈਦ ਖੜ੍ਹੀ ਦਿੱਸੀ, ਜੋ ਕੰਨ ਲਾ ਕੇ ਵਹੁਟੀ ਗੱਭਰੂ ਦੇ ਬਚਨ ਬਿਲਾਸ ਸੁਣ ਰਹੀ ਸੀ। ਸਤਵੰਤ ਕੌਰ ਪਿਛਲੇ ਪੈਰੀਂ ਮੁੜ ਗਈ, ਪਰ ਸਵੇਰੇ ਉਸ ਨੇ ਫਾਤਮਾ ਨੂੰ ਕਹਿ ਦਿੱਤਾ ਕਿ ਸੈਦ ਦਾ ਘਰ ਵਿੱਚ ਰਖਣਾ ਮੁਨਾਸਬ ਨਹੀਂ, ਜਿੰਨੀ ਛੇਤੀ ਕੱਢ ਦਿੱਤੀ ਜਾਵੇ ਚੰਗੀ ਹੈ। ਫਾਤਮਾ ਦਾ ਦਿਲ ਤਾਂ ਨਹੀਂ ਸੀ ਚਾਹੁੰਦਾ, ਪਰ ਸਤਵੰਤ ਦਾ ਆਖਿਆ ਮੋੜਨਾ ਬੀ ਔਖਾ ਸੀ। ਉਸ ਨੇ ਗੱਭਰੂ ਨੂੰ ਕਿਹਾ, ਗੱਭਰੂ ਸੈਦ ਦੀ ਸੇਵਾ ਪੁਰ ਖੁਸ਼ ਸੀ, ਉਹ ਉਸਨੂੰ ਕੱਢਣੋਂ ਨਾਂਹ ਨੁੱਕਰ ਕਰਨ ਲੱਗਾ। ਜਦ ਵਹੁਟੀ ਨੇ ਬਹੁਤ ਕਿਹਾ ਤਦ ਕਹਿਣੇ ਲੱਗਾ ਸਬੱਬ ਦੱਸੋ? ਹੁਣ ਫਾਤਮਾ ਸਬੱਬ ਕੀ ਦੱਸੇ? ਗੱਲ ਕੀ ਕੁਝ ਚਿਰ ਗੱਲਬਾਤ

ਹੋ ਕੇ ਚੁੱਪ ਹੋ ਗਈ। ਇਹ ਸਾਰੀ ਬਾਤਚੀਤ ਕਪਟਣ ਸੈਦ ਸੁਣਦੀ ਰਹੀ, ਹੁਣ ਉਹ ਪੱਕ ਜਾਣ ਗਈ ਕਿ ਮੇਰੇ ਵੱਲੋਂ ਕੁਝ ਭਰਮ ਫਾਤਮਾ ਨੂੰ ਪੈ ਗਿਆ ਹੈ, ਪਰ ਉਸਨੂੰ ਪਤਾ ਨਾ ਲੱਗੇ ਕਿ ਕਿੱਕੁਰ ਭਰਮ ਪਿਆ ਹੈ, ਕਿਉਂਕਿ ਸੈਦ ਦੇ ਸਾਰੇ ਚਾਲੇ ਐਸੇ ਪੱਕੇ ਅਰ ਲੁਕੇ ਹੋਏ ਸਨ ਕਿ ਉਨ੍ਹਾਂ ਦਾ ਧੂੰ ਨਿਕਲਣਾ ਬੀ ਕਠਨ ਸੀ। ਬਹੁਤ ਸੋਚ ਕੇ ਸੈਦ ਨੂੰ ਆਪਣੇ ਸ਼ੱਕ ਹੀ ਪੱਕੇ ਹੁੰਦੇ ਦਿੱਸੇ। ਉਹ ਸ਼ੱਕ-ਸ਼ੁਭੇ ਇਹ ਸਨ ਕਿ ਕਈ ਵੇਰ ਫਾਤਮਾ ਅਚਾਨਕ ਗੁੰਮ ਹੋ ਜਾਂਦੀ, ਸੈਦ ਸਾਰਾ ਘਰ ਟੋਲਦੀ, ਪਰ ਪਤਾ ਨਾ ਲੱਗਦਾ। ਨੌਕਰਾਂ ਬਾਂਦੀਆਂ ਨੂੰ ਪੁੱਛਦੀ ਕੋਈ ਥਹੁ ਨਾ ਦਸਦਾ। ਉਸ ਫਫੇ-ਕੁੱਟਣੀ ਦਾ ਚੰਚਲ ਮਨ ਹੈਰਾਨ ਰਹਿੰਦਾ ਕਿ ਇਹ ਕੀਹ ਭੇਤ ਹੈ, ਖਬਰੇ ਇਹ ਕਿਸੇ ਓਪਰੇ ਪਾਸ ਚਲੀ ਜਾਂਦੀ ਹੈ, ਖਬਰੇ ਕਿਸੇ ਜਾਦੂ ਨਾਲ ਉਡ ਜਾਂਦੀ ਹੈ, ਖਬਰੇ ਕਿਤੇ ਲੁਕ ਬੈਠਦੀ ਹੈ। ਹੁਣ ਸੈਦ ਨੇ ਆਪਣੀ ਸੁਆਣੀ ਦਾ ਪਿੱਛਾ ਕਰਨਾ ਆਰੰਭ ਦਿਤਾ, ਉਹ ਸਾਰਾ ਦਿਨ ਘਰ ਕੰਮ ਕਰੇ, ਪਰ ਉਸ ਦੀ ਸੁਰਤ ਫਾਤਮਾ ਵਿਚ ਰਹੇ। ਜਦ ਫਾਤਮਾ ਗੁੰਮ ਹੋ ਜਾਏ ਉਹ ਝੱਟ ਟੋਲ ਕਰੇ, ਪਰ ਪਤਾ ਨਾ ਲੱਗੇ। ਭਲਾ ਘਰ ਦੇ ਵਿਚ ਹੀ ਗੁੰਮ ਹੁੰਦੀ ਦਾ ਕੀ ਥਹੁ ਲੱਗੇ? ਇਕ ਦਿਨ ਸੈਦ ਉਸ ਦੇ ਮਗਰ ਮਗਰ ਹੀ ਸਾਰਾ ਦਿਨ ਰਹੀ, ਪਰ ਅਕਾਰਥ। ਰਾਤ ਪੈ ਗਈ, ਸਭ ਸੌਂ ਗਏ, ਸੈਦ ਉਸ ਦੇ ਬੂਹੇ ਅੱਗੇ ਦੀਵਾ ਬੁਝਾ ਕੇ ਦਮ ਵੱਟ ਕੇ ਬਹਿ ਰਹੀ। ਜਦ ਅੱਧੀ ਰਾਤ ਹੋਈ ਫਾਤਮਾ ਉੱਠੀ, ਮਗਰ ਸੈਦ ਤੁਰੀ, ਦੂਜੇ ਕਮਰੇ ਜਾ ਵੜੀ, ਮਗਰੇ ਸੈਦ ਗਈ, ਜਾਂ ਉਸ ਨੇ ਕੰਧ ਵਿੱਚ ਕਲਾ ਦੱਬੀ, ਬੂਹਾ ਖੋਲ੍ਹਿਆ ਉਹ ਅੰਦਰ ਵੜ ਗਈ, ਝਟ ਬੂਹਾ ਬੰਦ ਹੋ ਗਿਆ। ਹਨ੍ਹੇਰੇ ਕਰਕੇ ਸੈਦ ਨੂੰ ਦਿੱਸਿਆ ਤਾਂ ਕੁਝ ਨਾ ਪਰ ਬੂਹੇ ਖੁਲ੍ਹਣ ਵੱਜਣ ਦਾ ਖੜਕਾ ਜ਼ਰੂਰ ਸੁਣਿਆ। ਜਾਂ ਤਿੰਨ ਪਹਿਰ ਵਜੇ ਫੇਰ ਅਵਾਜ਼ ਆਈ, ਫਾਤਮਾ ਨਿਕਲ ਕੇ ਆਪਣੇ ਕਮਰੇ ਚਲੀ ਗਈ, ਮਗਰੋਂ ਸੈਦ ਆਪਣੇ ਥਾਂ ਜਾ ਸੁੱਤੀ, ਪਰ ਉਸ ਨੂੰ ਨੀਂਦ ਕਿਥੋਂ? ਉਹ ਸਾਰੀ ਰਾਤ ਸੋਚਾਂ ਸੋਚਦੀ ਰਹੀ। ਦਿਨ ਚੜ੍ਹੇ ਉਸ ਨੇ ਸਫਾਈ ਕਰਨ ਦੇ ਬਹਾਨੇ ਪਹਿਲਾਂ ਕੰਮ ਉਸ ਕਮਰੇ ਦੀ ਦੇਖ ਭਾਲ ਦਾ ਕੀਤਾ, ਭਈ ਮੈਂ ਉਸ ਖੜਕਾਰ ਵਾਲੀ ਥਾਂ ਨੂੰ ਲੱਭ ਲਵਾਂ, ਪਰ ਸਭ ਵਿਅਰਥ। ਪਹਿਰ ਭਰ ਸੈਦ ਨੇ ਟੱਕਰਾਂ ਮਾਰੀਆਂ, ਕੁਝ ਸਿਰ ਪੈਰ ਨਾ ਆਇਆ। ਛੇਕੜ ਹਫ ਗਈ, ਸਿਰ ਦੁਖਣ ਲਗ ਗਿਆ ਅਰ ਚਾਹ ਦੀ ਪਿਆਲੀ ਪੀ ਕੇ ਲੇਟ ਗਈ।

ਕਾਂਡ ਅੱਠਵਾਂ

ਸਤਵੰਤ ਕੌਰ ਦੀ ਸੁਣੋ। ਉਹ ਉਸ ਘੁਰੇ ਵਿਚ ਸਮਾਂ ਕੱਟਦੀ ਰਹੀ, ਪਰ ਕਦੇ ਇਹ ਨਹੀਂ ਸਮਝ ਬੈਠੀ ਕਿ ਇਹ ਮੇਰਾ ਘਰ ਹੈ, ਜਾਂ ਇਸੇ ਬੰਦੀ-ਖਾਨੇ ਵਿਚ ਉਮਰ ਕੱਟਾਂਗੀ। ਉਹ ਪਿਤਾ ਦਾ ਘਰ, ਉਹ ਧਰਮਸ਼ਾਲਾ ਦੀ ਕੀਰਤਨ ਦੀ ਝਰਨਾਟ, ਉਹ ਸਤਿਸੰਗਤਾਂ ਦੀ ਠੰਢੀ ਰੌਣਕ, ਜੋੜ ਮੇਲ, ਜੋ ਕਈ ਵੇਰ ਤੁਰਕਾਂ ਤੋਂ ਡਰਦਿਆਂ ਲੁਕ ਕੇ ਬੀ ਹੁੰਦੇ ਸਨ, ਦਿਲ ਨੂੰ ਖਿਚਦੇ ਰਹਿੰਦੇ ਹਨ। ਉਹ ਦਿਨ ਰਾਤ ਆਪਣੇ ਵਤਨ ਪਹੁੰਚਣੇ ਦੀ ਧੁੰਨ ਵਿਚ ਰਹਿੰਦੀ, ਸਾਧਨ ਸੋਚਦੀ ਤੇ ਅਕਾਲ ਪੁਰਖ ਅੱਗੇ ਬੇਨਤੀਆਂ ਕਰਦੀ। ਸਤਵੰਤ ਕੌਰ ਨੇ ਉਨ੍ਹਾਂ ਦਿਨਾਂ ਵਿਚ ਹੀ ਫਾਤਮਾ ਦੀ ਰਾਹੀਂ ਆਪਣੇ ਮੇਚੇ ਦੇ ਮਰਦਾਵੇਂ ਕਪੜੇ ਬੀ ਬਨਵਾ ਲਏ ਹੋਏ ਸਨ; ਕਿਉਂਕਿ ਉਸਨੂੰ ਇਕੋ ਇਹੋ ਸੂਰਤ ਬਚਾਉ ਦੀ ਦਿਸਦੀ ਸੀ ਕਿ ਮਰਦਾਵੇਂ ਭੇਸ ਵਿਚ ਦੇਸ ਅੱਪੜੇ। ਇਕ ਕੁਦਰਤੀ ਮੌਜ ਬੀ ਉਸਨੂੰ ਸੀ ਕਿ ਸਰੀਰ ਲੰਮੇਰਾ ਸੀ ਤੇ ਚਿਹਰੇ ਪੁਰ ਸਾਵੀਆਂ ਬਿੰਦੀਆਂ ਬੀ ਨਹੀਂ ਸਨ, ਜੋ ਕੁਛ ਸਮੇਂ ਤੋਂ ਰੀਸੋ ਰੀਸੀ ਚਮੜਾ ਪੱਛ ਕੇ ਸਿੰਘਣੀਆਂ ਬੀ ਕੱਢ ਲੈਂਦੀਆਂ ਹਨ। ਪੁਰਾਤਨ ਸਮੇਂ ਵਿੱਚ ਭਾਰਤ ਵਰਸ਼ ਦੀਆਂ ਇਸਤ੍ਰੀਆਂ ਉਹ ਬਿੰਦੀ ਵਰਤਦੀਆਂ ਸਨ ਜੋ ਧੋਤਿਆਂ ਲਹਿ ਜਾਂਦੀ ਸੀ। ਇਹ ਸਦਾ ਦਾ ਦਾਗ ਹਿੰਦ ਦੇ ਜੰਗਲੀ ਲੋਕਾਂ ਵਿਚ ਹੁੰਦਾ ਸੀ, ਜਿਸਦੇ ਸਬੂਤ ਲਈ ਅੱਜ ਕੱਲ੍ਹ ਦੀਆਂ ਪੁਰਾਤਨ ਅਸਲੀ ਅਵਿਦਯ ਕੌਮਾਂ ਵੱਲ ਦੇਖ ਲਵੋ ਕਿ ਸਾਰਾ ਸਰੀਰ ਇਕੁੱਰ ਪੱਛ ਕੇ ਕਈ ਸ਼ਕਲਾਂ ਬਣਾ ਕੇ ਆਪਣੇ ਆਪ ਨੂੰ ਕੋਝਿਆਂ ਕਰਦੀਆਂ ਹਨ। ਮੁਸਲਮਾਨਾਂ ਦੇ ਵੇਲੇ ਕੁਝ ਤਾਂ ਡਰਦਿਆਂ ਕਿ ਚਿਹਰਾ ਕਰੂਪ ਹੋ ਜਾਵੇ, ਕੁਝ ਇਸ ਸੋਚ ਪਰ ਕਿ ਨੀਚ ਮਲੂਮ ਹੋਣ ਤੇ ਮੁਸਲਮਾਨ ਸਰਦਾਰ ਖੋਹ ਨਾ ਲੈਣ, ਇਹ ਮੁਕਾਲਕ ਦਾ ਟਿੱਕਾ ਪ੍ਰਧਾਨ ਹੋ ਗਿਆ ਸੀ, ਪਰ ਖਾਲਸੇ ਜੀ ਨੇ ਤਾਂ ਗੁਲਾਮੀ ਨੂੰ ਸੁਰੰਗ ਲਾਈ ਤੇ ਸੁਤੰਤਰਤਾ ਦਾ ਡੰਕਾ ਵਜਾਇਆ, ਤਦ ਕੰਨ ਪੜਾਉਣ ਆਦਿ ਜੋ ਗੁਲਾਮੀ ਦੇ ਲੱਛਣ ਸਨ, ਸ਼ੁਰੂ ਵਿਚ ਹੀ ਛੱਡੇ ਗਏ ਅਰ ਨਾਲ ਸਿੰਘਣੀਆਂ ਨੇ ਬਿੰਦੀ ਦੂਰ ਕਰਕੇ ਅਕਲੰਕ ਚਿਹਰੇ ਰੱਖਣੇ ਦੀ ਆਗਿਆ ਪਾਈ। ਜੇ ਸਤਵੰਤ ਕੌਰ ਦੇ ਚਿਹਰੇ ਪੁਰ ਇਹ ਰੋਗ ਹੁੰਦਾ ਤਦ ਖਤਰਾ ਸੀ ਕਿ ਮਰਦਾਵੇਂ ਭੇਸ ਵਿਚ ਬੀ ਪਛਾਣ ਹੋ ਜਾਂਦੀ।

ਉਧਰ ਹੁਣ ਸੈਦ ਨੂੰ ਚਉ ਕਿਥੇ? ਭੇਦ ਦੇ ਨੇੜੇ ਨੇੜੇ ਤਾਂ ਅੱਪੜ ਪਈ, ਪਰ ਤੋੜ ਨਾ ਪਹੁੰਚੀ, ਹਰ ਵੇਲੇ ਇਸ ਗੱਲ ਦੀ ਧੁਨ ਵਿਚ ਰਹੇ ਕਿ ਕਿਹੜੇ ਵੇਲੇ ਆਪਣੇ ਮਤਲਬ ਨੂੰ ਪਹੁੰਚਾਂ। ਇਕ ਦਿਨ ਉਹ ਕਮਰੇ ਦੇ ਅੰਦਰ ਇਕ ਨੁਕਰ ਵਿਚ ਮੈਲੇ ਕਪੜਿਆਂ ਦੇ ਢੇਰ ਹੇਠ ਲੁਕ ਰਹੀ। ਜਦ ਦੁਪਹਿਰ ਵੇਲੇ ਫਾਤਮਾ ਵਿਹਲੀ ਹੋ ਕੇ ਆਈ, ਅਰ ਸਤਵੰਤ ਕੌਰ ਦੇ ਅੰਦਰ ਵੜੀ ਤਦ ਸ਼ੈਤਾਨ ਸੈਦ ਨੇ ਸਾਰਾ ਭੇਤ ਦੇਖ ਲਿਆ ਅਰ ਬੜੇ ਖੁਸ਼ ਦਿਲ ਬਾਹਰ ਚਲੀ ਗਈ। ਇਸ ਪ੍ਰਕਾਰ ਕਈ ਵੇਰ ਉਸ ਨੇ ਲੁਕ ਕੇ ਦੇਖ ਦੇਖ ਕੇ ਪੱਕਾ ਵਲ ਸਿਖ ਲਿਆ ਤੇ ਕੁੰਜੀ ਦੀ ਗੁਪਤ ਥਾਂ ਬੀ ਤਾੜ ਲਈ। ਇਕ ਦਿਨ ਰਾਤ ਵੇਲੇ ਜਦ ਸਾਰੇ ਸੌਂ ਗਏ, ਤਦ ਉਸਨੇ ਬੂਹੇ ਖੋਲ੍ਹਣ ਦਾ ਜਤਨ ਕੀਤਾ, ਜਤਨ ਕੀ ਕੀਤਾ ਖੋਲ੍ਹ ਹੀ ਲੀਤਾ, ਪਰ ਬੰਦ ਕਰਕੇ ਫੇਰ ਸਵੇਰੇ ਚਾਰ ਵਜੇ ਜਾ ਖੋਲ੍ਹਿਆਂ ਅਰ ਇਕ ਕਦਮ ਅੰਦਰ ਬੀ ਵੜੀ। ਹਨ੍ਹੇਰੇ ਕਰਕੇ ਦਿੱਸਿਆ ਤਾਂ ਕੁਝ ਨਾ, ਪਰ ਮੱਧਮ ਜਿਹੀ ਆਵਾਜ਼ ਸ੍ਵਾਸਾਂ ਦੀ ਆਈ। ਉਸ ਨੇ ਜਾਤਾ ਕਿ ਕੋਈ ਸੌਂ ਰਿਹਾ ਸੀ, ਚੌਂਕੜੀ ਲੱਗੀ ਹੋਈ ਕੋਈ ਸੂਰਤ ਬੈਠੀ ਭਾਸੀ, ਜਿਸ ਦੀ ਪਿੱਠ ਹੋਣ ਕਰਕੇ ਠੀਕ ਪਤਾ ਨਹੀਂ ਲੱਗਦਾ ਸੀ ਕਿ ਕੌਣ ਹੈ? ਸੈਦ ਜ਼ਰਾ ਕੁ ਖੜ੍ਹੀ ਰਹੀ। ਪਲ ਕੁ ਮਗਰੋਂ ਉਹ ਸੂਰਤ ਹਿੱਲੀ, ਹਿਲਦੀ ਦੇਖ ਕੇ ਉਹ ਪਿਛਲੀ ਪੈਰੀਂ ਮੁੜੀ ਅਰ ਬੂਹਾ ਬੰਦ ਕਰ ਦਿਤਾ। ਸਤਵੰਤ ਕੌਰ ਉੱਠੀ ਅਰ ਘਾਬਰੀ ਕਿ ਅੱਜ ਦੋ ਵੇਰ ਬੂਹਾ ਖੁਲ੍ਹ ਕੇ ਵੱਜ ਗਿਆ ਹੈ ਤੇ ਫਾਤਮਾ ਨਹੀਂ ਆਈ, ਜ਼ਰੂਰ ਭੇਤ ਪਾਟ ਗਿਆ ਹੈ ਅਰ ਕਿਸੇ ਤੀਸਰੇ ਨੂੰ ਪਤਾ ਲਗ ਗਿਆ ਹੈ। ਦਿਨ ਹੋਏ ਜਦ ਫਾਤਮਾ ਸਤਵੰਤ ਕੌਰ ਨੂੰ ਮਿਲਣ ਗਈ ਤਦ ਉਸ ਨੂੰ ਕਮਰਕੱਸਾ ਕੀਤਾ ਹੋਇਆ ਤਿਆਰ ਬਰ ਤਿਆਰ ਪਾਇਆ। ਇਹ ਦੇਖ ਫਾਤਮਾ ਅਚਰਜ ਹੋ ਪੁੱਛਣ ਲੱਗੀ ਕਿ ਕੀ ਕਾਰਨ ਹੈ? ਸਤਵੰਤ ਕੌਰ ਨੇ

ਉੱਤਰ ਦਿੱਤਾ ਕਿ ਹੁਣ ਇੱਥੇ ਰਹਿਣਾ ਸਾਡੇ ਦੁਹਾਂ ਲਈ ਦੁੱਖ ਦਾ ਕਾਰਣ ਹੈ, ਕਿਸੇ ਤੀਸਰੇ ਨੂੰ ਭੇਤ ਪਤਾ ਲੱਗ ਗਿਆ ਹੈ। ਅੱਜ ਰਾਤ ਦੋ ਵੇਰ ਬੇਵਕਤ ਬੂਹਾ ਖੁਲ੍ਹਾ ਅਰ ਓਪਰੇ ਦੀ ਆਹਟ ਮੈਂ ਸੁਣੀ ਹੈ। ਭਾਵੇਂ ਸੂਰਤ ਨਹੀਂ ਡਿੱਠੀ, ਪਰ ਮੈਂ ਕਹਿ ਸਕਦੀ ਹਾਂ ਕਿ ਤੁਸੀਂ ਨਹੀਂ ਸੀਗੇ। ਫਾਤਮਾ ਨੇ ਅਚੰਭਾ ਹੋ ਕੇ ਕਿਹਾ ਕਿ ਹਾਂ ਮੈਂ ਨਹੀਂ ਸਾਂ, ਪਰ ਕੀ ਪਤਾ ਲੱਗੇ ਕਿ ਉਹ ਕੌਣ ਸੀ?

ਸਤਵੰਤ ਕੌਰ ਬੋਲੀ – ਬੀਬੀ ਜੀ! ਭਾਵੇਂ ਮੈਂ ਵਾਕਫ ਨਹੀਂ, ਸੂਰਤ ਨਹੀਂ ਡਿੱਠੀ, ਪਰ ਮੇਰਾ ਸੁਬਹ ਪੱਕ ਗਿਆ ਹੈ ਕਿ ਇਹ ਕਾਰਾ ਤੁਹਾਡੀ ਗੋਲੀ ਸੈਦ ਦਾ ਹੈ। ਸੈਦ ਦੇ ਲੱਛਣ ਚੰਗੇ ਨਹੀਂ। ਤੁਹਾਡੇ ਘਰ ਵਿਚ ਇਸ ਨੇ ਵੈਰਾਨੀ ਪੈਦਾ ਕਰਨੀ ਹੈ।

ਫਾਤਮਾ – ਮੈਨੂੰ ਇੰਨੀ ਸਮਝ ਨਹੀਂ, ਪਰ ਸ਼ੱਕ ਉਸ ਉਤੇ ਮੈਨੂੰ ਬੀ ਪੈਂਦਾ ਹੈ, ਅਰ ਤੁਹਾਡੇ ਕਹੇ ਪਰ ਮੈਂ ਇਸਨੂੰ ਕੱਢਣੇ ਦਾ ਬੰਦੋਬਸਤ ਕੀਤਾ ਬੀ ਸੀ ਪਰ ਖਾਂ ਸਾਹਿਬ ਮੰਨਦੇ ਨਹੀਂ ਸਨ, ਹੁਣ ਉਨ੍ਹਾਂ ਦੀ ਮਰਜ਼ੀ ਰੱਦ ਕੇ ਮੈਂ ਕਿਸ ਪ੍ਰਕਾਰ ਧੱਕਾ ਕਰਾਂ?

ਸਤਵੰਤ ਕੌਰ – ਮੈਂ ਨਹੀਂ ਚਾਹੁੰਦੀ ਕਿ ਤੁਸੀਂ ਧੱਕਾ ਕਰੋ ਅਰ ਨਾ ਮੈਂ ਚਾਹੁੰਦੀ ਹਾਂ ਕਿ ਮੇਰੇ ਪਿੱਛੇ ਸੈਦ ਨੂੰ ਕੱਢੋ, ਪਰ ਤੁਸੀਂ ਆਪਣੇ ਸੁਖ ਪਿੱਛੇ ਗੰਦੀ ਉਂਗਲ ਵੱਢੋ ਅਰ ਮੈਂ ਹੁਣ ਕਿਨਾਰਾ ਕਰਿਆ ਚਾਹੁੰਦੀ ਹਾਂ। ਮੇਰਾ ਦਿਲ ਨਹੀਂ ਚਾਹੁੰਦਾ ਕਿ ਸੈਦ ਮੈਨੂੰ ਫੇਰ ਇਥੇ ਵੇਖੇ।

ਫਾਤਮਾ – ਆਪ ਦਾ ਕਥਨ ਠੀਕ ਹੈ, ਪਰ ਮੈਂ ਆਪ ਤੋਂ ਅੱਡ ਨਹੀਂ ਹੋਇਆ ਲੋੜਦੀ, ਆਪ ਇਸ ਕਮਰੇ ਨੂੰ ਛੱਡ ਦਿਓ, ਇਕ ਹੋਰ ਕਮਰਾ ਹੈ ਜਿਸਦੀ ਬਣਤ ਇਸੇ ਤਰ੍ਹਾਂ ਦੀ ਹੈ ਅਰ ਅੱਗੇ ਜਾ ਕੇ ਇਸੇ ਦੇ ਰਸਤੇ ਨਾਲ ਮਿਲ ਜਾਂਦਾ ਹੈ ਅਰ ਉਧਰੋਂ ਪਤਾ ਨਹੀਂ ਲਗ ਸਕਦਾ। ਮੇਰੀ ਸੋਚ ਵਿਚ ਚੰਗੀ ਗੱਲ ਇਹ ਹੈ ਕਿ ਤੁਸੀਂ ਉਧਰ ਚਲੇ ਜਾਓ।

ਸਤਵੰਤ ਕੌਰ – ਹਾਲੇ ਸਲਾਹ ਇਹੋ ਨੇਕ ਹੈ, ਕਿਉਂਕਿ ਇਸ ਵਿਚ ਸੈਦ ਨੂੰ ਕੱਢਣੇ ਦਾ ਮੌਕਾ ਮਿਲੇਗਾ। ਸੈਦ ਨੇ ਕੁਝ ਨਾ ਕੁਝ ਕਰਨਾ ਹੈ ਅਰ ਕਿਸੇ ਵੇਲੇ ਝੂਠੀ ਪਵੇਗੀ। ਗੱਲ ਕਾਹਦੀ ਢੇਰ ਚਿਰ ਦੀ ਸੋਚ ਮਗਰੋਂ ਇਹੋ ਸਲਾਹ ਪੱਕੀ ਠਹਿਰ ਗਈ।

ਸੈਦ ਨੇ ਦੂਜੇ ਦਿਨ ਹੀ ਖਾਂ ਸਾਹਿਬ ਨੂੰ ਕੱਲਿਆਂ ਦੇਖ ਕੇ ਜਾ ਸੀਖਿਆ – ਮਹਾਰਾਜ ਆਪ ਦੇ ਘਰ ਵਿਚ ਗੈਰ ਆਦਮੀ ਰਹਿੰਦਾ ਹੈ, ਅਰ ਆਪ ਦੀ ਇਸਤਰੀ ਉਸ ਨਾਲ ਵਿਗੜੀ ਹੋਈ ਹੈ ਤੇ ਆਪ ਨੂੰ ਕੁਝ ਪਤਾ ਨਹੀਂ ਲਗਦਾ। ਸੁਣਦੇ ਸਾਰ ਖਾਂ ਦਾ ਹੱਥ ਤਲਵਾਰ ਪੁਰ ਗਿਆ। ਕੜਕ ਕੇ ਬੋਲੇ, ਬੁਲਾਓ! ਸੈਦ ਫਾਤਮਾ ਨੂੰ ਲੱਭਣ ਗਈ, ਪਰ ਉਹ ਲੱਭੀ ਨਾ। ਇਹ ਸਮਝ ਗਈ ਕਿ ਹੁਣ ਅੰਦਰ ਹੋਣੀ ਹੈ, ਚੰਗਾ ਹੋਯਾਂ ਸਿਰੋਂ ਫੜਾਵਾਂਗੀ ਤਾਂ ਦੋਹਾਂ ਦਾ ਕੰਮ ਪਾਰ ਹੋ ਜਾਵੇਗਾ। ਦੌੜੀ ਗਈ ਅਰ ਬੋਲੀ – ਆਓ ਖਾਂ ਸਾਹਿਬ ਜੀ ਸਿਰੋਂ ਫੜਾਵਾਂ। ਖਾਂ ਸਾਹਿਬ ਲੋਹੇ ਲਾਖੇ ਹੋ ਤਲਵਾਰ ਫੜੀ ਆਏ। ਸੈਦ ਨੇ ਗੁਪਤ ਬੂਹੇ ਖੋਲ੍ਹ, ਖੁਸ਼ੀ ਨਾਲ ਉਛਲਦੇ ਦਿਲ ਅੰਦਰ ਵੜੀ, ਪਰ ਤੱਤੀ ਦੇ ਲੇਖ ਸੜ ਗਏ, ਉਥੇ ਤਾਂ ਬੰਦੇ ਦਾ ਮੁਸ਼ਕ ਬੀ ਨਹੀਂ ਸੀ। ਅੱਗੇ ਪਿੱਛੇ ਢੂੰਡਿਆ ਪਰ ਕੁਛ ਨਾ ਲੱਭਾ। ਖਾਂ ਸਾਹਿਬ ਚਕ੍ਰਾਏ, ਘਬਰਾਏ, ਸ਼ਰਮਾਏ ਤੇ ਪਿੱਛੇ ਮੁੜੇ। ਫੇਰ ਸੈਦ ਦੀ ਗੁਤੜੀ ਭੁਆਈ ਅਰ ਦੋ ਚਾਰ ਹੂਰੇ ਲਾਏ। ਛਿੱਥੇ ਹੋਏ ਹੋਏ ਬਾਹਰ ਨਿਕਲੇ, ਤਦ ਖਾਂ ਸਾਹਿਬ ਲੱਗੇ ਢੂੰਡਣ। ਸੌਣ ਵਾਲੇ ਕਮਰੇ ਗਏ ਤਦ ਫਾਤਮਾ ਇਬਾਦਤ ਵਿਚ ਬੈਠੀ ਪਾਈ। ਬੇਵੱਸ ਹੋ ਖਾਂ ਸਾਹਿਬ ਨੇ ਉਸਨੂੰ ਗਲ ਨਾਲ ਲਾ ਲਿਆ ਅਰ ਸਾਰਾ ਕੱਚਾ ਚਿੱਠਾ ਕਹਿ ਸੁਣਾਇਆ। ਫਾਤਮਾ ਸੁਣ ਕੇ ਬੋਲੀ, ਖਾਂ ਸਾਹਿਬ ਮੈਂ ਕਹਿੰਦੀ ਸਾਂ ਨਹੀਂ ਕਿ ਇਹ ਸੈਦ ਸ਼ੈਤਾਨ ਦੀ ਧੀ ਹੈ? ਸਾਡਾ ਘਰ ਖਰਾਬ ਕਰੇਗੀ, ਇਸਨੂੰ ਰੱਖਣਾ ਠੀਕ ਨਹੀਂ, ਹੁਣ ਬੀ ਜੇ ਆਪ ਕੱਢ ਦਿਓ ਤਾਂ ਠੀਕ ਹੈ। ਖਾਂ ਸਾਹਿਬ ਸਹਾਰ ਨਾ ਸਕੇ। ਦੌੜੇ ਗਏ ਗੁਤੋਂ ਫੜ ਕੇ ਸੈਦ ਨੂੰ ਬਾਹਰ ਕੀਤਾ। ਸਾਰੇ ਘਰ ਵਿਚ ਇਹ ਹਾਲ ਮਾਲੂਮ ਹੋ ਗਿਆ, ਸਾਰੇ ਨੌਕਰ ਖੁਸ਼ ਹੋਏ ਕਿ ਬਲਾ ਗਈ, ਕਿਉਂਕਿ ਹੁਣ ਉਹ ਹਰ ਇਕ ਨਾਲ ਨਹੁੰ ਲੈਂਦੀ ਹੁੰਦੀ ਸੀ।

ਕਾਂਡ ਨੌਵਾਂ

ਰਾਤ ਨੂੰ ਜਦ ਦੋ ਪਹਿਰ ਬੀਤੇ ਤਦ ਫਾਤਮਾ ਚੁੱਪ ਕਰੀਤੀ ਉੱਠੀ, ਦੂਜੇ ਪਾਸਿਓਂ ਗੁਪਤ ਬੂਹਾ ਖੋਲ੍ਹਿਆ ਅਰ ਸਤਵੰਤ ਕੌਰ ਪਾਸ ਪਹੁੰਚੀ। ਜਾ ਕੇ ਅਚਰਜ ਕੌਤਕ ਡਿੱਠਾ, ਸਤਵੰਤ ਕੌਰ ਨਾ ਪਾਈ। ਕਲੇਜਾ ਧਕ ਧਕ ਕਰਨ ਲਗ ਪਿਆ, ਜਿੰਦ ਮੁੱਠ ਵਿਚ ਆ ਗਈ, ਪੈਰਾਂ ਹੇਠੋਂ ਮਿੱਟੀ ਨਿਕਲਦੀ ਜਾਵੇ। ਦਿਲ ਵਿਚ ਸੋਚੇ, ਘਾਬਰੇ, ਐਧਰ, ਉਧਰ ਤੱਕੇ, ਭਾਲੇ, ਫੇਰ ਗੋਤੇ ਲਹਿ ਜਾਵੇ। ਇਸ ਤਰ੍ਹਾਂ ਦੀ ਹੈਰਾਨੀ ਵਿਚ ਅੱਧਾ ਘੰਟਾ ਲੰਘਿਆ ਫਾਤਮਾ ਬੇਸੁਧ ਹੋ ਕੇ ਕੋਈ ਘੜੀ ਭਰ ਪਈ ਰਹੀ ਹੋਊ ਕਿ ਫੇਰ ਇਸ ਦੀ ਅੱਖ ਖੁਲ੍ਹੀ। ਕੀ ਦੇਖਦੀ ਹੈ ਕਿ ਸਤਵੰਤ ਕੌਰ ਨੇ ਸਿਰ ਪੱਟਾਂ ਤੇ ਰੱਖਿਆ ਹੋਇਆ ਹੈ ਅਰ ਪਾਣੀ ਦੇ ਛੱਟੇ ਮਾਰ ਰਹੀ ਹੈ। ਸਤਵੰਤ ਕੌਰ ਨੂੰ ਦੇਖਦੇ ਹੀ ਖੁਸ਼ੀ ਨਾਲ ਸਰੀਰ ਭਰ ਆਇਆ। ਹੰਭਲਾ ਮਾਰ ਕੇ ਉੱਠੀ ਅਰ ਐਉਂ ਗਲ ਮਿਲੀ ਕਿ ਸਾਰਾ ਜ਼ੋਰ ਲਾ ਕੇ ਗਲ ਨਾਲ ਘੁੱਟ ਲਿਆ ਅਰ ਛੱਡੇ ਨਾ। ਕਿੰਨੇ ਚਿਰ ਪਿਛੋਂ ਛੱਡ ਕੇ ਪਾਸ ਹੋ ਬੈਠੀ, ਅਰ ਲੱਗੀ ਪੁੱਛਣ ਕਿ ਇਹ ਕੀ ਕੌਤਕ ਹੋਇਆ ਸੀ?

ਸਤਵੰਤ ਕੌਰ – ਬੀਬੀ! ਕੀ ਦੱਸਾਂ। ਸੈਦ ਦੇ ਮਾਮਲੇ ਤੋਂ ਚਿੱਤ ਉਦਾਸਸੀਨ ਹੋ ਗਿਆ। ਮੈਂ ਸੋਚਿਆ ਕਿ ਬੱਕਰੇ ਦੀ ਮਾਂ ਕਦ ਤਕ ਸੁੱਖਣਾ ਸੁਖੇਗੀ। ਇਕ ਦਿਨ ਇਹ ਪੋਲ ਖੁਲ੍ਹ ਜਾਏਗਾ, ਅਰ ਜਦ ਖੁੱਲ੍ਹੇਗਾ ਤੇਰੇ ਸਿਰ ਅਪਦਾ ਪਏਗੀ। ਮੈਂ ਬੀ ਫਸਾਂਗੀ ਤਾਂ ਸਹੀ ਪਰ ਮੇਰਾ ਕੀਹ ਹੈ, ਮੈਂ ਤਾਂ ਇਸ ਧਰਤੀ ਵਿੱਚ ਪੰਜ ਰੁਪਏ ਦੀ ਹੀ ਚੀਜ਼ ਹਾਂ, ਮਾਰੀ ਗਈ ਤਾਂ ਮਾਰੀ ਗਈ ਸਹੀ, ਪਰ ਤੁਸੀਂ ਅਮੀਰ ਲੋਕ ਕਾਹਨੂੰ ਮੇਰੇ ਨਾਲ ਪਿਸ ਜਾਓ। ਮੈਨੂੰ ਪਨਾਹ ਦੇਣੀ ਕੋਈ ਛੋਟਾ ਜਿਹਾ ਪਾਪ ਨਹੀਂ ਹੈ।

ਫਾਤਮਾ – ਹੈ ਤਾਂ ਠੀਕ, ਪਰ ਸਾਡਾ ਪਰਦਾ ਫਾਸ ਕਿਸ ਤਰ੍ਹਾਂ ਹੋ ਸਕਦਾ ਹੈ? ਇਸ ਥਾਂ ਨੂੰ ਕੋਈ ਜਾਣਦਾ ਨਹੀਂ ਅਰ ਫੇਰ ਇਸ ਵਿਚੋਂ ਬਚ ਜਾਣੇ ਦਾ ਰਸਤਾ ਜੰਗਲ ਨੂੰ ਹੈ। ਘਰ ਵਿਚ ਇਕ ਸੈਦ ਫਿਟਣੀਆਂ ਦਾ ਫੇਟ ਸੀ, ਸੋ ਨਿਕਲ ਗਈ, ਬਾਕੀ ਨੌਕਰ ਮੇਰੇ ਥਾਂ ਲਹੂ ਡੋਲ੍ਹਦੇ ਹਨ।

ਸਤਵੰਤ ਕੌਰ – ਸੱਚ ਹੈ, ਪਰ ਕੁਦਰਤ ਦੇ ਕਾਰਖਾਨੇ ਨਿਆਰੇ ਹਨ। ਸਿਆਣਪਾਂ ਦੀ ਪੇਸ਼ ਨਹੀਂ ਚਲਦੀ, ਇਸੇ ਕਰਕੇ

ਮੈਂ ਅੱਜ ਚਾਹਿਆ ਕਿ ਅੱਗੋਂ ਦਾ ਸਾਰਾ ਰਸਤਾ ਦੇਖ ਆਵਾਂ, ਸੋ ਬੱਤੀ ਲੈ ਕੇ ਚਲੀ ਗਈ ਅਰ ਦੂਜੇ ਲੰਮੇ ਰਸਤਿਓਂ ਜੋ ਜੰਗਲ ਵਿਚ ਜਾਂਦਾ ਹੈ ਸੁਰੰਗੋਂ ਬਾਹਰ ਨਿਕਲ ਗਈ। ਜੰਗਲ ਸੁੰਨਸਾਨ ਪਿਆ ਸੀ। ਮੈਂ ਕੁਝ ਦੂਰ ਚਲੀ ਗਈ, ਇਕ ਪੱਥਰ ਦੇ ਉਹਲੇ ਦੋ ਸਿਪਾਹੀ ਬੈਠੇ ਗੱਲਾਂ ਕਰਦੇ ਸਨ। ਮੈਂ ਖੜੋ ਕੇ ਸੁਣਿਆ ਤਾਂ ਪਤਾ ਲੱਗਾ ਕਿ ਮੇਰੀਆਂ ਹੀ ਗੱਲਾਂ ਕਰਦੇ ਹਨ ਕਿ ਪਾਤਸ਼ਾਹ ਨੂੰ ਸ਼ੱਕ ਹੈ ਕਿ ਮੈਂ ਸ਼ਾਇਦ ਸੜੀ ਨਹੀਂ, ਇਸ ਕਰਕੇ ਲੱਭਣ ਵਾਲੇ ਵਾਸਤੇ ਇਨਾਮ ਮੁਕੱਰਰ ਕੀਤਾ ਹੋਇਆ ਹੈ। ਇਹ ਗੱਲਾਂ ਸੁਣ ਕੇ ਮੈਂ ਮੁੜ ਆਈ ਅਰ ਆ ਕੇ ਤੁਹਾਨੂੰ ਬੇਹੋਸ਼ ਡਿੱਠਾ। ਫੇਰ ਛੱਟੇ ਮਾਰ ਮਾਰ ਕੇ ਹੋਸ਼ ਆਂਦੀ।

ਫਾਤਮਾ - ਤੁਸੀਂ ਬੜਾ ਹੌਂਸਲਾ ਕਰਦੇ ਹੋ।

ਸਤਵੰਤ ਕੌਰ - ਕੀ ਕਰਾਂ, ਦੁਖੜੇ ਝੱਲ ਝੱਲ ਕੇ ਦਿਲ ਕੁਝ ਕਰੜਾ ਹੋ ਗਿਆ ਹੈ।

ਫਾਤਮਾ - ਤੁਸੀਂ ਨੱਸੇ ਹੋਏ ਹੋ, ਪਰ ਐਥੋਂ ਨਾਲੋਂ ਵਧੀਕ ਬਚਾਉ ਦੀ ਜਗ੍ਹਾ ਹੋਰ ਮੈਨੂੰ ਬੀ ਕੋਈ ਨਹੀਂ ਦਿੱਸਦੀ।

ਸਤਵੰਤ ਕੌਰ - ਸੱਚ ਹੈ, ਇਸ ਗੱਲ ਨੂੰ ਤਾਂ ਮੈਂ ਬੀ ਜਾਣਦੀ ਹਾਂ, ਪਰ ਕੇਵਲ ਜਿੰਦ ਹੀ ਸਹੀ ਨਾ ਬਚਾਈ ਚਾਹੁੰਦੀ, ਮੈਂ ਜਿਉਂਦੇ ਜੀ ਮਾਤਾ ਪਿਤਾ ਦਾ ਦਰਸ਼ਨ ਕਰਨਾ ਚਾਹੁੰਦੀ ਹਾਂ।

ਫਾਤਮਾ - ਕੀ ਪੰਜਾਬ ਜਾਣੇ ਦਾ ਸੰਕਲਪ ਹੈ?

ਸਤਵੰਤ ਕੌਰ - ਜੀ ਹਾਂ।

ਫਾਤਮਾ - ਇਹ ਬੜੀ ਕਠਨ ਗੱਲ ਹੈ, ਤੀਮੀਂ ਜਾਤ, ਕੋਈ ਸਾਥੀ ਨਹੀਂ, ਫੇਰ ਪਾਤਸ਼ਾਹ ਦਾ ਡਰ, ਪਹੁੰਚਣਾ ਬੜਾ ਕਠਨ ਹੈ।

ਸਤਵੰਤ ਕੌਰ - ਇਹ ਮੈਂ ਬੀ ਜਾਣਦੀ ਹਾਂ, ਪਰ ਕੀ ਕਰਾਂ, ਮੇਰਾ ਦਿਲ ਹਾਰ ਨਹੀਂ ਦਿੰਦਾ, ਇਹੋ ਕਹਿੰਦਾ ਹੈ ਕਿ ਸਿੱਖ ਦੀ ਧੀ ਅੱਗੇ ਬਿਪਤਾ ਝਾਗਣੀ ਕੋਈ ਬੜੀ ਗੱਲ ਨਹੀਂ।

ਫਾਤਮਾ - ਬੀਬੀ! ਤੁਹਾਡਾ ਹੌਂਸਲਾ ਹੈ ਕਿ ਕਹਿਰ ਹੈ, ਜਦ ਕਦੀ ਸਾਡਾ ਪਾਤਸ਼ਾਹ ਹਿੰਦੁਸਤਾਨ ਲੁੱਟ ਕੇ ਆਉਂਦਾ ਸੀ ਤਦੋਂ ਆਏ ਲੋਕਾਂ ਤੋਂ ਸਿੱਖਾਂ ਦੀਆਂ ਗੱਲਾਂ ਸੁਣੀਦੀਆਂ ਸਨ ਤੇ ਹੈਰਾਨ ਹੋਈਦਾ ਸੀ ਕਿ ਐਡੇ ਕਰੜੇ ਜਿਗਰੇ ਦੇ ਆਦਮੀ ਕਿੱਥੋਂ ਉਪਜ ਪਏ ਹਨ। ਕਈ-ਕਈ ਅਚਰਜ ਬਾਤਾਂ ਲੋਕੀਂ ਕਰਨ ਪਰ ਅਸੀਂ ਹੱਸ ਛੱਡਣਾ ਕਿ ਐਵੇਂ ਕਹਾਣੀਆਂ ਕਰਦੇ ਹਨ, ਪਰ ਹੁਣ ਤਾਂ ਤੁਹਾਨੂੰ ਦੇਖ ਕੇ ਨਿਸ਼ਚਾ ਹੋ ਗਿਆ ਹੈ ਕਿ ਸਿੱਖ ਸੱਚਮੁੱਚ ਅਚਰਜ ਬਹਾਦਰ, ਹਠੀ ਤੇ ਧਰਮੀ ਹਨ।

ਸਤਵੰਤ ਕੌਰ - ਬੀਬੀ! ਕੀਹ ਦੱਸਾਂ? ਨਾ ਸਾਡੇ ਪਾਸ ਰਾਜ ਨਾ ਕਿਲ੍ਹਾ, ਨਾ ਦੇਸ਼ ਨਾ ਖਜ਼ਾਨੇ, ਇਕ ਰੱਬ ਦੀ ਆਸ, ਜਿਸ ਪੁਰ ਸਾਰਾ ਪੰਥ ਜਾਨਾਂ ਪਰ ਖੇਡਦਾ ਹੈ। ਅਰ ਵੈਰੀਆਂ ਦੇ ਮੂੰਹੋਂ ਸ਼ਾਬਾਸ਼ ਤੇ ਧੰਨ ਧੰਨ ਕਰਾਉਂਦਾ ਹੈ।

ਫਾਤਮਾ - ਸੱਚ ਹੈ, ਮੈਂ ਪਰਤੱਖ ਦੇਖ ਲਿਆ ਹੈ।

ਇੰਨੇ ਨੂੰ ਕੁਝ 'ਰਸਲ' ਜਿਹੀ ਆਵਾਜ਼ ਆਈ। ਫਾਤਮਾ ਤਾਂ ਚਲੀ ਗਈ ਤੇ ਸਤਵੰਤ ਕੌਰ ਨੇ ਦਿਨ ਹੋਣ ਤੋਂ ਪਹਿਲੋਂ ਹੀ ਮਰਦਾਵੇਂ ਕੱਪੜੇ ਪਾ ਕੇ ਪਠਾਣੀ ਸ਼ਕਲ ਬਣਾ ਕੇ ਸੁਰੰਗ ਦੇ ਰਸਤੇ ਜੰਗਲ ਦਾ ਰਾਸਤਾ ਫੜਿਆ।

ਕਾਂਡ ਦਸਵਾਂ

ਕਾਬਲ ਸ਼ਹਿਰ ਤੋਂ ਥੋੜ੍ਹੀ ਦੂਰ ਕੋਈ ਦੋ ਕੁ ਘੜੀ ਦਿਨ ਚੜ੍ਹੇ, ਇਕ ਰੁੱਖ ਹੇਠ ਦੋ ਜੁਆਨ ਜੋ ਲਾਲ ਪੱਗ ਤੋਂ ਹਿੰਦੂ ਜਾਪਦੇ ਹਨ, ਬੈਠੇ ਗੱਲਾਂ ਕਰ ਰਹੇ ਹਨ -

ਪਹਿਲਾ - ਫੇਰ, ਮੈਂ ਕੀ ਕਰਾਂ?

ਦੂਜਾ - ਭਰਾ ਜੀ ਮੈਂ ਕੀ ਦੱਸਾਂ?

ਪਹਿਲਾਂ - ਮੰਗਵੀ ਹੀ ਚਾ ਦਿਓ।

ਦੂਜਾ - ਔਖੀ ਗੱਲ।

ਪਹਿਲਾ - ਮੈਂ ਫੇਰ ਅੰਨ ਕਿੱਕੁਰ ਅੰਗੀਕਾਰ ਕਰਾਂ?

ਦੂਜਾ- ਇਸ ਗੱਲ ਦਾ ਫਿਕਰ ਮੈਨੂੰ ਬੀ ਹੈ, ਪਰ ਤੁਸੀਂ ਰੋਜ਼ ਆ ਜਾਇਆ ਕਰੋ।

ਪਹਿਲਾ - ਐਡੀ ਦੂਰੋਂ ਆ ਨਹੀਂ ਹੁੰਦਾ। ਜੇ ਤੁਸੀਂ ਪੰਜ ਦਿਨ ਵਾਸਤੇ ਹੋਰ ਦੇ ਦਿਓ ਤਦ ਮੈਂ ਦਿਨ ਰਾਤ ਲਾ ਕੇ ਕੰਠ ਕਰ ਲਵਾਂ।

ਦੂਜਾ - ਮੈਂ ਬਥੈਰਾ ਪਿਤਾ ਨੂੰ ਕਿਹਾ ਹੈ, ਉਹ ਨਹੀਂ ਮੰਨਦੇ।

ਪਹਿਲਾ - ਮੈਨੂੰ ਚੋਰੀ ਕੱਢ ਦਿਓ।

ਦੂਜਾ - ਚੋਰੀ ਕਿੱਕੁਰ ਕੱਢ ਦਿਆਂ? ਲੋਹੇ ਦੇ ਸੰਦੂਕਾਂ ਦੇ ਜੰਦਰੇ ਕੌਣ ਤੋੜ ਸਕੇ?

ਪਹਿਲਾ - ਹੱਛਾ ਮੇਰੇ ਭਰਾ! ਜੇ ਤੁਹਾਡੇ ਵਿਚ ਹਿੰਮਤ ਨਹੀਂ ਸੀ ਤਾਂ ਮੈਨੂੰ ਚਾਟ ਹੀ ਕਿਉਂ ਲਾਈ?

ਦੂਜਾ - ਮਾੜਾ ਤਾਂ ਨਹੀਂ ਕੀਤਾ, ਭਲਾ ਹੀ ਹੈ ਨਾ।

ਪਹਿਲਾ - ਹਾਂ, ਕਿਸੇ ਨੂੰ ਅਫੀਮ ਖਾਣੀ ਸਿਖਾਲ ਕੇ ਫੇਰ ਡੱਬੀ ਲੁਕਾ ਲੈਣੀ ਕਿਹੀ ਭਲਿਆਈ ਹੈ?

ਦੂਜਾ - ਤੂੰ ਦੱਸ, ਮੇਰੇ ਕੀ ਵੱਸ ਹੈ?

ਪਹਿਲਾ - ਠੀਕ ਹੈ, ਪਰ ਅਮਲੀ ਬੀ ਕੀ ਕਰੇ?

ਦੂਜਾ - ਕੀ ਦੱਸਾਂ ਕੁਝ ਵਾਹ ਨਹੀਂ ਚਲਦੀ!

ਪਹਿਲਾ - ਅੱਛਾ ਤੁਸੀਂ ਚਾਰ ਦਿਨ ਮੇਰੇ ਕੋਲ ਚੱਲ ਰਹੋ।

ਦੂਜਾ - ਇਹ ਪਿਤਾ ਜੀ ਨਹੀਂ ਮੰਨਦੇ, ਉਹ ਡਰਦੇ ਹਨ, ਰਾਤੀਂ ਕਹਿੰਦੇ ਸਨ ਕਿ ਪੰਜਾਬ ਵਿਚੋਂ ਸਿੱਖਾਂ ਦੇ ਰਾਮ ਰੌਲੇ ਦੀ ਖਬਰ ਆਈ ਹੈ ਅਰ ਅਮੀਰ ਬੜਾ ਤਪ ਰਿਹਾ ਹੈ, ਆਸ ਤਾਂ ਨਹੀਂ, ਪਰ ਖਬਰੇ ਐਥੋਂ ਦੇ ਸਿੱਖਾਂ ਪਰ ਬੀ ਕੁਝ ਕਹਿਰ ਉਤਰ ਪਵੇ, ਇਸ ਕਰਕੇ ਲੁਕ ਕੇ ਗੁਜ਼ਾਰਾ ਕਰਨਾ ਚਾਹੀਏ।

ਪਹਿਲਾ – ਹੱਛਾ ਫੇਰ, ਭੁੱਖ ਤੋਟੇ ਪ੍ਰਾਣ ਦੇ ਛੱਡਾਂਗੇ।

ਇਨ੍ਹਾਂ ਦੀਆਂ ਗੱਲਾਂ ਇਕ ਨੱਢਾ ਸੁਣ ਰਿਹਾ ਸੀ, ਉਹ ਹੱਥ ਜੋੜ ਕੇ ਅੱਗੇ ਆ ਖੜੋਤਾ ਅਰ ਬੋਲਿਆ ਕਿ ਮੈਂ ਅਣਬਲਾਇਆ ਬੋਲਦਾ ਹਾਂ, ਪਰ ਤੁਹਾਡੇ ਲਾਭ ਲਈ। ਤੁਸੀਂ ਪੰਜ ਗ੍ਰੰਥੀ ਪੋਥੀ ਮੰਗਦੇ ਹੋ, ਤੁਹਾਨੂੰ ਪਾਠ ਦਾ ਰਸ ਪੈ ਗਿਆ ਹੈ ਤੇ ਇਹ ਦੇ ਨਹੀਂ ਸਕਦੇ, ਤੁਸਾਂ ਇਕ ਭੁੱਲ ਕੀਤੀ ਹੈ, ਜੇ ਕਦੀ ਜਪੁਜੀ ਹੀ ਕੰਠ ਕਰ ਲੈਂਦੇ ਤਾਂ ਬੀ ਪਾਠ ਦੀ ਬਹਾਰ ਲੱਗੀ ਰਹਿੰਦੀ, ਹੁਣ ਜੇ ਤੁਸੀਂ ਮੇਰੀ ਗੱਲ ਪ੍ਰਵਾਨ ਕਰੋ ਤਾਂ ਮੈਂ ਤੁਹਾਡੀ ਸੇਵਾ ਕਰ ਸਕਦਾ ਹਾਂ। ਕਾਗਤ, ਕਲਮ, ਦਵਾਤ ਲਿਆ ਦਿਓ ਤਾਂ ਮੈਂ ਤੁਹਾਨੂੰ ਹੱਥੀਂ ਲਿਖ ਦਿਆਂਗਾ। ਜਪੁਜੀ ਸਾਹਿਬ, ਹਜ਼ਾਰੇ ਦੇ ਸ਼ਬਦ, ਰਹਿਰਾਸ, ਸੋਹਿਲਾ, ਸੁਖਮਨੀ ਤੇ ਆਸਾ ਜੀ ਦੀ ਵਾਰ ਤਾਂ ਮੇਰੇ ਕੰਠ ਹਨ, ਬਾਕੀ ਬਾਣੀਆਂ ਨਹੀਂ। ਜੇ ਇੰਨੀਆਂ ਬਾਣੀਆਂ ਚਾਹੋ ਤਦ ਮੈਂ ਤੁਹਾਨੂੰ ਪੋਥੀ ਲਿਖ ਕੇ ਦੇ ਸਕਦਾ ਹਾਂ।

ਇਹ ਖੁਸ਼ੀ ਦੀ ਖਬਰ ਸੁਣ ਕੇ ਦੁਹਾਂ ਨੇ ਚਰਨ ਫੜ ਲਏ ਅਰ ਚਾਉ ਨਾਲ ਬਿਹਬਲ ਹੋ ਕੇ ਬੋਲੇ, ਧੰਨ ਜਨਮ, ਧੰਨ ਜਨਮ। ਕੋਈ ਸ਼ਹੀਦ ਸਿੰਘ ਆ ਬਹੁੜੇ, ਧੰਨ ਜਨਮ, ਧੰਨ ਜਨ, ਵਾਰਨੇ ਥੀਂ ਵੰਞਾ, ਕੁਰਬਾਨ ਥੀਂ ਵੰਞਾ।

ਨੱਢਾ-ਮੇਰੇ ਪੈਰ ਨਾ ਫੜੋ, ਮੈਂ ਸ਼ਹੀਦ ਨਹੀਂ ਤੁਹਾਡਾ ਹੀ ਸਿੱਖ ਭਰਾ ਸਾਧ ਸੰਗਤ ਦਾ ਸੇਵਕ ਹਾਂ।

ਪਹਿਲੇ ਮਨੁੱਖ ਦਾ ਨਾਉਂ ਤੋਤਾ ਰਾਮ ਸੀ ਅਰ ਸਿੰਘ ਸੱਜਣ ਨੂੰ ਤਿਆਰ ਸੀ ਤੇ ਦੂਜੇ ਦਾ ਨਾਉਂ ਮੰਗਲ ਸਿੰਘ ਸੀ, ਜਿਸਦੇ ਉਪਦੇਸ਼ ਕਰਕੇ ਪਹਿਲਾਂ ਤਿਆਰ ਹੋਇਆ ਸੀ। ਤੋਤੇ ਨੂੰ ਇਸ ਨੇ ਪੰਜ ਗ੍ਰੰਥੀ ਦਿੱਤੀ ਸੀ, ਜੋ ਉਸ ਸਮੇਂ ਬੜੀ ਅਮੋਲਕ ਹੋਣ ਕਰਕੇ ਮੰਗਲ ਸਿੰਘ ਦੇ ਪਿਤਾ ਨੇ ਮੋੜ ਲਈ ਅਰ ਫੇਰ ਨਾ ਦਿੱਤੀ। ਇਸੇ ਗੱਲੇ ਤੋਤਾ ਰਾਮ ਉਦਾਸ ਹੋ ਰਿਹਾ ਸੀ ਕਿ ਪ੍ਰਮੇਸ਼ਰ ਨੇ ਉਸ ਦੀ ਸੁਣ ਲਈ ਅਰ ਉਸ ਦੇ ਪਾਸ ਇਹ ਸਿੱਖ ਲਿਖਾਰੀ ਘੱਲ ਦਿੱਤਾ। ਹੁਣ ਸਲਾਹ ਇਹ ਹੋਈ, ਇਹ ਤੋਤਾ ਰਾਮ ਉਸ ਨੱਢੇ ਨੂੰ ਨਾਲ ਆਪਣੇ ਪਿੰਡ ਲੈ ਜਾਵੇ ਅਰ ਆਪਣੇ ਘਰ ਰੱਖੇ, ਪਰ ਉਨ੍ਹਾਂ ਨੇ ਡਿੱਠਾ ਕਿ ਬਾਲਕੇ ਸਿਰ ਦੇ ਪੱਗ ਚਿੱਟੀ ਹੈ, ਸੋ ਮੰਗਲ ਸਿੰਘ ਨੇ ਆਪਣੀ ਪੱਗ ਨਾਲੋਂ ਦੋ ਗਜ਼ ਕੱਪੜਾ ਪਾੜ ਦਿੱਤਾ ਕਿ ਆਪਣੇ ਸਿਰ ਤੇ ਵਲ੍ਹੇਟ ਲਵੇ। ਕਾਰਨ ਇਹ ਸੀ ਕਿ ਕਾਬਲ ਵਿਚ ਇਹ ਤਰੀਕਾ ਸੀ ਕਿ ਜੋ ਮੁਸਲਮਾਨ ਨਹੀਂ, ਲਾਲ ਪੱਗ ਰੱਖੇ, ਤਾਂ ਜੋ ਪਛਾਣਿਆ ਜਾਵੇ।

ਗੱਲ ਕੀ ਦੋਵੇਂ ਮਿੱਤਰ ਵਿਦਾ ਹੋਏ ਅਰ ਤੋਤਾ ਰਾਮ ਤੇ ਲਿਖਾਰੀ ਨੱਢਾ ਪਿੰਡ ਚਲੇ ਗਏ। ਉੱਥੇ ਜਾ ਕੇ ਉਸ ਨੇ ਆਪਣੇ ਘਰ ਵਿਚ ਇਕ ਨਵੇਕਲਾ ਕੋਠਾ ਦੇ ਦਿੱਤਾ, ਕਲਮ, ਦੁਆਤ, ਕਾਗਤ ਬੀ ਮੰਗਾ ਦਿਤਾ। ਇਸ ਸਿੱਖ ਗੱਭਰੂ ਨੇ ਜਪੁਜੀ ਤਾਂ ਤਿੰਨਾਂ ਦਿਨਾਂ ਵਿਚ ਲਿਖ ਲਈ, ਮੋਤੀਆਂ ਵਰਗੇ ਅੱਖਰ ਦੇਖ ਕੇ ਤੋਤਾ ਰਾਮ ਬਾਗੋ ਬਾਗ ਹੋ ਗਿਆ। ਉਸ ਨੂੰ ਆਪ ਮੁਹਾਰਾ ਪਿਆਰ ਆਵੇ ਤੇ ਵਧੀਕ ਤੋਂ ਵਧੀਕ ਆਦਰ ਭਾ ਕਰੇ। ਮਹੀਨਾ ਕੁ ਲੱਗ ਕੇ ਸਾਰੀ ਬਾਣੀ ਲਿਖੀ ਗਈ ਅਰ ਪੋਥੀ ਤਿਆਰ ਹੋ ਗਈ। ਤੋਤਾ ਰਾਮ ਦੀ ਚਾਹ ਪੂਰੀ ਹੋ ਗਈ। ਬਾਣੀ ਦਾ ਅਨੰਦ ਆ ਗਿਆ ਅਰ ਨਿਤਨੇਮ ਦਾ ਨਿਰਬਾਹ ਹੋਣ ਲੱਗਾ। ਕੁਝ ਚਿਰ ਪਾ ਕੇ ਚੋਰੀ ਚੋਰੀ ਅੰਮ੍ਰਿਤ ਛਕ ਕੇ ਤੋਤਾ ਰਾਮ ਸਿੰਘ ਸਜ ਗਿਆ। ਹੁਣ ਉਸ ਬਾਲਕ ਦੀ ਖਾਤਰ ਦਿਨੋ ਦਿਨ ਵਧਣ ਲੱਗੀ, ਕਿਉਂਕਿ ਪੋਥੀਆਂ ਦੀ ਲੋੜ ਹਰ ਕਿਸੇ ਨੂੰ ਸੀ, ਪਰ ਲੱਭਦੀ ਬੜੀ ਔਖੀ ਹੁੰਦੀ ਸੀ। ਕਾਬਲ ਵਿਚ ਕਈ ਵੇਰ ਪੰਜ ਗ੍ਰੰਥੀ ਪੰਜ ਸੌ ਨੂੰ ਹੱਥ ਨਹੀਂ ਸੀ ਆਉਂਦੀ; ਪਰ ਇਸ ਭੁਜੰਗੀ ਨੇ ਬਿਨਾਂ ਪੈਸੇ ਲੀਤੇ ਦੇ ਕੇਵਲ ਅੰਨ ਵਸਤਰ ਦਾ ਗੁਜ਼ਾਰਾ ਤੋਰ ਕੇ ਕਈ ਪੋਥੀਆਂ ਲਿਖ ਦਿੱਤੀਆਂ। ਇਸ ਕਰਕੇ ਹੌਲੇ-ਹੌਲੇ ਸਾਰੇ ਸਿੰਘਾਂ ਵਿਚ ਇਸ ਦਾ ਜਸ ਫੈਲ ਗਿਆ, ਜਿਸ ਦਾ ਨਾਮ 'ਜਸਵੰਤ ਸਿੰਘ' ਸੀ, ਜਸਵੰਤ ਸਿੰਘ ਦੀ ਚੰਗੀ ਆਗਤ ਭਾਗਤ ਹੋਣ ਲੱਗ ਪਈ। ਇਕ ਦਿਨ ਇਕ ਸ਼ਾਹੂਕਾਰ ਦਾ ਪਿਤਾ ਬੀਮਾਰ ਸੀ, ਉਸ ਨੇ ਪੁੱਤ ਨੂੰ ਕਿਹਾ ਕੋਈ ਐਸਾ ਸਿੰਘ ਲਿਆ ਜੋ ਸੁਖਮਨੀ ਦਾ ਪਾਠ ਸੁਣਾਵੇ। ਭਾਗਾਂ ਨੂੰ ਜਸਵੰਤ ਸਿੰਘ ਉਥੇ ਸੀ, ਉਸ ਨੂੰ ਲੈ ਗਏ। ਜਸਵੰਤ ਸਿੰਘ ਨੇ ਐਸੀ ਮਧੁਰ ਸੁਰ ਨਾਲ ਪਾਠ ਕੀਤਾ ਕਿ ਉਸ ਦਾ ਤਨ ਮਨ ਠਰ ਗਿਆ। ਉਸੇ ਦਿਨ ਉਸ ਨੂੰ ਕੁਝ ਫਰਕ ਬੀ ਪੈ ਗਿਆ ਅਰ ਕੁਛ ਦਿਨਾਂ ਮਗਰੋਂ ਰਾਜ਼ੀ ਬੀ ਹੋ ਗਿਆ। ਜਸਵੰਤ ਸਿੰਘ ਉਸ ਬ੍ਰਿਧ ਨੂੰ ਐਸਾ ਪਿਆਰਾ ਲੱਗਾ ਕਿ ਉਸ ਨੇ ਇਸਨੂੰ ਘਰ ਆਪਣੇ ਪਾਸ ਰੱਖ ਲਿਆ। ਜਸਵੰਤ ਸਿੰਘ ਸੁਖਮਨੀ ਜੀ ਦਾ ਰੋਜ਼ ਪਾਠ ਕਰਿਆ ਕਰੇ ਤੇ ਬ੍ਰਿਧ ਸੁਣਿਆ ਕਰੇ। ਇਕ ਦਿਨ ਬੁੱਢਾ ਕਹਿਣ ਲੱਗਾ ਕਿ ਆਪ ਨੂੰ ਕੋਈ ਲਾਲਚ ਨਹੀਂ ਹੈ, ਕੋਈ ਇੱਛਾ ਨਹੀਂ ਹੈ, ਮੈਂ ਆਪ ਦੀ ਕੀ ਸੇਵਾ ਕਰ ਸਕਦਾ ਹਾਂ, ਪਰ ਫੇਰ ਬੀ ਜੀ ਕਰਦਾ ਹੈ ਕਿ ਕੁਝ ਸੇਵਾ ਮੈਨੂੰ ਦੱਸੋ ਜ਼ਰੂਰ?

ਜਸਵੰਤ ਸਿੰਘ – ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ, ਕੋਈ ਇੱਛਾ ਨਹੀਂ। ਇਕ ਹੈ, ਸੋ ਪੂਰੀ ਨਹੀਂ ਹੋ ਸਕਦੀ।

ਬ੍ਰਿਧ – ਨਹੀਂ ਨਹੀਂ, ਜ਼ਰੂਰ ਦੱਸੋ?

ਜਸਵੰਤ ਸਿੰਘ – ਕੀ ਦੱਸਾਂ? ਦੱਸ ਕੇ ਗੁਆਉਣੀ ਹੈ।

ਬ੍ਰਿਧ – ਨਹੀਂ ਨਹੀਂ, ਜ਼ਰੂਰ ਦੱਸੋ?

ਜਸਵੰਤ ਸਿੰਘ – ਮੇਰਾ ਜੀ ਇਕ ਵੇਰ ਪੰਜਾਬ ਜਾਣੇ ਨੂੰ ਕਰਦਾ ਹੈ।

ਬ੍ਰਿਧ – ਇਹ ਕੀ ਅਨਹੋਣੀ ਗੱਲ ਹੈ? ਜਦ ਕੋਈ ਕਾਫਲਾ ਜਾਵੇਗਾ ਤੁਹਾਨੂੰ ਨਾਲ ਤੋਰ ਦਿਆਂਗੇ ਚਲੇ ਜਾਣਾ। ਸ੍ਰੀ ਅੰਮ੍ਰਿਤਸਰ ਜੀ ਦਾ ਦਰਸ਼ਨ ਕਰਕੇ ਆਨੰਦ ਲੈ ਕੇ ਜਦ ਕਾਫਲਾ ਮੁੜੇ ਮੁੜ ਆਉਣਾ।

ਜਸਵੰਤ ਸਿੰਘ – ਮੁੜ ਆਵਣੇ ਦਾ ਮੇਰਾ ਸੰਕਲਪ ਨਹੀਂ।

ਬ੍ਰਿਧ – ਤੇ ਮੇਰਾ ਜੀਵਨ ਤੁਹਾਡੇ ਆਸਰੇ ਹੋ ਗਿਆ ਹੈ, ਤੁਸੀਂ ਗਏ ਤਾਂ ਮੈਂ ਕੀ ਕਰਸਾਂ?

ਜਸਵੰਤ ਸਿੰਘ – ਮੇਰਾ ਮੂੰਹ ਛੋਟਾ ਗੱਲ ਵੱਡੀ ਹੈ, ਪਰ ਕਹੇ ਬਿਨਾਂ ਰਿਹਾ ਨਹੀਂ ਜਾਂਦਾ। ਆਹ ਨੇ ਉਮਰ ਭੋਗ ਲਈ, ਸਭ ਆਨੰਦ ਲੈ ਲਏ, ਪੁੱਤਰ ਸਿਆਣੇ ਹੋ ਗਏ, ਵਿਹਾਰ ਸਾਂਭ ਬੈਠੇ ਹਨ। ਕਿਉਂ ਨਾ ਹੁਣ ਇਨ੍ਹਾਂ ਨੂੰ ਛੱਡ ਦਿਓ ਤੇ ਸ੍ਰੀ ਅੰਮ੍ਰਿਤਸਰ ਜੀ ਹੀ ਚੱਲ ਬੈਠੋ ਅਰ ਆਪਣਾ ਅੰਤ ਸਵਾਰ ਲਵੋ।

ਬ੍ਰਿਧ - ਬਰਖੁਰਦਾਰ! ਕਹਿੰਦੇ ਤਾਂ ਸੱਚ ਹੋ, ਪਰ ਮੈਂ ਟੱਬਰ ਵਿਚ ਬੁਹਾਰੀ ਦਾ ਬੰਨ੍ਹ ਬੈਠਾ ਹਾਂ।

ਜਸਵੰਤ ਸਿੰਘ - ਸੱਚ ਹੈ, ਪਰ ਇਕ ਦਿਨ ਬੁਹਾਰੀ ਦੇ ਬੰਨ੍ਹ ਨੇ ਟੁੱਟਣਾ ਦਾ ਬੰਨ੍ਹ ਬੈਠਾ ਹਾਂ।

ਜਸਵੰਤ ਸਿੰਘ - ਸੱਚ ਹੈ, ਪਰ ਇਕ ਦਿਨ ਬੁਹਾਰੀ ਦੇ ਬੰਨ੍ਹ ਨੇ ਟੁੱਟਣਾ ਹੀ ਹੈ, ਚਾਰ ਦਿਨ ਪਹਿਲੋਂ ਸਹੀ।

ਬ੍ਰਿਧ - ਦਿਲ ਤਾਂ ਚਿਰੋਕਣਾ ਕਰਦਾ ਹੈ, ਪਰ ਇਹੋ ਬਾਲ ਬੱਚੇ ਦੀ ਮਮਤਾ ਕਰਕੇ ਅਟਕ ਜਾਈਦਾ ਹੈ ਤੇ ਜਦ ਸੋਚੀਦਾ ਹੈ ਕਿ ਅੰਤ ਸਭ ਨੂੰ ਛੱਡਣਾ ਹੈ ਤਦ ਫੇਰ ਜੀ ਕਰ ਆਉਂਦਾ ਹੈ। ਇੱਕੁਰ ਜੱਕੋ ਤੱਕੇ ਵਿਚ ਹੀ ਰਹਿੰਦਾ ਹੈ।

ਜਸਵੰਤ ਸਿੰਘ - ਜੱਕੋ ਤੱਕੇ ਛੱਡਣੇ ਚਾਹੀਦੇ ਹਨ।

ਬ੍ਰਿਧ - ਅੱਛਾ, ਅੱਜ ਗੱਲ ਟੱਬਰ ਵਿਚ ਕਰਸਾਂ।

ਉਸ ਦਿਨ ਟੱਬਰ ਵਿੱਚ ਗੱਲ ਤੁਰੀ। ਭਲਾ ਕੌਣ ਮੰਨੇ। ਵੱਡੇ ਛੋਟੇ ਮੁੰਡੇ ਕੁੜੀਆਂ ਸਾਰੇ ਰੋਣ ਲੱਗ ਪਏ, ਅਸਾਂ ਤਾਂ ਵੱਡੇ ਬਾਪੂ ਜੀ ਨੂੰ ਨਹੀਂ ਜਾਣ ਦੇਣਾ ਤੇ ਬਾਪੂ ਹੁਰੀਂ ਕੁਝ ਹਠ ਵਿੱਚ ਹੋ ਗਏ। ਗੱਲ ਕੀ ਇਸ ਤਰ੍ਹਾਂ ਕਈ ਦਿਨ ਛੇੜ ਖਾਨੀ ਚਲਦੀ ਰਹੀ। ਇਕ ਦਿਨ ਬ੍ਰਿਧ ਨੂੰ ਢਿੱਡ ਵਿਚ ਐਸਾ ਸੂਲ ਉੱਠਿਆ ਕਿ ਠੱਲ੍ਹਿਆ ਨਾ ਜਾਵੇ, ਵਿਆਕੁਲ ਹੋ ਗਿਆ। ਇਲਾਜ ਮਾਲਜੇ ਕੀਤੇ। ਪੀੜ ਹਟੀ, ਪਰ ਇਹ ਸੰਕਲਪ ਪੱਕਾ ਹੋ ਗਿਆ ਕਿ ਇਕ ਵੇਰ ਜ਼ਰੂਰ ਅੰਮ੍ਰਿਤਸਰ ਜੀ ਚੱਲਣਾ ਹੈ ਕਿਉਂਕਿ ਇਸ ਪੀੜ ਨੇ ਮੌਤ ਦੀ ਦਿਖਾਲੀ ਦਿਖਾ ਦਿੱਤੀ ਹੈ ਤੇ ਦੱਸ ਦਿੱਤਾ ਹੈ ਕਿ ਸਰੀਰਾਂ ਦਾ ਕੋਈ ਭਰੋਸਾ ਨਹੀਂ ਹੈ, ਜੋ ਸ਼ੁਭ ਕੰਮ ਕਰਨਾ ਹੈ ਛੇਤੀ ਕਰ ਲੈਣਾ ਚਾਹੀਏ। ਟੱਬਰ ਨੇ ਬੀ ਇਹ ਗੱਲ ਮੰਨ ਲਈ, ਪਰ ਤਾਂ ਜੋ ਬਾਪੂ ਹੁਰੀਂ ਜਾ ਕੇ ਉਥੇ ਰਹਿ ਨਾ ਪੈਣ, ਮੁੜ ਆਉਣ।

ਬ੍ਰਿਧ ਨੇ ਜਸਵੰਤ ਸਿੰਘ ਨੂੰ ਇਹ ਗੱਲ ਦੱਸ ਦਿਤੀ ਕਿ ਮੈਂ ਉਥੇ ਜਾ ਕੇ ਨਾ ਮੁੜਾਂਗਾ। ਇਹ ਗੱਲ ਸੁਣ ਕੇ ਜਸਵੰਤ ਸਿੰਘ ਨੇ ਕਿਹਾ ਕਿ ਮੈਨੂੰ ਇਹ ਗੱਲ ਨਹੀਂ ਭਾਉਂਦੀ ਕਿ ਲਾਰਾ ਲਾਓ। ਭਾਵੇਂ ਆਪ ਦਾ ਸੰਕਲਪ ਸ਼ੁਭ ਹੈ ਤੇ ਇਸ ਕੂੜ ਵਿੱਚ ਸਵਾਰਥ ਦੀ ਕੋਈ ਲੇਸ਼ ਜਿੰਨੀ ਬੀ ਨਹੀਂ, ਪਰ ਤਦ ਬੀ ਸੱਚ ਸੱਚ ਹੈ ਤੇ ਨਾ ਸੱਚ, ਕੂੜ ਹੀ ਹੈ, ਇਸ ਲਈ ਟੱਬਰ ਨਾਲ ਸੱਚਾ ਬਚਨ ਕਰੋ।

ਬ੍ਰਿਧ - ਇਨ੍ਹਾਂ ਤਾਂ ਐਵੇਂ ਜਾਣੇ ਨਹੀਂ ਦੇਣਾ।

ਜਸਵੰਤ ਸਿੰਘ - ਫੇਰ ਤੁਸਾਂ ਮੁੜ ਆਉਣਾ, ਦੋ ਚਾਰ ਮਹੀਨੇ ਉਥੇ ਲਾ ਆਉਣੇ।

ਬ੍ਰਿਧ - ਕੀ ਤੁਸੀਂ ਨਾਲ ਆਓਗੇ।

ਜਸਵੰਤ ਸਿੰਘ - ਮੈਂ ਮੁੜ ਆਉਣ ਦਾ ਭਰੋਸਾ ਨਹੀਂ ਦਿੰਦਾ। ਪਰ ਜੇ ਤੁਹਾਨੂੰ ਉਥੇ ਪਹੁੰਚ ਕੇ ਮੇਰੇ ਉਥੇ ਹੀ ਰਹਿਣ ਨਾਲੋਂ ਤੁਹਾਡੇ ਨਾਲ ਮੁੜ ਆਉਣਾ ਚੰਗਾ ਭਾਸੇ, ਤਦ ਮੈਂ ਬੀ ਆ ਜਾਵਾਂਗਾ। ਪਰ ਜੇ ਤੁਸਾਂ ਹੀ ਉਥੇ ਜਾ ਕੇ ਕਿਹਾ ਭਾਈ ਸੱਜਣਾ ਤੂੰ ਪੰਜਾਬ ਵਿਚ ਹੀ ਰਹੁ, ਤਦ ਤਾਂ ਤੁਸਾਡੇ ਨਾਲ ਨਾ ਮੁੜਨ ਵਿਚ ਮੇਰਾ ਕੋਈ ਦੋਸ਼ ਨਾ ਹੋਊ।

(---------)

ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੇ ਪਵਿੱਤਰ ਜਨਮ ਦਿਹਾੜੇ ਨੂੰ ਸਮਰਪਿਤ

ਮਹਾਨ ਸੰਤ ਸਮਾਗਮ

ਮਿਤੀ - 17 ਜੂਨ 2010

ਸਮਾਂ -ਸਵੇਰੇ 10.00 ਤੋਂ ਸ਼ਾਮ 4.00 ਵਜੇ ਤੱਕ

ਅਕਾਲ ਬਿਰਧ ਆਸ਼ਰਮ ਦੀ ਸ਼ੁਭ-ਸ਼ੁਰੂਆਤ

ਮਿਤੀ - 17 ਜੂਨ 2010

ਸਮਾਂ - ਦੁਪਿਹਰ 11.00 ਵਜੇ

ਵਿਸ਼ੇਸ਼ ਪ੍ਰੋਗਰਾਮ ਰਤਵਾੜਾ ਸਾਹਿਬ

ਹਰ ਚੜ੍ਹਦੀ ਪੂਰਨਮਾਸ਼ੀ ਨੂੰ ਸ਼ਾਮ 6.00 ਵਜੇ ਤੋਂ ਕੀਰਤਨ ਸ਼ੁਰੂ ਹੁੰਦੇ ਹਨ। ਹਰ ਪੂਰਨਮਾਸ਼ੀ ਰਾਤ ਨੂੰ ਸਮਾਪਤੀ ਅਰਦਾਸ ਹੁਕਮਨਾਮਾ ਉਪਰੰਤ ਸਰੀਰ ਨੂੰ ਨਿਰੋਗ ਰੱਖਣ ਲਈ ਵਰਦਾਨ ਸਿੱਧ ਹੋ ਚੁੱਕੀ ਚੰਦਰਮਾਂ ਦੀਆਂ ਰਿਸ਼ਮਾਂ ਵਿੱਚ ਅਯੁਰਵੈਦਿਕ ਜੜ੍ਹੀਆਂ ਬੂਟੀਆਂ ਨਾਲ ਤਿਆਰ ਅਦਭੁੱਤ ਖੀਰ ਦਾ ਦਰਗਾਹੀ ਪ੍ਰਸ਼ਾਕ ਵਰਤਾਇਆ ਜਾਂਦਾ ਹੈ, ਜਿਸ ਦੇ ਛੱਕਣ ਨਾਲ ਸਾਹ, ਦਮਾ ਪੁਰਾਣਾ, ਸਿਰ ਦਰਦ, ਨਜਲਾ, ਅੱਖਾਂ ਦੀ ਘਟ ਰਹੀ ਜੋਤ, ਦਿਲ, ਦਿਮਾਗ ਫੇਫੜਿਆਂ, ਕੈਂਸਰ ਅਦਿ ਦੇ ਭਿਆਨਕ ਰੋਗਾਂ ਤੋਂ ਪੂਰਾ ਬਚਾਅ ਰਹਿੰਦਾ ਹੈ। ਦਵਾਈਆਂ ਵੀ ਫਰੀ ਦਿਤੀਆਂ ਜਾਂਦੀਆਂ ਹਨ।

ਮਹੀਨਾ	ਤਰੀਕ	ਮਹੀਨਾ	ਤਰੀਕ
ਜੂਨ	25	ਅਕਤੂਬਰ	22
ਜੁਲਾਈ	24	ਨਵੰਬਰ	20
ਅਗਸਤ	23	ਦਸੰਬਰ	21
ਸਤੰਬਰ	22		

ਓਪਰੋਕਤ ਤਰੀਕਾਂ ਨੂੰ ਦਿਨ ਦੇ 6.00 ਵਜੇ ਤੋਂ ਰਾਤ 1.00 ਵਜੇ ਤੱਕ ਸਮਾਗਮ ਰਤਵਾੜਾ ਸਾਹਿਬ ਹੋਣਗੇ।

ਅਰਦਾਸ ਸ਼ਕਤੀ

ਰਘਬੀਰ ਸਿੰਘ 'ਬੀਰ'

ਦਰੋਪਦੀ ਅਤੇ ਸ੍ਰੀ ਕ੍ਰਿਸ਼ਨ

ਦਰੋਪਦੀ - ਮਹਾਰਾਜ! ਆਪ ਨੇ ਮੇਰੀ ਭਰੀ ਸਭਾ ਵਿਚ ਲੱਜਿਆ ਤਾਂ ਰੱਖੀ ਪਰ ਬੜਾ ਹੈਰਾਨ ਤੇ ਪਰੇਸ਼ਾਨ ਕਰ ਕੇ।

ਸ੍ਰੀ ਕ੍ਰਿਸ਼ਨ - ਦਰੋਪਦੀ, ਮੈਂ ਕਦੇ ਕਿਸੇ ਨੂੰ ਹੈਰਾਨ ਪਰੇਸ਼ਾਨ ਨਹੀਂ ਕਰਦਾ ਤੇ ਨਾ ਹੀ ਤੈਨੂੰ ਵੀ ਕੀਤਾ ਹੈ।

ਦਰੋਪਦੀ - ਇਸ ਤੋਂ ਵੱਧ ਹੈਰਾਨੀ ਤੇ ਪਰੇਸ਼ਾਨੀ ਹੋਰ ਕੀ ਹੋ ਸਕਦੀ ਹੈ ਮਹਾਰਾਜ? ਦੁਸਾਸ਼ਨ ਮੈਨੂੰ ਮਹਿਲਾਂ ਵਿਚੋਂ ਘਸੀਟ ਕੇ ਭਰੇ ਦਰਬਾਰ ਵਿਚ ਲੈ ਗਿਆ, ਤੁਸੀਂ ਨਾ ਆਏ। ਫੇਰ ਉਸ ਨੇ ਭਰੀ ਸਭਾ ਵਿਚ ਮੈਨੂੰ ਨਗਨ ਕਰਨ ਦਾ ਡਰਾਵਾ ਦਿਤਾ, ਤੁਸੀਂ ਨਾ ਆਏ, ਫੇਰ ਉਸ ਨੇ ਮੈਨੂੰ ਬਾਹਾਂ ਤੋਂ ਖਿੱਚ ਕੇ ਆਖਿਆ, ਮੈਂ ਤੈਨੂੰ ਨਗਨ ਕਰਨ ਲੱਗਾ ਹਾਂ, ਬੁਲਾ ਲੈ ਆਪਣੇ ਪੰਜਾਂ ਪਾਂਡਵਾਂ ਨੂੰ, ਬੁਲਾ ਲੈ ਆਪਣੇ ਕ੍ਰਿਸ਼ਨ ਨੂੰ, ਜੇਕਰ ਕਿਸੇ ਦੀ ਮਜ਼ਾਲ ਹੈ ਤਾਂ ਮੈਨੂੰ ਰੋਕ ਕੇ ਵਿਖਾਵੇ? ਮੈਂ ਆਪ ਨੂੰ ਵਾਜਾਂ ਮਾਰੀਆਂ ਪਰ ਆਪ ਉਸ ਵੇਲੇ ਵੀ ਨਾ ਆਏ। ਫੇਰ ਉਸ ਨੇ ਮੇਰੇ ਕਪੜੇ ਉਤਾਰਨੇ ਸ਼ੁਰੂ ਕੀਤੇ, ਮੇਰੀ ਸਾੜ੍ਹੀ ਸੱਚੀਮੁੱਚੀਂ ਜ਼ੋਰ ਨਾਲ ਖਿੱਚਣ ਦੀ ਦਲੇਰੀ ਕੀਤੀ, ਜਦ ਮੈਂ ਐਨ ਨਗਨ ਹੋਣ ਹੀ ਲੱਗੀ ਸਾਂ, ਤਦ ਤੁਸੀਂ ਮੇਰੀ ਰਖਸ਼ਾ ਕੀਤੀ, ਤਦ ਤੁਸੀਂ ਅਨੇਕ ਸਾੜ੍ਹੀਆਂ ਦੇ ਦੇ ਕੇ ਦੁਸਾਸ਼ਨ ਚੰਡਾਲ ਤੋਂ ਬਚਾਇਆ ਅਤੇ ਭਰੀ ਸਭਾ ਵਿਚ ਆਪਣੇ ਬਿਰਦ ਦੀ ਲਾਜ ਰੱਖੀ। ਮੈਂ ਇਸ ਕ੍ਰਿਪਾਲਤਾ ਦੀ ਤਾਂ ਅਤੀ ਧੰਨਵਾਦੀ ਹਾਂ ਪਰ ਮੈਨੂੰ ਇਹ ਪਤਾ ਨਹੀਂ ਲਗਦਾ ਕਿ ਆਪ ਇਤਨੀ ਦੇਰ ਲਾ ਕੇ ਕਿਉਂ ਆਏ? ਮੇਰੀ ਇਤਨੀ ਬੇਇਜ਼ਤੀ ਆਪ ਨੇ ਕਿਵੇਂ ਸਹਾਰੀ?

ਸ੍ਰੀ ਕ੍ਰਿਸ਼ਨ - ਦਰੋਪਦੀ, ਮੈਂ ਆਪਣੇ ਭਗਤਾਂ ਪਾਸ ਜਦੋਂ ਵੀ ਉਹ ਮੈਨੂੰ ਯਾਦ ਕਰਨ, ਅਵੱਸ਼ ਪਹੁੰਚਦਾ ਹਾਂ। ਸ੍ਰਿਸ਼ਟੀ ਉੱਤੇ ਐਸਾ ਕੋਈ ਨਿਯਮ ਨਹੀਂ ਜਿਹੜਾ ਉਦੋਂ ਮੈਨੂੰ ਰੋਕ ਕੇ ਰਖ ਸਕੇ ਜਦੋਂ ਮੇਰੇ ਭਗਤ ਮੈਨੂੰ ਯਾਦ ਕਰਨ। ਮੈਂ ਆਪਣੇ ਭਗਤਾਂ ਦੇ ਵੱਸ ਵਿਚ ਰਹਿਣਾ ਆਪਣੀ ਖੁਸ਼ੀ ਸਮਝਦਾ ਹਾਂ। ਜਿਹੜਾ ਮੈਨੂੰ ਸੱਚੇ ਦਿਲ ਨਾਲ ਯਾਦ ਕਰੇ ਉਹ ਭਾਵੇਂ ਕਿਸੇ ਬਿਪਤਾ ਜਾਂ ਮੁਸ਼ਕਲ ਵਿਚ ਵੀ ਕਿਉਂ ਨਾ ਫਸਿਆ ਹੋਵੇ, ਮੈਂ ਉਸ ਦੀ ਉਸੇ ਵੇਲੇ, ਉਸ ਕੋਲ ਪਹੁੰਚ ਕੇ, ਸਹਾਇਤਾ ਕਰਦਾ ਹਾਂ।

ਦਰੋਪਦੀ - ਤਦ ਦੁਸਾਸ਼ਨ ਦਾ ਮੈਨੂੰ ਮਹਿਲਾਂ ਵਿਚੋਂ ਘਸੀਟ ਕੇ ਲੈ ਜਾਣਾ ਆਪ ਦੇ ਖਿਆਲ ਵਿਚ ਮੇਰੀ ਕੋਈ ਬੇਇਜ਼ਤੀ ਨਹੀਂ ਸੀ? ਉਸ ਦਾ ਮੈਨੂੰ ਕੌਰਵਾਂ ਦੇ ਦਰਬਾਰ ਵਿਚ ਲੈ ਜਾ ਕੇ ਤਰ੍ਹਾਂ-ਤਰ੍ਹਾਂ ਦੇ ਮੇਹਣੇ ਤਾਨੇ ਦੇਣਾ ਅਤੇ ਕੌਰਵਾਂ ਦਾ ਮੇਰੀ ਹਾਲਤ ਉਤੇ ਹੱਸਣਾ, ਆਪ ਦੇ ਖਿਆਲ ਵਿਚ ਮੇਰੀ ਬੇਇਜ਼ਤੀ ਨਹੀਂ ਸੀ?

ਸ੍ਰੀ ਕ੍ਰਿਸ਼ਨ - ਇਹ ਜੋ ਕੁਝ ਤੂੰ ਦਸਦੀ ਹੈ, ਠੀਕ ਤੇਰੀ ਬੇਇਜ਼ਤੀ ਸੀ ਅਤੇ ਬੜੀ ਬੇਇਜ਼ਤੀ ਸੀ।

ਦਰੋਪਦੀ - ਤਾਂ ਫੇਰ ਤੁਸੀਂ ਮੇਰੀ ਇਤਨੀ ਬੇਇਜ਼ਤੀ ਕਿਉਂ ਹੋਣ ਦਿਤੀ? ਕਿਉਂ ਨਾ ਦੁਸਾਸ਼ਨ ਨੂੰ ਉਸੇ ਵੇਲੇ ਸਜ਼ਾ ਦਿਤੀ ਜਦ ਉਹ ਮੈਨੂੰ ਮਹਿਲਾਂ ਵਿਚੋਂ ਘਸੀਟ ਕੇ ਦਰਬਾਰ ਵੱਲ ਲੈ ਜਾ ਰਿਹਾ ਸੀ।

ਸ੍ਰੀ ਕ੍ਰਿਸ਼ਨ - ਦਰੋਪਦੀ, ਮੈਂ ਆਪਣੇ ਭਗਤਾਂ ਦੀ ਉਸ ਵੇਲੇ ਮਦਦ ਕਰਦਾ ਹਾਂ, ਜਦ ਉਹ ਮੈਨੂੰ ਆਪਣੀ ਮਦਦ ਕਰਨ ਦਾ ਮੌਕਾ ਦੇਣ, ਜਦ ਉਹ ਸੱਚੇ ਦਿਲੋਂ ਮੈਨੂੰ ਯਾਦ ਕਰਨ।

ਦਰੋਪਦੀ - ਤਾਂ ਫਿਰ ਆਪ ਦੇ ਕਹਿਣ ਦਾ ਮਤਲਬ ਹੋਇਆ ਕਿ ਮੈਂ ਆਪ ਨੂੰ ਸੱਚੇ ਦਿਲੋਂ ਯਾਦ ਨਹੀਂ ਸੀ ਕਰਦੀ, ਆਪ ਨੂੰ ਆਪਣੀ ਮਦਦ ਕਰਨ ਦਾ ਮੌਕਾ ਨਹੀਂ ਸੀ ਦਿੰਦੀ?

ਸ੍ਰੀ ਕ੍ਰਿਸ਼ਨ - ਹਾਂ ਇਹ ਠੀਕ ਹੈ।

ਦਰੋਪਦੀ - ਮਹਾਰਾਜ ਤਦ ਆਪ ਪੂਰੇ ਜਾਣੀ ਜਾਣ ਨਹੀਂ। ਆਪ ਨੂੰ ਮੇਰੇ ਦਿਲ ਦੀ ਪੂਰੀ ਅਵਸਥਾ ਦਾ ਪਤਾ ਨਹੀਂ।

ਸ੍ਰੀ ਕ੍ਰਿਸ਼ਨ (ਹੱਸ ਕੇ) - ਨਹੀਂ ਦਰੋਪਦੀ ਇਹ ਤੇਰਾ ਭੁਲੇਖਾ ਹੈ। ਮੈਂ ਤੇਰੇ ਦਿਲ ਦੀ ਜ਼ਰਾ ਜ਼ਰਾ ਜਿੰਨੀ ਹਰਕਤ ਨੂੰ ਵੀ ਦੇਖਦਾ ਰਿਹਾ ਹਾਂ।

ਦਰੋਪਦੀ - ਮੈਂ ਇਹ ਗੱਲ ਕਿਸ ਤਰ੍ਹਾਂ ਮੰਨਾਂ? ਮੈਂ ਤੇ ਦੁਸਾਸ਼ਨ ਨੂੰ ਮਹਿਲਾਂ ਵਿਚ ਪਹਿਲੀ ਵਾਰੀ ਆਪਣੇ ਵਲ ਵਧਦਾ ਤੇ ਬਾਹਵਾਂ ਫੜਦਾ ਵੇਖਿਆ ਸੀ, ਉਸੇ ਵੇਲੇ 'ਕ੍ਰਿਸ਼ਨ' 'ਕ੍ਰਿਸ਼ਨ' ਪੁਕਾਰਨਾ ਸ਼ੁਰੂ ਕਰ ਦਿਤਾ ਸੀ।

ਸ੍ਰੀ ਕ੍ਰਿਸ਼ਨ - ਹਾਂ, ਦਰੋਪਦੀ ਤੂੰ ਮੇਰਾ ਨਾਮ ਲੈ ਕੇ ਜ਼ਰੂਰ ਵਾਜਾਂ ਮਾਰਦੀ ਸੀ, ਪਰ ਤੇਰੇ ਦਿਲ ਅੰਦਰ ਇਹ ਧਰਵਾਸ ਸੀ ਕਿ ਜਿਸ ਸਭਾ ਵਿਚ ਦੁਸਾਸ਼ਨ ਮੈਨੂੰ ਲੈ ਜਾ ਰਿਹਾ ਹੈ, ਉਥੇ ਸਾਰੇ ਪਾਂਡਵ ਕੌਰਵਾਂ ਦੇ ਬਜ਼ੁਰਗ ਭੀਸ਼ਮ ਪਿਤਾਮਹ, ਦਰੋਣਾਚਾਰਯ, ਬਿਦੁਰ ਅਤੇ ਹੋਰ ਅਨੇਕਾਂ ਮਿਤਰ ਸਨੇਹੀ ਹਨ ਮੈਂ ਉਥੇ ਪਹੁੰਚ ਕੇ ਦੁਸਾਸ਼ਨ ਨੂੰ ਉਸ ਦੀ ਗੁਸਤਾਖੀ ਦੀ ਸਜ਼ਾ ਦਿਵਾਵਾਂਗੀ।

ਦਰੋਪਦੀ - ਮਹਾਰਾਜ, ਜੇ ਇਹ ਗੱਲ ਸੀ ਤਾਂ ਤੁਸੀਂ ਮੇਰੀ ਦਰਬਾਰ ਵਿਚ ਪਹੁੰਚ ਮਗਰੋਂ ਉਸੇ ਵੇਲੇ ਕਿਉਂ ਨਾ ਸਹਾਇਤਾ ਕੀਤੀ ਜਦ ਕਿ ਕੌਰਵਾਂ ਦੇ ਬਜ਼ੁਰਗਾਂ ਅਤੇ ਮੇਰੇ ਪਤੀ ਪਾਂਡਵਾਂ ਨੇ ਮੇਰੀ ਸਹਾਇਤਾ ਕਰਨ ਤੋਂ ਆਪਣੀ ਅਸਮਰੱਥਾ ਜ਼ਾਹਿਰ ਕੀਤੀ? ਕਿਉਂ ਕੌਰਵਾਂ ਨੂੰ ਮੇਰਾ ਮਖੌਲ ਉਡਾਉਣ ਦਿਤਾ? ਕਿਉਂ ਦੁਰਯੋਧਨ ਨੂੰ ਮੇਰੀ ਬੇਇਜ਼ਤੀ ਕਰਨ ਦਿਤੀ? ਕਿਉਂ ਦੁਸਾਸ਼ਨ ਨੂੰ ਮੇਰੇ ਤੇ ਹੱਥ ਚੁਕਣ ਦਿਤਾ? ਮੈਂ ਤਾਂ ਆਪ ਦਾ ਨਾਮ ਉੱਚੀ ਉੱਚੀ

ਪੁਕਾਰਦੀ ਸੀ।

ਸ੍ਰੀ ਕ੍ਰਿਸ਼ਨ - ਦਰੋਪਦੀ ਉਸ ਵੇਲੇ ਵੀ ਤੇਰਾ ਮੈਨੂੰ ਬੁਲਾਉਣਾ ਉਤੋਂ ਉਤੋਂ ਸੀ, ਦਿਲੋਂ ਨਹੀਂ ਸੀ। ਤੂੰ ਆਪਣੀ ਸਾੜ੍ਹੀ ਦੀ ਕੰਨੀ ਨੂੰ ਘੁੱਟ ਕੇ ਦੰਦਾਂ ਹੇਠ ਲੀਤਾ ਹੋਇਆ ਸੀ ਅਤੇ ਤੈਨੂੰ ਆਸ ਸੀ ਕਿ ਤੇਰੇ ਦੰਦਾਂ ਵਿਚ ਘੁੱਟ ਕੇ ਫੜੀ ਹੋਈ ਸਾੜੀਂ ਤੇਰਾ ਸਾਥ ਦੇਵੇਗੀ। ਪਰ ਜਦ ਦੁਸਾਸ਼ਨ ਨੇ ਝਟਕਾ ਮਾਰ ਕੇ ਤੇਰੇ ਦੰਦਾਂ ਵਿਚੋਂ ਤੇਰੀ ਸਾੜ੍ਹੀ ਨੂੰ ਖਿੱਚ ਲੀਤਾ, ਤਦ ਤੂੰ ਸਭ ਪਾਸਿਆਂ ਵਲੋਂ ਨਿਆਸਰੀ ਹੋ ਕੇ ਮੈਨੂੰ ਕੇਵਲ ਇਕੋ ਹੀ ਆਵਾਜ਼ ਮਾਰੀ ਤੇ ਮੈਂ ਤੇਰੇ ਪਾਸ ਆਣ ਪੁੱਜਿਆ ਅਤੇ ਤੈਨੂੰ ਨਗਨ ਨਾ ਹੋਣ ਦਿਤਾ। ਦਰੋਪਦੀ! ਮੈਂ ਨਿਆਸਰਿਆਂ ਦਾ ਆਸਰਾ ਹਾਂ{ ਆਸਰੇ ਵਾਲਿਆਂ ਦਾ ਆਸਰਾ ਨਹੀਂ।

ਗੁਰਮੁਖ ਦੀ ਅਰਦਾਸ

ਜਦ ਕਦੀ ਆਪਣੀ ਅਰਦਾਸ ਪੂਰੀ ਨਾ ਹੋਵੇ, ਇਹ ਨਹੀਂ ਸਮਝਣਾ ਚਾਹੀਦਾ ਕਿ ਵਾਹਿਗੁਰੂ ਹੀ 'ਹੈ' ਨਹੀਂ ਜਾਂ ਵਾਹਿਗੁਰੂ ਅਰਦਾਸ ਨੂੰ ਪੂਰਿਆਂ ਨਹੀਂ ਕਰ ਰਿਹਾ। ਅਰਦਾਸ ਦੇ ਪੂਰਿਆਂ ਨਾ ਹੋਣ ਦੇ ਕਈ ਹੋਰ ਕਾਰਣ ਹੋ ਸਕਦੇ ਹਨ। ਸਫਲ ਅਰਦਾਸ ਵਾਸਤੇ ਕਈ ਸ਼ਰਤਾਂ ਦੀ ਪਾਲਣਾ ਬੜੀ ਲਾਜ਼ਮੀ ਹੈ। ਐਸੇ ਸਮੇਂ ਜਦ ਕਿ ਆਪਣੀ ਅਰਦਾਸ ਪੂਰੀ ਨਾ ਹੋਵੇ ਤਾਂ ਆਪਣੇ ਤੋਂ ਉਚੀ ਅਵਸਥਾ ਦੇ ਕਿਸੇ ਹੋਰ ਗੁਰਮੁਖ ਤੋਂ ਅਰਦਾਸ ਕਰਵਾਣ ਨਾਲ ਕਈ ਵਾਰੀ ਹੈਰਾਨ ਕਰਨ ਵਾਲੇ ਨਤੀਜੇ ਪੈਦਾ ਹੁੰਦੇ ਹਨ। ਇਸ ਸਬੰਧ ਵਿਚ ਮੈਂ ਆਪਣੇ ਜੀਵਨ ਦਾ ਇਕ ਵਾਕਿਆ ਪੇਸ਼ ਕਰਦਾ ਹਾਂ ਜੋ ਕਿ ਆਤਮ ਮਾਰਗ ਦੇ ਪਾਂਧੀਆਂ ਦੀ ਦਿਲਚਸਪੀ ਦਾ ਕਾਰਣ ਹੋਵੇਗਾ।

ਸੰਮਤ ੧੯੧੮ ਈਸਵੀ ਵਿਚ ਮੇਰੇ ਘਰ ਇਕ ਲੜਕਾ ਪੈਦਾ ਹੋਇਆ। ਕਿਉਂਕਿ ਇਹ ਪਹਿਲਾ ਲੜਕਾ ਸੀ ਜਿਸ ਨੇ ਮੇਰੇ ਪਿਤਾ ਜੀ ਨੂੰ ਬਾਬਾ ਜੀ ਅਤੇ ਮੇਰੀ ਇਸਤਰੀ ਦੇ ਪਿਤਾ ਜੀ ਨੂੰ ਨਾਨਾ ਜੀ ਬਣਾਇਆ ਇਸ ਲਈ ਇਸ ਲੜਕੇ ਨਾਲ ਨਾਨਕਾ ਅਤੇ ਦਾਦਕਾ ਪਰਿਵਾਰ ਬੜਾ ਪਿਆਰ ਕਰਦਾ ਸੀ। ਇਕ ਸਿਕ ਦਾ ਦੂਸਰੇ ਖੂਬਸੂਰਤ ਹੋਣ ਕਰਕੇ ਇਹ ਸਭ ਰਿਸ਼ਤੇਦਾਰਾਂ ਦਾ ਦਿਲ ਪ੍ਰਚਾਵਾ ਤੇ ਖਿਡੌਣਾ ਬਣ ਗਿਆ ਪਰ ਜਦ ਦੋ ਸਾਲ ਦਾ ਹੋਇਆ ਤਾਂ ਬੀਮਾਰ ਹੋ ਕੇ ਹਕੀਮਾਂ, ਡਾਕਟਰਾਂ ਅਤੇ ਰਿਸ਼ਤੇਦਾਰਾਂ ਦੀਆਂ ਕੋਸ਼ਿਸ਼ਾਂ ਨੂੰ ਅਸਫਲ ਬਣਾ ਕੇ ਇਹ ਬੱਚਾ ਅਕਾਲ ਚਲਾਣਾ ਕਰ ਗਿਆ। ਇਸ ਵਿਛੋੜੇ ਨੂੰ ਸਭ ਨੇ ਮਹਿਸੂਸ ਕੀਤਾ ਪਰ ਮੌਤ ਦੇ ਸਾਮ੍ਹਣੇ ਕੋਈ ਕੀ ਕਰ ਸਕਦਾ ਸੀ?

ਜਿਨ੍ਹਾਂ ਦਿਨਾਂ ਵਿਚ ਇਸ ਲੜਕੇ ਦੀ ਮੌਤ ਹੋਈ ਉਨ੍ਹਾਂ ਦਿਨਾਂ ਵਿਚ ਹੀ ਮੇਰੇ ਘਰ ਇਕ ਲੜਕੀ ਨੇ ਜਨਮ ਲੀਤਾ। ਮੇਰੀ ਇਸਤ੍ਰੀ ਅਤੇ ਮੈਂ ਤਾਂ ਨਵੇਂ ਬੱਚੇ ਦੇ ਆਹਰ ਵਿਚ ਰੁਝ ਗਏ, ਪਰ ਸਾਡੇ ਖਾਨਦਾਨਾਂ ਦੇ ਕਈ ਮੈਂਬਰ ਆਖਦੇ ਸਨ ਕਿ ਵਾਹਿਗੁਰੂ ਨੇ ਇਹ ਕੀ ਕੀਤਾ? ਲੜਕਾ ਖੋਹ ਕੇ ਲੜਕੀ ਦੇ ਦਿਤੀ ਹੈ।

ਇਸ ਲੜਕੀ ਦੇ ਜਨਮ ਤੋਂ ਤਕਰੀਬਨ ਦੋ ਸਾਲ ਮਗਰੋਂ ਮੇਰੇ ਘਰ ਫੇਰ ਇਕ ਲੜਕਾ ਪੈਦਾ ਹੋਇਆ, ਜਿਸ ਦੇ ਜਨਮ ਉਤੇ ਫੇਰ ਮੇਰੇ ਅਤੇ ਮੇਰੀ ਇਸਤ੍ਰੀ ਦੇ ਪਰਿਵਾਰਾਂ ਵਿਚ ਬੜੀਆਂ ਖੁਸ਼ੀਆਂ ਹੋਈਆਂ ਅਤੇ ਸਭ ਆਖਣ ਕਿ ਵਾਹਿਗੁਰੂ ਨੇ ਆਖਰ ਇਨਸਾਫ ਕੀਤਾ ਹੈ ਫੇਰ ਪੁਤਰ ਬਖਸ਼ਿਆ ਹੈ, ਪਰ ਸਾਰਿਆਂ ਦੀ ਹੈਰਾਨੀ ਅਤੇ ਨਿਰਾਸਤਾ ਵੇਖਣ ਵਾਲੀ ਸੀ, ਜਦ ਦੋ-ਢਾਈ ਸਾਲ ਮਗਰੋਂ ਇਹ ਦੂਸਰਾ ਲੜਕਾ ਤਾਂ ਗੁਜ਼ਰ ਗਿਆ ਅਤੇ ਮੇਰੇ ਘਰ ਇਕ ਹੋਰ ਲੜਕੀ ਪੈਦਾ ਹੋ ਗਈ। ਸਾਡੇ ਘਰਾਂ ਦੀਆਂ ਬਿਰਧ ਇਸਤ੍ਰੀਆਂ ਕਈ ਵਾਰੀ ਆਖਦੀਆਂ ਸੁਣਾਈ ਦੇਂਦੀਆਂ ਸਨ ਕਿ ਦੋ ਲੜਕੇ ਖੋਹ ਲਏ ਸੂ ਤੇ ਉਨ੍ਹਾਂ ਦੇ ਬਦਲੇ ਦੋ ਲੜਕੀਆਂ ਦੇ ਦਿਤੀਆਂ ਸੂ। ਖੂਬ ਹੈ ਰੱਬ ਦਾ ਇਨਸਾਫ।

ਮੈਨੂੰ ਕਿਉਂਕਿ ਸ਼ੁਰੂ ਤੋਂ ਹੀ ਲੜਕੇ ਅਤੇ ਲੜਕੀ ਵਿਚ ਕਿਸੇ ਕਿਸਮ ਦਾ ਫਰਕ ਨਜ਼ਰ ਨਹੀਂ ਸੀ ਆਉਂਦਾ ਦੋਹਾਂ ਨੂੰ ਵਾਹਿਗੁਰੂ ਦੀ ਇਕੋ ਜਿਹੀ ਦਾਤ ਸਮਝਦਾ ਸੀ ਇਸ ਲਈ ਦੋਹਾਂ ਲੜਕੀਆਂ ਨਾਲ ਖੂਬ ਖੇਡਦਾ ਅਤੇ ਦਿਲ ਪਰਚਾਂਦਾ ਰਿਹਾ। ਮੇਰੀ ਇਸਤ੍ਰੀ ਨੂੰ ਭਾਵੇਂ ਲੜਕਿਆਂ ਦੇ ਜਾਣ ਦਾ ਅਫਸੋਸ ਸੀ ਪਰ ਲੜਕੀਆਂ ਵੀ ਪਿਆਰੀਆਂ ਲਗਦੀਆਂ ਅਤੇ ਉਨ੍ਹਾਂ ਨਾਲ ਆਪਣਾ ਸਮਾਂ ਚੰਗਾ ਲੰਘਾਂਦੀ। ਪਰ ਸਾਡੇ ਘਰਾਂ ਦੀਆਂ ਕਈ ਇਸਤ੍ਰੀਆਂ ਤਾਂ ਲੜਕੀਆਂ ਨੂੰ ਵੇਖ ਵੇਖ ਕੇ ਡਾਹਢਾ ਝੁਰਦੀਆਂ ਅਤੇ ਲੜਕਿਆ ਨੂੰ ਯਾਦ ਕਰ ਕਰ ਕੇ ਵਾਹਿਗੁਰੂ ਦੀ ਬੇ-ਇਨਸਾਫੀ ਤੇ ਢੰਡੋਰਾ ਫੇਰਦੀਆਂ ਰਹਿੰਦੀਆਂ। ਮੈਨੂੰ ਸੁਖਮਨੀ ਸਾਹਿਬ ਦੀਆਂ ਇਹ ਤੁਕਾਂ ਉਨ੍ਹਾਂ ਦਿਨਾਂ ਵਿਚ ਬੜੀ ਸ਼ਾਂਤੀ ਦਿੰਦੀਆਂ ਸਨ।

ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥
ਪ੍ਰਭ ਕੀ ਆਗਿਆ ਮਾਨੈ ਮਾਥੈ ॥
ਉਸ ਤੇ ਚਉਗੁਨ ਕਰੈ ਨਿਹਾਲੁ ॥
ਨਾਨਕ ਸਾਹਿਬੁ ਸਦਾ ਦਇਆਲੁ ॥ ਅੰਗ-੨੬੮

ਜਿਉਂ-ਜਿਉਂ ਸਮਾਂ ਗੁਜ਼ਰਦਾ ਗਿਆ, ਮੇਰੇ ਘਰ ਤੀਸਰੀ ਲੜਕੀ ਨੇ ਜਨਮ ਲੀਤਾ, ਫੇਰ ਚੌਥੀ ਨੇ ਤੇ ਫੇਰ ਪੰਜਵੀਂ ਨੇ। ਦੋ ਲੜਕਿਆਂ ਦੇ ਜਾਣ ਮਗਰੋਂ ਪੰਜ ਲੜਕੀਆਂ ਦਾ ਆ ਜਾਣਾ ਸਾਡੇ ਪਰਿਵਾਰ ਦੇ ਕਈ ਮੈਂਬਰਾਂ ਨੂੰ ਬੜਾ ਚੁਭਦਾ ਸੀ। ਘਰ ਆਉਣ ਜਾਣ ਵਾਲੀਆਂ ਇਸਤ੍ਰੀਆਂ ਤਾਂ ਘਟਨਾ ਨੂੰ ਖੁਲ੍ਹਮਖੁਲਾ ਸਾਡੀ ਬਦਕਿਸਮਤੀ ਆਖਦੀਆਂ ਸਨ। ਮੈਂ ਤੇ ਮੇਰੀ ਇਸਤ੍ਰੀ ਕਿਉਂਕਿ ਲੜਕੀਆਂ ਨੂੰ ਬਹੁਤ ਪਿਆਰ ਕਰਦੇ ਲੜਕਿਆਂ ਵਾਂਗਰ ਹੀ ਸਮਝਦੇ ਅਤੇ ਕਦੀ ਜ਼ਾਹਿਰ ਨਹੀਂ ਸੀ ਹੋਣ ਦਿੰਦੇ ਕਿ ਅਸੀਂ ਕਿਸੇ ਤਰ੍ਹਾਂ ਅਸੰਤੁਸ਼ਟ ਹਾਂ, ਇਸ ਵਾਸਤੇ ਘਰ ਦੀਆਂ ਕਈ ਇਸਤ੍ਰੀਆਂ ਸਾਡੇ ਤੇ ਇਸ ਵਾਸਤੇ ਨਾਰਾਜ਼ ਸਨ ਕਿ ਅਸੀਂ ਲੜਕੀਆਂ ਨੂੰ ਕਿਉਂ ਇਤਨੇ ਲਾਡ ਪਿਆਰ ਦਿੰਦੇ ਹਾਂ? ਉਨ੍ਹਾਂ ਦੇ ਖਿਆਲ ਵਿਚ ਲੜਕੀਆਂ ਨੂੰ ਲਾਡਲਾ ਰਖਣਾ ਬੜੀ ਭਾਰੀ ਗਲਤੀ ਸੀ। ਕਿਉਂਕਿ ਮੈਂ ਲੜਕੀਆਂ ਨੂੰ ਕਈ ਤਰ੍ਹਾਂ ਲੜਕਿਆਂ ਨਾਲੋਂ ਚੰਗਾ ਸਮਝਦਾ ਹਾਂ, ਇਸ ਕਰਕੇ ਵੱਡੀਆਂ ਲੜਕੀਆਂ ਨੂੰ ਸਾਫੇ ਤੇ ਕੋਟ ਪਹਿਨਾ ਕੇ ਆਪਣੇ ਨਾਲ ਮੋਟਰ ਵਿਚ ਬਾਹਰ ਲੈ ਜਾਂਦਾ ਸੀ, ਕਈ ਵਾਰੀ ਖੇਡਣ ਗਿਆ ਵੀ ਲੜਕੀਆਂ ਨੂੰ ਲੜਕਿਆਂ ਦੇ ਲਿਬਾਸ ਵਿਚ ਨਾਲ ਲੈ ਜਾਂਦਾ। ਕਰਤਾਰ ਅੱਗੇ ਮੇਰੀ ਕੇਵਲ ਇਕੋ ਅਰਦਾਸ ਸੀ ਕਿ ਸੱਚੇ ਪਾਤਸ਼ਾਹ! ਮੈਨੂੰ ਅਗਰ ਤੂੰ ਲੜਕੀਆਂ

ਦੇ ਕੇ ਖੁਸ਼ ਹੈਂ ਤਾਂ ਮੈਂ ਭੀ ਤੇਰੀ ਦਾਤ ਨੂੰ ਲੜਕਿਆਂ ਤੋਂ ਚੰਗਾ ਸਮਝਦਾ ਹਾਂ ਅਤੇ ਖੁਸ਼ ਹਾਂ, ਪਰ ਇਕ ਮਿਹਰ ਕਰੀਂ, ਮੈਂ ਤੇਰਾ ਕਮਜ਼ੋਰ ਜਿਹਾ ਸਿੱਖ ਹਾਂ, ਜੋ ਕੁਝ ਦਿਤਾ ਹਈ ਬਖਸ਼ ਕੇ ਦੇਹ ਅਤੇ ਮੁੜ ਵਾਪਸ ਨਾ ਲਵੀਂ। ਇਹ ਲੜਕੀਆਂ ਜੋ ਬਖਸ਼ੀਆਂ ਹਨ, ਜਿਉਂਦੀਆਂ ਰਹਿਣ।

ਇਹ ਸਭ ਕੁਛ ਹੁੰਦਿਆਂ ਵੀ ਮੈਂ ਤੇ ਮੇਰੀ ਇਸਤ੍ਰੀ ਦੋਹਾਂ ਲੜਕਿਆਂ ਨੂੰ ਨਹੀਂ ਸੀ ਭੁਲਦੇ, ਉਨ੍ਹਾਂ ਦੀ ਯਾਦ ਸਾਡੇ ਦਿਲ ਵਿਚ ਕਿਤੇ ਨਾ ਕਿਤੇ ਲੁਕਵੀਂ ਸ਼ਕਲ ਵਿੱਚ ਮੌਜੂਦ ਰਹਿੰਦੀ ਸੀ। ਮੇਰਾ ਇਹ ਖਿਆਲ ਹੈ ਕਿ ਸਾਡੀ ਲੜਕਿਆਂ ਸਬੰਧੀ ਇਹ ਯਾਦ ਇਸ ਕਰਕੇ ਨਹੀਂ ਸੀ ਕਿ ਅਸੀਂ ਲੜਕੀਆਂ ਤੋਂ ਲੜਕੇ ਵਾਹਿਗੁਰੂ ਦੀ ਚੰਗੇਰੀ ਜਾਂ ਵਡੇਰੀ ਦਾਤ ਸਮਝਦੇ ਸਾਂ, ਸਗੋਂ ਇਹ ਖਾਹਿਸ਼ ਇਨਸਾਨੀ ਫਿਤਰਤ ਦੇ ਅਨੁਸਾਰ ਸੀ। ਅਗਰ ਸਾਡੇ ਪਾਸ ਪੰਜ ਲੜਕੇ ਹੁੰਦੇ ਤਾਂ ਉਸ ਹਾਲਤ ਵਿਚ ਸਾਡੀ ਖਾਹਿਸ਼ ਹੋਣੀ ਸੀ ਕਿ ਇਕ ਦੋ ਲੜਕੀਆਂ ਵੀ ਜ਼ਰੂਰ ਹੋਣ। ਇਨਸਾਨ ਹਮੇਸ਼ਾਂ ਲੜਕੇ ਅਤੇ ਲੜਕੀਆਂ ਦੋਵੇਂ ਦਾਤਾਂ ਹੀ ਆਪਣੇ ਘਰ ਦੇਖ ਕੇ ਖੁਸ਼ ਹੁੰਦਾ ਹੈ। ਕਈ ਮਿਤ੍ਰ ਐਸੇ ਦੇਖੇ ਹਨ, ਜਿਨ੍ਹਾਂ ਦੇ ਲੜਕੇ ਹੀ ਲੜਕੇ ਪੈਦਾ ਹੋਏ ਪਰ ਉਨ੍ਹਾਂ ਦੀ ਖਾਹਿਸ਼ ਇਹ ਹੁੰਦੀ ਸੀ ਕਿ ਵਾਹਿਗੁਰੂ ਕੋਈ ਲੜਕੀ ਵੀ ਦੇਵੇ ਤਾਂ ਚੰਗਾ ਹੈ। 1930 ਜਾਂ 1931 ਵਿਚ ਬਾਬਾ ਵਸਾਖਾ ਸਿੰਘ ਜੀ ਪ੍ਰਧਾਨ ਸਿੱਖ ਦੇਸ਼ ਭਗਤ ਕੈਦੀ ਪਰਿਵਾਰ ਸਹਾਇਕ ਕਮੇਟੀ, ਦੇਸ਼ ਭਗਤਾਂ ਦੇ ਪਰਿਵਾਰਾਂ ਲਈ ਮਾਇਆ ਇਕੱਤਰ ਕਰਨ ਕਲਕੱਤੇ ਆਏ ਤਾਂ ਮੈਂ ਉਨ੍ਹਾਂ ਨੂੰ ਨਾਮ ਰਸੀਏ ਤੇ ਸਿਮਰਨ ਅਭਿਲਾਸ਼ੀ ਹੋਣ ਕਰਕੇ ਆਪਣੇ ਗ੍ਰਹਿ ਵਿਖੇ ਪ੍ਰਸ਼ਾਦ ਛਕਣ ਲਈ ਬੇਨਤੀ ਕੀਤੀ। ਆਪ ਨੇ ਬੜੀ ਕ੍ਰਿਪਾ ਕੀਤੀ ਅਤੇ ਮੇਰੇ ਮਕਾਨ ਪਰ ਪ੍ਰਸ਼ਾਦ ਛਕਣ ਲਈ ਤਸ਼ਰੀਫ ਲਿਆਏ। ਪ੍ਰਸ਼ਾਦ ਛਕਣ ਮਗਰੋਂ ਸਿਮਰਨ ਅਤੇ ਨਾਮ ਅਭਿਆਸ ਸਬੰਧੀ ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਆਪ ਮੇਰੇ ਵਿਚ ਸਿਮਰਨ ਦਾ ਸ਼ੌਕ ਦੇਖ ਕੇ ਬੜੇ ਖੁਸ਼ ਹੋਏ ਅਤੇ ਮੈਂ ਆਪ ਨੂੰ ਚੰਗੀ ਅਵਸਥਾ ਦੇ ਸਿਮਰਨ ਅਭਿਲਾਸ਼ੀ ਦੇਖ ਕੇ ਆਪਣੇ ਆਪ ਨੂੰ ਧੰਨਭਾਗੀ ਸਮਝਦਾ ਸੀ। ਸਿਮਰਨ ਅਭਿਆਸ ਦੀਆਂ ਵਿਚਾਰਾਂ ਮਗਰੋਂ ਆਪ ਨੇ ਮੇਰੀ ਇਸਤ੍ਰੀ ਦੀ ਪ੍ਰੇਮ ਸਹਿਤ ਪ੍ਰਸ਼ਾਦ ਤਿਆਰ ਕਰਨ ਅਤੇ ਛਕਾਣ ਦੀ ਸੇਵਾ ਉਤੇ ਬੜੀ ਪ੍ਰਸੰਸਾ ਕੀਤੀ ਅਤੇ ਪੁਛਿਆ, ਬੀਬੀ ਤੇਰੇ ਕਿਤਨੇ ਬੱਚੇ ਹਨ? ਮੇਰੀ ਇਸਤ੍ਰੀ ਨੇ ਹੱਥ ਜੋੜ ਕੇ ਆਖਿਆ, ਮਹਾਰਾਜ! ਵਾਹਿਗੁਰੂ ਦੀ ਕ੍ਰਿਪਾ ਨਾਲ ਸਾਡੇ ਘਰ ਵਿਚ ਪੰਜ ਲੜਕੀਆਂ ਹਨ। ਬਾਬਾ ਜੀ ਨੇ ਇਹ ਗੱਲ ਸੁਣ ਕੇ ਫੇਰ ਪੁੱਛਿਆ, ਬੀਬੀ ਤੁਹਾਡੇ ਭੁਜੰਗੀ ਕੋਈ ਨਹੀਂ? ਇਸ ਦੇ ਉਤਰ ਵਿਚ ਮੇਰੀ ਇਸਤ੍ਰੀ ਨੇ ਜਵਾਬ ਦਿਤਾ, ਮਹਾਰਾਜ! ਪਹਿਲੇ ਪਹਿਲ ਦੋ ਭੁਜੰਗੀ ਹੋਏ ਸਨ, ਫਿਰ ਉਹ ਗੁਜ਼ਰ ਗਏ। ਹੁਣ ਤਾਂ ਇਹ ਪੰਜ ਬੀਬੀਆਂ ਹੀ ਘਰ ਦੀ ਰੌਣਕ ਹਨ।

ਉਸ ਵੇਲੇ ਬਾਬਾ ਜੀ ਸਾਡੇ ਘਰੋਂ ਜਾਣ ਵਾਲੇ ਹੀ ਸਨ, ਪਰ ਮੇਰੀ ਇਸਤ੍ਰੀ ਦੇ ਉਕਤ ਜਵਾਬ ਨੂੰ ਸੁਣ ਕੇ ਆਪ ਕਹਿਣ ਲੱਗੇ, ਬੀਬੀ ਸਾਨੂੰ ਇਹ ਗੱਲ ਚੰਗੀ ਨਹੀਂ ਲੱਗੀ, ਤੁਹਾਡੇ ਵਰਗੇ ਗੁਰਮੁਖਾਂ ਦੇ ਘਰ ਬੀਬੀਆਂ ਅਤੇ ਭੁਜੰਗੀ ਦੋਵੇਂ ਦਾਤਾਂ ਹੋਣੀਆਂ ਚਾਹੀਦੀਆਂ ਹਨ। ਇਹ ਕਹਿ ਕੇ ਆਪ ਨੇ ਕੁਝ ਚਿਰ ਮਗਰੋਂ ਪੁੱਛਿਆ, ਕੀ ਬੀਬੀ ਤੁਸੀਂ ਕਦੀ ਆਪਣੇ ਗਏ ਲੜਕਿਆਂ ਦੇ ਮੁੜ ਵਾਪਸ ਆਉਣ ਸਬੰਧੀ ਵਾਹਿਗੁਰੂ ਅੱਗੇ ਅਰਦਾਸ ਕੀਤੀ ਹੈ? ਮੇਰੀ ਇਸਤ੍ਰੀ ਨੇ ਜਵਾਬ ਦਿਤਾ, ਮਹਾਰਾਜ! ਖਾਸ ਤੌਰ ਤੇ ਤਾਂ ਅਸਾਂ ਕਦੀ ਅਰਦਾਸ ਨਹੀਂ ਕੀਤੀ। ਉਸ ਨੂੰ ਆਪ ਹੀ ਸਭ ਕੁਝ ਪਤਾ ਹੈ, ਇਹ ਗੱਲ ਸੁਣ ਕੇ ਬਾਬਾ ਜੀ ਨੇ ਮੈਨੂੰ ਪੁੱਛਿਆ, ਸਰਦਾਰ ਜੀ, ਤੁਹਾਡੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ? ਮੈਂ ਆਖਿਆ, ਹਾਂ ਮਹਾਰਾਜ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਡੇ ਘਰ ਪ੍ਰਕਾਸ਼ ਹੁੰਦਾ ਹੈ। ਤਦ ਫਿਰ ਆਓ ਚਲੋ ਗੁਰੂ ਗ੍ਰੰਥ ਸਾਹਿਬ ਦੇ ਕਮਰੇ ਵਿਚ, ਬਾਬਾ ਜੀ ਬੋਲੇ, ਚਲੋ ਸਾਰੇ ਰਲ ਕੇ ਅਰਦਾਸ ਕਰੀਏ।

ਅਸੀਂ ਸਾਰੇ ਗੁਰੂ ਸਾਹਿਬ ਦੇ ਕਮਰੇ ਵਿਖੇ ਗਏ। ਬਾਬਾ ਜੀ ਨੇ ਆਪਣੇ ਰੌਸ਼ਨ ਅਤੇ ਪੂਰੇ ਜਲਾਲ ਚਿਹਰੇ ਨੂੰ ਨੀਵਿਆਂ ਕਰ ਕੇ, ਗੱਲ ਵਿਚ ਪੱਲਾ ਪਾ ਕੇ, ਹੱਥ ਜੋੜ ਕੇ ਅਰਦਾਸ ਕੀਤੀ, ਸੱਚੇ ਪਾਤਸ਼ਾਹ, ਤੇਰੇ ਘਰ ਵਿਚ ਸਭ ਕੁਝ ਹੈ, ਤੂੰ ਸਰਬਸ਼ਕਤੀਮਾਨ ਹੈਂ, ਮੇਰੀ ਤੇਰੇ ਦਰ ਤੇ ਨਿਮਾਣੀ ਅਰਦਾਸ ਹੈ, ਇਨ੍ਹਾਂ ਗੁਰਮੁਖਾਂ ਦੇ ਘਰ ਭੁਜੰਗੀਆਂ ਦੀ ਦਾਤ ਵੀ ਹੋਣੀ ਚਾਹੀਦੀ ਹੈ।

ਬਾਬਾ ਜੀ ਚਲੇ ਗਏ, ਸਾਲ ਭਰ ਵਿਚ ਅਸੀਂ ਭੁੱਲ ਗਏ ਕਿ ਸਾਡੇ ਘਰ ਕੋਈ ਗੁਰਮੁਖ ਰੱਬ ਦੇ ਪਿਆਰੇ ਆਏ ਸਨ ਅਤੇ ਸਾਡੇ ਵਾਸਤੇ ਕੋਈ ਅਰਦਾਸ ਕੀਤੀ ਸੀ ਪਰ ਜਦ ਸਾਲ ਮਗਰੋਂ ਸਾਡੇ ਘਰ ਭੁਜੰਗੀ ਨੇ ਜਨਮ ਲੀਤਾ ਤਾਂ ਸਾਨੂੰ ਸਭ ਕੁਝ ਯਾਦ ਆ ਗਿਆ। ਹੋਰ ਦੋ ਸਾਲ ਮਗਰੋਂ ਦੂਸਰੇ ਭੁਜੰਗੀ ਨੇ ਜਨਮ ਲੀਤਾ। ਸਾਰੇ ਪਰਿਵਾਰ ਵਲੋਂ, ਦੋਸਤਾਂ ਮਿਤਰਾਂ ਵਲੋਂ ਵਧਾਈ ਦੇ ਸੰਦੇਸ਼ ਆਏ। ਮੇਰੇ ਪਿਤਾ ਜੀ ਸਰਬ ਪਰਿਵਾਰ ਸਮੇਤ ਕਾਕਿਆਂ ਨੂੰ ਵੇਖਣ ਕਲਕੱਤੇ ਪਹੁੰਚੇ, ਬੜੀਆਂ ਖੁਸ਼ੀਆਂ ਹੋਈਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਰਖਾਏ ਗਏ, ਹਸਬ-ਹੈਸੀਅਤ ਦਾਨ ਕੀਤਾ ਗਿਆ। ਸਭ ਨੇ ਆਖਿਆ ਕਿ ਵਾਹਿਗੁਰੂ ਜੀ ਦੀ ਬੜੀ ਕ੍ਰਿਪਾ ਹੋਈ ਹੈ, ਪਰ ਮੈਨੂੰ ਤੇ ਮੇਰੀ ਸੁਪਤਨੀ ਨੂੰ ਪਤਾ ਸੀ ਕਿ ਵਾਹਿਗੁਰੂ ਜੀ ਦੀ ਇਸ ਰਹਿਮਤ ਨੂੰ ਜ਼ਹੂਰ ਵਿਚ ਲਿਆਉਣ ਵਾਲੀ ਸੀ ਕਿਸੇ ਨਾਲ ਅਭਿਆਸੀ ਰੱਬ ਦੇ ਪਿਆਰੇ ਦੀ ਅਰਦਾਸ-

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥
ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥
ਅੰਗ - ੮੧੯

ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥
ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥
ਅੰਗ - ੩੦੬

ਪੂਰਨਮਾਸ਼ੀ

ਮਿਤੀ - 25 ਜੂਨ

1. ਹਰ ਪੂਰਨਮਾਸ਼ੀ ਨੂੰ ਅੰਮ੍ਰਿਤ ਛਕਾਇਅ ਜਾਂਦਾ ਹੈ ਜਿਸ ਦਾ ਸਮਾਂ ਸ਼ਾਮ 8.00 ਵਜੇ ਦਾ ਹੈ।
2. ਰਾਤ ਦੇ 1.00 ਵਜੇ ਔਸ਼ਧੀਆਂ ਭਰਭੂਰ ਖੀਰ ਵਰਤਾਈ ਜਾਂਦੀ ਹੈ।

ਸਮਾਂ - ਸ਼ਾਂਮ 6.00 ਵਜੇ ਤੋਂ ਰਾਤ 1.00 ਵਜੇ ਤੱਕ

ਗੁਰੂ ਅਰਜੁਨ ਪਰਤਖੵ ਹਰਿ

ਡਾ. ਜਗਜੀਤ ਸਿੰਘ

ਜੂਨ ਦਾ ਮਹੀਨਾ, ਵਿਸ਼ੇਸ਼ ਤੌਰ ਤੇ, ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਨੂੰ ਸਮਰਪਣ ਹੈ। ਪੰਚਮ ਪਾਤਸ਼ਾਹ ਦੀ ਸ਼ਹਾਦਤ ਨੇ ਸਿੱਖ ਲਹਿਰ ਨੂੰ ਇਕ ਨਵਾਂ ਮੋੜ ਦਿਤਾ। ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਦੇ ਭਲੇ ਲਈ ਨਿਰਮਲ ਪੰਥ ਚਲਾਇਆ। ਰੱਬ ਦੀ ਬੰਦਗੀ, ਨਾਮ-ਸਿਮਰਨ, ਸੇਵਾ, ਮਨੁੱਖੀ ਭਾਈਚਾਰੇ ਦੀ ਬਰਾਬਰੀ, ਨਿਆਂ, ਦਇਆ, ਪਰਉਪਕਾਰ, ਦਸਾਂ ਨਹੁੰਆਂ ਦੀ ਘਾਲ ਅਤੇ ਵੰਡ ਛਕਣਾ ਜਿਸ ਦੇ ਮੁੱਢਲੇ ਅਸੂਲ ਸਨ। ਨਿਰਭਉ ਨਿਰਵੈਰ ਪ੍ਰਮਾਤਮਾ ਦੀ ਬੰਦਗੀ ਵਿਚ ਜੋੜ ਕੇ ਨਿਰਭਉ ਨਿਰਵੈਰ ਸਮਾਜ ਦੀ ਸਥਾਪਨਾ ਕੀਤੀ ਜੋ ਹਰ ਤਰ੍ਹਾਂ ਦੇ ਰਸਮੀ, ਬੇਲੋੜੇ ਰੀਤੀ ਰਿਵਾਜਾਂ, ਭਰਮਾਂ, ਵਹਿਮਾਂ ਤੋਂ ਮੁਕਤ ਸੀ। ਧਰਮ ਦਾ ਪਾਖੰਡ ਜਾਲ ਤੋੜਿਆ, ਅਖੌਤੀ ਧਾਰਮਿਕ ਆਗੂਆਂ ਦੀ ਅਸਲੀਅਤ ਦੱਸ ਕੇ ਲੋਕਾਂ ਨੂੰ ਉਨ੍ਹਾਂ ਦੇ ਭੈ ਜਾਲ ਤੋਂ ਮੁਕਤ ਕੀਤਾ। ਉਨ੍ਹਾਂ ਦਾ ਫੁਰਮਾਨ ਹੈ -

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥ ਪੰਨਾ - 662

ਲੋਕਾਂ ਵਿਚ ਛੂਤ-ਛਾਤ, ਜਾਤ-ਪਾਤ, ਊਚ-ਨੀਚ, ਅਮੀਰੀ ਗਰੀਬੀ ਦੀਆਂ ਵੰਡਾਂ ਦੂਰ ਕਰਕੇ ਇਕ ਸੰਗਤ ਅਤੇ ਇਕ ਪੰਗਤ ਕਾਇਮ ਕਰਕੇ ਮਨੁੱਖੀ ਭਾਈਚਾਰੇ ਨੂੰ ਪਿਆਰ ਅਤੇ ਸੁਹਿਰਦਤਾ ਦੇ ਘੇਰੇ ਵਿਚ ਲਿਆਂਦਾ। ਰਾਜਸੀ ਖੇਤਰ ਵਿਚ ਜ਼ੁਲਮ ਕਰਨ ਵਾਲੇ ਰਾਜਿਆਂ ਨੂੰ ਸ਼ੀਂਹ (ਸ਼ੇਰ) ਅਤੇ ਅਹਿਲਕਾਰਾਂ (ਮੁਕੱਦਮ) ਨੂੰ ਕੁੱਤੇ ਕਹਿ ਕੇ ਉਨ੍ਹਾਂ ਦੇ ਨੀਵੇਂ ਕਿਰਦਾਰ ਨੂੰ ਲੋਕਾਂ ਸਾਮ੍ਹਣੇ ਲਿਆਂਦਾ। ਇਸ ਤਰ੍ਹਾਂ ਦੁਖੀ, ਨਿਮਾਣੀ, ਨਿਤਾਣੀ ਲੋਕਾਈ ਨੂੰ ਨਵਾਂ ਸਾਹਸ, ਨਵਾਂ ਬਲ, ਨਵਾਂ ਜੀਵਨ ਮਿਲਿਆ ਅਤੇ ਆਮ ਲੋਕ ਗੁਰੂ ਘਰ ਨਾਲ ਜੁੜਨੇ ਸ਼ੁਰੂ ਹੋ ਗਏ। ਇਹ ਸਿਲਸਿਲਾ ਗੁਰੂ ਅਰਜਨ ਦੇਵ, ਪੰਚਮ ਪਾਤਸ਼ਾਹ ਤਕ ਨਿਰਵਿਘਨ ਚਲਦਾ ਰਿਹਾ। ਕਰਤਾਰਪੁਰ ਸਾਹਿਬ, ਗੋਇੰਦਵਾਲ ਸਾਹਿਬ, ਰਾਮਦਾਸ ਚੱਕ (ਅੰਮ੍ਰਿਤਸਰ), ਤਰਨ ਤਾਰਨ ਸਾਹਿਬ, ਕਈ ਅਸਥਾਨ ਸਿੱਖੀ ਦਾ ਕੇਂਦਰ ਬਣਦੇ ਗਏ। ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਸਿੱਖੀ ਵਿਚਾਰਧਾਰਾ ਦਾ ਧੁਰਾ ਕਾਇਮ ਕਰ ਦਿਤਾ। ਸੱਚ ਦਾ ਇਹ ਆਲਮ ਤੰਗ ਨਜ਼ਰੀਏ ਵਾਲੇ ਹਾਕਮਾਂ ਨੂੰ ਚੰਗਾ ਨਾ ਲੱਗਿਆ ਅਤੇ ਇਹੋ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਨ ਬਣਿਆ।

ਸ਼ਹੀਦੀ ਦਾ ਇਹ ਮਹਾਨ ਸਾਕਾ 30 ਮਈ 1606 ਨੂੰ ਵਾਪਰਿਆ। ਰਾਵੀ ਦਰਿਆ ਦੇ ਨੇੜੇ ਲਾਹੌਰ ਦੇ ਕਿਲ੍ਹੇ ਵਿਚ ਆਪ ਜੀ ਨੂੰ ਕੁਝ ਦਿਨ ਨਜ਼ਰਬੰਦ ਰੱਖਣ ਉਪਰੰਤ ਕਈ ਤਰ੍ਹਾਂ ਦੇ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ। ਇਹ ਸਥਾਨ ਗੁਰਦਵਾਰਾ ਡੇਰਾ ਸਾਹਿਬ ਨਾਮ ਨਾਲ ਪ੍ਰਸਿੱਧ ਹੈ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਜ਼ਿੰਮੇਵਾਰ ਕੁਝ ਪਰੰਪਰਾਈ ਇਤਿਹਾਸਕਾਰਾਂ ਅਨੁਸਾਰ ਇਕ ਖੱਤਰੀ ਸਰਕਾਰੀ ਅਹਿਲਕਾਰ ਚੰਦੂ ਸੀ ਜਿਸ ਦੀ ਧੀ ਦਾ ਰਿਸ਼ਤਾ ਗੁਰੂ ਹਰਿ ਗੋਬਿੰਦ ਸਾਹਿਬ ਨਾਲ ਹੋਣਾ ਨੀਯਤ ਹੋਇਆ ਸੀ ਪਰ ਉਸ ਦੇ ਗੁਰੂ ਘਰ ਪ੍ਰਤੀ ਨਿਰਾਦਰੀ ਦੇ ਸ਼ਬਦ ਸੁਣ ਕੇ ਸਿੱਖ ਸੰਗਤ ਦੇ ਕਹਿਣ ਤੇ ਗੁਰੂ ਜੀ ਨੇ ਇਹ ਰਿਸ਼ਤਾ ਮੋੜ ਦਿਤਾ ਸੀ। ਬਦਲੇ ਦੀ ਭਾਵਨਾ ਵਜੋਂ ਉਸ ਨੇ ਛੜਯੰਤਰ ਰਚਿਆ, ਗੁਰੂ ਜੀ ਨੂੰ ਕੈਦ ਕਰਵਾਇਆ ਅਤੇ ਸ਼ਹੀਦ ਕਰਾ ਦਿਤਾ। ਸ਼ਹੀਦੀ ਦਾ ਇਹ ਕਾਰਨ ਕਿਸੇ ਤਰ੍ਹਾਂ ਵੀ ਮੰਨਣਯੋਗ ਨਹੀਂ ਲਗਦਾ। ਇਹ ਤਾਂ ਸੰਭਵ ਹੈ ਕਿ ਜਦੋਂ ਗੁਰੂ ਜੀ ਨੂੰ ਸ਼ਾਹੀ ਫੁਰਮਾਨ ਅਨੁਸਾਰ ਨਜ਼ਰਬੰਦ ਕੀਤਾ ਗਿਆ ਤਾਂ ਚੰਦੂ ਨੇ ਆਪਣੀ ਨਿਜੀ ਈਰਖਾ-ਵਸ ਗੁਰੂ ਜੀ ਨੂੰ ਤਸੀਹੇ ਦੇਣ ਵਿਚ ਦੋਖੀਆਂ ਦੀ ਸਹਾਇਤਾ ਕੀਤੀ ਹੋਵੇ ਪਰ ਸ਼ਹੀਦੀ ਦਾ ਅਸਲ ਕਾਰਨ ਬਾਦਸ਼ਾਹ ਜਹਾਂਗੀਰ ਖੁਦ ਸੀ ਅਤੇ ਉਸ ਦੇ ਸਲਾਹਕਾਰ ਸ਼ੇਖ ਅਹਿਮਦ ਸਰਹੰਦੀ ਮੁਜਾਦਿਦ-ਅਲਫ-ਸਾਨੀ ਆਦਿ ਸਨ। ਜਦ ਤੋਂ ਔਰੰਗਜ਼ੇਬ ਨੇ 1605 ਈ: ਵਿਚ ਦਿੱਲੀ ਦਾ ਤਖਤ ਸੰਭਾਲਿਆ, ਉਸ ਨੇ ਗੈਰ-ਮੁਸਲਮਾਨਾਂ ਪ੍ਰਤੀ ਸਖਤ ਨੀਤੀ ਅਪਨਾਈ। ਇਸ ਦਾ ਇਕ ਕਾਰਨ ਇਹ ਸੀ ਕਿ ਉਹ ਹਕੂਮਤ ਚਲਾਉਣ ਲਈ ਸ਼ਰਅਈ ਕੱਟੜਵਾਦੀਆਂ ਦੀ ਸਹਾਇਤਾ ਦਾ ਮੁਹਥਾਜ ਸੀ। ਵਿਸ਼ੇਸ਼ ਕਰਕੇ ਨਕਸ਼ਬੰਦੀ ਫਿਰਕੇ ਦਾ ਸ਼ੇਖ ਅਹਿਮਦ ਸਰਹੰਦੀ ਉਸ ਦਾ ਮੁੱਖ ਸਲਾਹਕਾਰ ਸੀ। ਜਹਾਂਗੀਰ ਦੀ ਇਸ ਕੱਟੜ ਨੀਤੀ ਦਾ ਸ਼ਿਕਾਰ ਸਭ ਤੋਂ ਪਹਿਲਾਂ ਗੁਰੂ-ਘਰ ਬਣਿਆ ਜਿਸ ਸਬੰਧੀ ਉਸ ਨੂੰ ਝੂਠੇ ਸੱਚੇ ਕਈ ਕਿੱਸੇ ਸੁਣਾਏ ਗਏ ਜਿਵੇਂ ਕਿ ਉਹ ਤੁਜ਼ਕੇ-ਜਹਾਂਗੀਰੀ ਵਿਚ ਲਿਖਦਾ ਹੈ ਕਿ ਬਹੁਤ ਸਾਰੇ ਭੋਲੇ ਹਿੰਦੂ ਅਤੇ ਕੁਝ ਮੂਰਖ ਮੁਸਲਮਾਨ ਵੀ ਉਸ (ਗੁਰੂ ਅਰਜਨ ਦੇਵ ਜੀ) ਦੇ ਸ਼ਿਸ਼ ਬਣੇ ਹੋਏ ਹਨ। ਉਹ ਲਿਖਦਾ ਹੈ ਕਿ ਬੜੇ ਸਮੇਂ ਤੋਂ ਇਹ ਖਿਆਲ ਮੇਰੇ ਅੰਦਰ ਚਲ ਰਿਹਾ ਸੀ ਕਿ ਗੁਰੂ ਨਾਨਕ ਦੇਵ ਤੋਂ ਚਲੀ ਆ ਰਹੀ ਇਹ ਝੂਠ ਦੀ ਦੁਕਾਨ ਜਾਂ ਤਾਂ ਬੰਦ ਕਰ ਦਿਤੀ ਜਾਵੇ ਜਾਂ ਫਿਰ ਇਸ (ਗੁਰੂ ਜੀ) ਨੂੰ ਇਸਲਾਮ ਦੇ ਘੇਰੇ ਵਿਚ ਲੈ ਆਂਦਾ ਜਾਵੇ।

ਜਹਾਂਗੀਰ ਦੇ ਤਖਤ ਤੇ ਬੈਠਣ ਤੋਂ ਥੋੜ੍ਹੇ ਸਮੇਂ ਪਿਛੋਂ ਹੀ ਉਸ ਦੇ ਲੜਕੇ ਖੁਸਰੋ ਨੇ ਬਗਾਵਤ ਕਰ ਦਿਤੀ ਅਤੇ ਲਾਹੌਰ ਜਾਂਦਿਆਂ ਉਹ ਕੁਝ ਸਮਾਂ ਗੋਇੰਦਵਾਲ ਸਾਹਿਬ ਰੁਕਿਆ ਅਤੇ ਗੁਰੂ ਮਹਾਰਾਜ ਦੇ ਦਰਸ਼ਨ ਕੀਤੇ ਅਤੇ ਮਹਿਮਾ ਪ੍ਰਕਾਸ਼ ਅਨੁਸਾਰ ਉਸ ਨੇ ਲੰਗਰ ਵਿਚੋਂ ਭੋਜਨ ਛਕਿਆ ਅਤੇ ਅਗਲੇ ਦਿਨ ਲਾਹੌਰ ਵਲ ਤੁਰ ਗਿਆ। ਜਦੋਂ ਵਿਦਰੋਹ ਖਤਮ

ਹੋ ਗਿਆ ਅਤੇ ਖੁਸਰੋ ਫੜ ਲਿਆ ਗਿਆ ਤਾਂ ਜਹਾਂਗੀਰ ਨੇ ਉਨ੍ਹਾਂ ਸਭ ਲੋਕਾਂ ਨੂੰ ਕਰੜੀਆਂ ਸਜ਼ਾਵਾਂ ਦਿਤੀਆਂ ਜਿਨ੍ਹਾਂ ਨੇ ਖੁਸਰੋ ਦੀ ਸਹਾਇਤਾ ਕੀਤੀ ਸੀ। ਸੰਕੀਰਣ ਦ੍ਰਿਸ਼ਟੀ ਵਾਲੇ ਕੱਟੜਵਾਦੀਆਂ ਲਈ ਇਹ ਉਚਿਤ ਮੌਕਾ ਸੀ। ਗੁਰੂ ਜੀ ਬਾਰੇ ਐਸੀ ਸ਼ਕਾਇਤ ਕੀਤੀ ਗਈ ਅਤੇ ਜਹਾਂਗੀਰ ਦੇ ਹੁਕਮ ਨਾਲ ਗੁਰੂ ਜੀ ਤੇ ਭਾਰੀ ਜੁਰਮਾਨਾ ਕੀਤਾ ਗਿਆ, ਜਿਸਨੂੰ ਉਚਿਤ ਨਾ ਸਮਝਦਿਆਂ ਗੁਰੂ ਜੀ ਨੇ ਦੇਣ ਤੋਂ ਇਨਕਾਰ ਕਰ ਦਿਤਾ। ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਕਿਲੇ ਵਿਚ ਬੰਦ ਕਰ ਦਿਤਾ ਗਿਆ ਅਤੇ 'ਯਾਸਾ' ਕਾਨੂੰਨ ਅਨੁਸਾਰ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ। ਉਨ੍ਹਾਂ ਨੂੰ ਦੁਖ ਦੇਣ ਲਈ ਤੱਤੀ ਤਵੀ ਤੇ ਬੈਠਣ ਦੇ ਆਦੇਸ਼ ਦਿਤੇ ਗਏ, ਗਰਮ ਸੜਦਾ ਰੇਤਾ ਸੀਸ ਤੇ ਪਾਇਆ ਗਿਆ ਅਤੇ ਗਰਮ ਉਬਲਦੇ ਪਾਣੀ ਵਿਚ ਬਿਠਾਇਆ ਗਿਆ। ਗੁਰੂ ਜੀ ਦਾ ਮਿੱਤਰ ਹਜ਼ਰਤ ਮੀਆਂ ਮੀਰ ਉਨ੍ਹਾਂ ਨੂੰ ਮਿਲਣ ਆਇਆ ਅਤੇ ਇਹ ਸਭ ਵੇਖ ਕੇ ਬਹੁਤ ਦੁਖੀ ਹੋਇਆ। ਉਸ ਨੇ ਕੁਝ ਕਰਨ ਦੀ ਆਗਿਆ ਮੰਗੀ ਪਰ ਗੁਰੂ ਜੀ ਨੇ ਭਾਣੇ ਵਿਚ ਰਹਿਣ ਦਾ ਆਦੇਸ਼ ਦਿਤਾ।

ਗੁਰੂ ਜੀ ਨੂੰ ਸਾਰੇ ਸਾਕੇ ਦਾ ਪਹਿਲਾਂ ਤੋਂ ਗਿਆਨ ਸੀ। ਉਨ੍ਹਾਂ ਨੇ ਸਿੱਖ ਲਹਿਰ ਨੂੰ ਇਕ ਨਵਾਂ ਮੋੜ ਦੇਣਾ ਸੀ ਜਿਸ ਲਈ ਭਾਣੇ ਵਿਚ ਰਹਿਣ ਅਤੇ ਜ਼ੁਲਮ ਅਤੇ ਬੇ-ਇਨਸਾਫੀ ਵਿਰੁੱਧ ਡੱਟ ਜਾਣ ਦੀ ਮਿਸਾਲ ਕਾਇਮ ਕਰਨੀ ਜ਼ਰੂਰੀ ਸੀ। ਜਦੋਂ ਅੰਦਰ ਨਾਮ ਦੀ ਪ੍ਰਮਾਤਮਾ-ਸ਼ਕਤੀ ਹੋਵੇ, ਤਾਂ ਸਰੀਰਕ ਦੁੱਖ ਮਨੁੱਖ ਦਾ ਕੁਝ ਨਹੀਂ ਵਿਗਾੜ ਸਕਦੇ। ਸੱਚ ਲਈ ਸ਼ਹੀਦ ਹੋਣ ਦਾ ਸਬਕ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਰਾਹੀਂ ਦਿਤਾ। ਐਸਾ ਉਨ੍ਹਾਂ ਦੇ ਅਨੁਭਵ ਵਿਚ ਸੀ। ਏਸੇ ਲਈ ਹਰਿਗੋਬਿੰਦ ਜੀ ਨੂੰ ਬਚਪਨ ਤੋਂ ਹੀ ਸ਼ਸ਼ਤਰ ਵਿਦਿਆ ਘੋੜ ਸਵਾਰੀ, ਨੇਜ਼ੇਬਾਜ਼ੀ ਵਿਚ ਨਿਪੁੰਨ ਕੀਤਾ ਸੀ ਅਤੇ ਉਨ੍ਹਾਂ ਨੇ ਗੁਰੂ ਜੀ ਦੇ ਆਦਰਸ਼ ਦੀ ਪੂਰਤੀ ਹਿਤ ਹੀ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ ਸਨ, ਅਕਾਲ ਤਖਤ ਦੀ ਰਚਨਾ ਕੀਤੀ ਅਤੇ ਸਿੱਖ ਸੰਗਤ ਨੂੰ ਸ਼ਸ਼ਤਰਧਾਰੀ ਹੋਣ ਦੇ ਆਦੇਸ਼ ਦਿਤੇ। ਇਸ ਤਰ੍ਹਾਂ ਸਿੱਖ ਕੌਮ ਜ਼ਬਰ ਜ਼ੁਲਮ ਦਾ ਮੁਕਾਬਲਾ ਕਰਨ ਲਈ ਤਿਆਰ ਹੋਣ ਲੱਗੀ। ਏਸ ਆਦਰਸ਼ ਦੀ ਪੂਰਤੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਰਾਹੀਂ ਪੂਰੀ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦਾ ਸੰਤ-ਸਿਪਾਹੀ ਦਾ ਸਰੂਪ ਮੀਰੀ ਪੀਰੀ ਦੇ ਸਿਧਾਂਤ ਨੂੰ ਹੀ ਅਮਲ ਵਿਚ ਲਿਆਂਦਾ ਹੈ।

ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਪਿਤਾ ਗੁਰੂ ਰਾਮਦਾਸ ਜੀ ਅਤੇ ਮਾਤਾ ਬੀਬੀ ਭਾਨੀ ਜੀ ਦੇ ਗ੍ਰਹਿ ਵਿਖੇ 15 ਅਪ੍ਰੈਲ 1563 ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ। ਬੀਬੀ ਭਾਨੀ ਜੀ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਸਨ। ਗੁਰੂ ਅਰਜਨ ਦੇਵ ਜੀ ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਬਚਪਨ ਤੋਂ ਹੀ ਉਚੀ ਬਿਰਤੀ ਦੇ ਮਾਲਕ ਹੋਣ ਅਤੇ ਧਾਰਮਿਕ ਕਾਰਜਾਂ ਵਿਚ ਪ੍ਰਵਿਰਤੀ ਰੱਖਣ ਕਾਰਨ ਆਪ ਜੀ ਨੂੰ ਪਿਤਾ-ਗੁਰੂ ਦਾ ਵਿਸ਼ੇਸ਼ ਪਿਆਰ ਪ੍ਰਾਪਤ ਸੀ। ਇਸ ਨਾਲ ਵੱਡੇ ਭਰਾਤਾ ਪ੍ਰਿਥੀ ਚੰਦ ਨੂੰ ਆਪ ਨਾਲ ਈਰਖਾ ਹੋਣ ਲਗ ਪਈ, ਉਸ ਨੂੰ ਡਰ ਸੀ ਕਿ ਗੁਰੂ-ਪਿਤਾ ਦੀਆਂ ਮਿਹਰਬਾਨੀਆਂ ਦਾ ਪਾਤਰ ਹੋਣ ਕਾਰਨ ਛੋਟਾ ਭਰਾ ਗੁਰਗੱਦੀ ਦਾ ਵਾਰਸ ਹੀ ਨਾ ਬਣ ਜਾਵੇ। ਵੱਡਾ ਪੁੱਤਰ ਹੋਣ ਦੀ ਹੈਸੀਅਤ ਵਿਚ ਉਹ ਇਸ ਨੂੰ ਆਪਣਾ ਹੱਕ ਸਮਝਦਾ ਸੀ ਪਰ ਗੁਰੂ ਘਰ ਵਿਚ ਗੁਰੂ ਦੀ ਚੋਣ ਸੱਚ ਦੀ ਕਸਵੱਟੀ ਤੇ ਪਰਖ ਕੇ ਕੀਤੀ ਜਾਂਦੀ ਰਹੀ ਹੈ।

ਆਪ ਜੀ ਦੀ ਯੋਗਤਾ ਨੂੰ ਧਿਆਨ ਵਿਚ ਰਖਦਿਆਂ ਪਹਿਲੀ ਸਤੰਬਰ 1581 ਈ. ਨੂੰ ਆਪ ਜੀ ਨੂੰ ਪੰਜਵੇਂ ਗੁਰੂ ਸਥਾਪਤ ਕੀਤਾ ਗਿਆ। ਆਪ ਜੀ ਨੇ ਗੁਰੂ ਨਾਨਕ ਸਾਹਿਬ ਵਲੋਂ ਸੰਚਾਲਨ ਕੀਤੇ ਨਿਰਮਲ ਪੰਥ ਨੂੰ ਹਰ ਪੱਖੋਂ ਮਜ਼ਬੂਤ ਅਤੇ ਸ੍ਵੈ-ਨਿਰਭਰ ਬਣਾਇਆ। ਇਕ ਪਾਸੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੰਪੂਰਨਤਾ ਕਰਕੇ ਸਿੱਖ ਸੰਗਤ ਨੂੰ ਇਕ ਨਵਾਂ ਧਰਮ ਕੇਂਦਰ ਬਖਸ਼ਿਆ, ਦੂਜੇ ਬੰਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਗੁਰੂ-ਵਿਰਸੇ ਦੀ ਨਾ ਕੇਵਲ ਸੰਭਾਲ ਕੀਤੀ ਸਗੋਂ ਸਿੱਖ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਦਾ ਵਸੀਲਾ ਪ੍ਰਦਾਨ ਕੀਤਾ। ਨਾਲ ਹੀ ਆਪ ਜੀ ਨੇ ਸ਼ਬਦ ਕੀਰਤਨ ਦੀ ਇਲਾਹੀ ਦਾਤ ਸਿੱਖ ਸੰਗਤਾਂ ਨੂੰ ਬਖਸ਼ੀ ਅਤੇ ਉਨ੍ਹਾਂ ਨੂੰ ਆਪ ਕੀਰਤਨ ਕਰਨ ਦਾ ਉਤਸ਼ਾਹ ਦਿਤਾ। ਅੰਮ੍ਰਿਤਸਰ ਸ਼ਹਿਰ ਨੂੰ ਹਰ ਪੱਖੋਂ ਉਜਾਗਰ ਕਰਨ ਲਈ ਵਪਾਰੀਆਂ, ਕਿਸਾਨਾਂ ਅਤੇ ਮਿਹਨਤੀ ਕਾਰੀਗਰਾਂ ਨੂੰ ਕੰਮ, ਰੋਜ਼ਗਾਰ ਵਿਚ ਹੌਂਸਲਾ ਦਿਤਾ ਅਤੇ ਮਾਲੀ ਇਮਦਾਦ ਵੀ ਕੀਤੀ। ਧਰਮ ਕਾਰਜਾਂ ਦੀ ਸਹੂਲਤ ਹਿਤ ਆਪ ਜੀ ਨੇ ਦਸਵੰਧ ਦੀ ਪ੍ਰਥਾ ਸ਼ੁਰੂ ਕੀਤੀ ਜਿਸ ਨਾਲ ਸਿੱਖ ਸੰਗਠਨ ਆਰਥਿਕ ਪੱਖੋਂ ਵੀ ਮਜ਼ਬੂਤ ਹੋਇਆ। ਮਨੁੱਖ ਜਾਤੀ ਦੇ ਭਲੇ ਲਈ ਕਈ ਕਾਰਜ ਆਰੰਭੇ। ਤਰਨ ਤਾਰਨ ਸਾਹਿਬ ਵਿਖੇ ਭਿਆਨਕ ਰੋਗੀਆਂ ਅਤੇ ਕੋਹੜੀਆਂ ਦੇ ਇਲਾਜ ਦਾ ਵਿਸ਼ੇਸ਼ ਪ੍ਰਬੰਧ ਕੀਤਾ। ਛੇਹਰਟਾ ਸਾਹਿਬ ਅਤੇ ਹੋਰ ਅਸਥਾਨਾਂ ਤੇ ਖੂਹ ਲਵਾ ਕੇ ਪਾਣੀ ਦੀ ਕਿਲਤ ਨੂੰ ਦੂਰ ਕੀਤਾ।

ਆਪ ਜੀ ਦੀ ਸਭ ਤੋਂ ਸ੍ਰੇਸ਼ਠ ਦੇਣ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੈ ਜੋ ਸਿੱਖ ਸੰਗਤਾਂ ਦੀ ਭਗਤੀ ਭਾਵਨਾ ਦਾ ਕੇਂਦਰ ਸਿੱਧ ਹੋਇਆ। 6000 ਸ਼ਬਦਾਂ ਦੇ ਇਸ ਸੰਗ੍ਰਹਿ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਤੋਂ ਛੁਟ, ਪੰਦਰਾਂ ਵੱਖ-ਵੱਖ ਮੱਤ ਮਤਾਂਤਰਾਂ ਦੇ ਭਗਤਾਂ ਅਤੇ ਮੁਸਲਿਮ ਸੂਫੀ ਫਕੀਰ ਬਾਬਾ ਫਰੀਦ ਦੀ ਬਾਣੀ ਸ਼ਾਮਲ ਕੀਤੀ ਗਈ। (ਬਾਅਦ ਵਿਚ ਨੌਂਵੇਂ ਪਾਤਸ਼ਾਹ ਦੀ ਬਾਣੀ ਵੀ ਸੰਮਿਲਤ ਕੀਤੀ ਗਈ) ਇਹ ਸਰਬ ਸਾਂਝੀਵਾਲਤਾ ਅਤੇ ਮਨੁੱਖੀ ਭਾਈਚਾਰੇ ਦੀ ਏਕਤਾ ਦਾ ਪ੍ਰਤੀਕ ਸੀ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਮੱਧਕਾਲੀਨ ਭਾਰਤੀ ਧਾਰਮਿਕ ਸਾਹਿਤ ਦੇ ਪ੍ਰਮੁੱਖ ਗਿਆਤਾ ਸਨ ਅਤੇ ਵੱਖ-ਵੱਖ ਸੰਸਕ੍ਰਿਤੀਆਂ, ਲੋਕ

ਧਾਰਾਵਾਂ, ਪਰੰਪਰਾਵਾਂ ਅਤੇ ਵੱਖ-ਵੱਖ ਭਾਸ਼ਾਵਾਂ ਦਾ ਵੀ ਪੂਰਾ ਗਿਆਨ ਰਖਦੇ ਸਨ। 16 ਅਗਸਤ 1604 ਨੂੰ ਬੜੀ ਸ਼ਾਨ ਸ਼ੌਕਤ ਨਾਲ ਗੁਰਦਵਾਰਾ ਰਾਮਸਰ ਤੋਂ ਦਰਬਾਰ ਸਾਹਿਬ ਵਿਖੇ ਸਜੀ ਹੋਈ ਪਾਲਕੀ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਿਜਾਇਆ ਗਿਆ ਅਤੇ ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਹੋਇਆ। ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਗਿਆ ਅਤੇ ਗੁਰੂ ਮਹਾਰਾਜ ਆਪ ਚੌਰ ਕਰਦੇ ਰਹੇ। ਪ੍ਰਕਾਸ਼ ਕਰਨ ਤੇ ਪਹਿਲਾ ਹੁਕਮਨਾਮਾ ਇਹ ਬਖਸ਼ਿਸ਼ ਹੋਇਆ –

ਸੂਹੀ ਮਹਲਾ ੫
ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ
ਵਿਚਿ ਅੰਮ੍ਰਿਤ ਜਲੁ ਛਾਇਆ ਰਾਮ।।
ਅੰਮ੍ਰਿਤ ਜਲੁ ਛਾਇਆ
ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥
ਜੈ ਜੈ ਕਾਰੁ ਭਇਆ ਜਗ ਅੰਤਰਿ
ਲਾਥੇ ਸਗਲ ਵਿਸੂਰੇ॥
ਪੂਰਨ ਪੁਰਖ ਅਚੁਤ ਅਬਿਨਾਸੀ
ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਿਰਦੁ ਰਖਿਆ ਪਰਮੇਸਰਿ
ਨਾਨਕ ਨਾਮੁ ਧਿਆਇਆ॥

ਪੰਨਾ - 783

ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂਆਂ, ਹਿੰਦੂ ਭਗਤਾਂ ਅਤੇ ਮੁਸਲਮਾਨ ਫਕੀਰਾਂ ਦੀ ਬਾਣੀ ਸੰਮਿਲਤ ਹੋਣੀ ਪਰੰਪਰਾਈ ਲੋਕਾਂ ਲਈ ਇਕ ਅਜੀਬ ਘਟਨਾ ਸੀ। ਇਥੋਂ ਤਕ ਮੁਗਲ ਸੁਲਤਾਨ ਅਕਬਰ ਪਾਸ ਸ਼ਿਕਾਇਤ ਕੀਤੀ ਗਈ ਕਿ ਇਸ ਗ੍ਰੰਥ ਵਿਚ ਦੂਜੇ ਧਰਮਾਂ ਦੀ ਤੌਹੀਨ ਕੀਤੀ ਗਈ ਹੈ। ਬਾਦਸ਼ਾਹ ਉਸ ਸਮੇਂ ਬਟਾਲੇ ਵਿਖੇ ਠਹਿਰਿਆ ਹੋਇਆ ਸੀ ਅਤੇ ਉਸ ਨੇ ਗੁਰੂ ਜੀ ਪਾਸੋਂ ਇਸ ਬਾਰੇ ਪੁੱਛ ਭੇਜੀ। ਗੁਰੂ ਮਹਾਰਾਜ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਰਾਹੀਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਰਸ਼ਨਾਂ ਹਿਤ ਭੇਜੀ। ਬੀੜ ਖੋਲ੍ਹੀ ਗਈ ਅਤੇ ਬਾਦਸ਼ਾਹ ਅਕਬਰ ਦੇ ਇਸ਼ਾਰੇ ਤੇ ਵੱਖ-ਵੱਖ ਪੰਨਿਆਂ ਤੋਂ ਸ਼ਬਦ ਪੜ੍ਹੇ ਗਏ। ਹਰ ਸ਼ਬਦ ਵਿਚ ਪ੍ਰਮਾਤਮਾ ਦੀ ਸਿਫਤ ਸਾਲਾਹ ਦਾ ਹੀ ਪ੍ਰਸੰਗ ਸੁਣ ਕੇ ਅਕਬਰ ਬਹੁਤ ਖੁਸ਼ ਹੋਇਆ ਤੇ ਉਸ ਨੇ 51 ਮੋਹਰਾਂ ਮੱਥਾ ਟੇਕਿਆ। ਉਸ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਖਿਲਤਾਂ ਦਿਤੀਆਂ ਅਤੇ ਗੁਰੂ ਜੀ ਲਈ ਆਦਰ ਵਜੋਂ ਖਿਲਤ ਭੇਜੀ। ਇਸ ਤੋਂ ਪਹਿਲਾਂ ਨਵੰਬਰ 1598 ਵਿਚ ਅਕਬਰ ਗੋਇੰਦਵਾਲ ਸਾਹਿਬ ਵਿਖੇ ਗੁਰੂ ਜੀ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਤੋਂ ਆਤਮਕ ਸੇਧ ਪ੍ਰਾਪਤ ਕਰਨ ਆਇਆ ਸੀ। ਜਦ ਅਕਬਰ ਨੇ ਗੁਰੂ ਜੀ ਦੀ ਸੇਵਾ ਦਾ ਖਿਆਲ ਪ੍ਰਗਟ ਕੀਤਾ ਤਾਂ ਆਪ ਨੇ ਪੰਜਾਬ ਦਾ ਮਾਲੀਆ ਮਾਫ ਕਰਨ ਲਈ ਕਿਹਾ ਜੋ 10-12 ਫੀ ਸਦੀ ਮਾਫ ਕਰ ਦਿਤਾ ਗਿਆ।

ਗੁਰੂ ਜੀ ਆਪ ਹਰ ਸਮੇਂ ਰੱਬੀ ਮਿਹਰ ਅਤੇ ਰੱਬੀ ਪਿਆਰ ਵਿਚ ਮਖਮੂਰ ਰਹਿੰਦੇ ਸਨ। ਇਹ ਗੱਲ ਉਨ੍ਹਾਂ ਦੀ ਬਾਣੀ ਤੋਂ ਭਲੀਭਾਂਤ ਪ੍ਰਗਟ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਲੱਗਭੱਗ ਤੀਜਾ ਭਾਗ, 2000 ਸ਼ਬਦ ਆਪ ਜੀ ਦੀ ਰਚਨਾ ਹਨ ਜਿਨ੍ਹਾਂ ਵਿਚ ਪ੍ਰਭੂ ਪਿਆਰ ਦੀਆਂ ਤਰੰਗਾਂ, ਪ੍ਰਭੂ ਮਿਲਾਪ ਦੇ ਅਨੂਠੇ ਅਨੁਭਵ, ਪ੍ਰਭੂ ਦਰਸ਼ਨ ਦੀ ਵਿਆਕੁਲਤਾ, ਗੁਰੂ ਅਤੇ ਸਿੱਖ ਦਾ ਪਰਸਪਰ ਪਿਆਰ ਛਲਕਾਂ ਮਾਰਦਾ ਹੈ। ਇਹ ਬਾਣੀ ਸਰਬ ਮਨੁੱਖਤਾ ਨੂੰ ਪ੍ਰਭੂ ਪਿਆਰ ਨਾਲ ਜੋੜਦੀ ਹੈ ਅਤੇ ਸਨੇਹ ਭਰੇ ਨਵੇਂ ਮਨੁੱਖੀ ਭਾਈਚਾਰੇ ਦਾ ਸੰਕਲਪ ਪੇਸ਼ ਕਰਦੀ ਹੈ ਜਿਸ ਵਿਚ ਕੋਈ ਉਚ ਨੀਚ, ਜਾਤ ਪਾਤ, ਅਮੀਰੀ ਗਰੀਬੀ, ਰੰਗ ਰੂਪ ਦਾ ਭੇਦ ਨਹੀਂ ਜੋ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ' ਦੀ ਭਾਵਨਾ ਦ੍ਰਿੜ੍ਹ ਕਰਵਾਉਂਦੀ ਹੈ। ਆਪ ਜੀ ਦੀ ਸੁ-ਪ੍ਰਸਿੱਧ ਰਚਨਾ ਸੁਖਮਨੀ ਸਾਹਿਬ ਨੂੰ ਸੰਸਾਰ ਦੀਆਂ ਅਨੇਕਾਂ ਬੋਲੀਆਂ ਵਿਚ ਤਰਜਮਾਇਆ ਗਿਆ ਹੈ ਅਤੇ ਇਸ ਨੂੰ ਸੰਸਾਰ ਦੀ ਸਰਵੋਤਮ ਸ੍ਰੇਸ਼ਠ ਬਾਣੀ ਮੰਨਿਆ ਗਿਆ ਹੈ।

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੇ ਸਰਬ ਮਨੁੱਖਤਾ ਹਿਤ ਪਿਆਰ ਅਤੇ ਸੇਵਾ ਕਾਰਨ ਸਿੱਖ ਲਹਿਰ ਗੁਰੂ ਮਹਾਰਾਜ ਦੇ ਸਮੇਂ ਵਿਚ ਬਹੁਤ ਪ੍ਰਫੁੱਲਤ ਹੋਈ। ਫਾਰਸੀ ਰਚਨਾ ਦਬਸਤਾਨੇ-ਮਜ਼ਾਹਬ ਵਿਚ ਲਿਖਿਆ ਹੈ ਕਿ ਹਰ ਗੁਰੂ ਵਿਅਕਤੀ ਪੰਗਤ ਸੰਗਤ ਅਤੇ ਬਾਣੀ ਰਾਹੀਂ ਸਿੱਖੀ ਵਿਚ ਵਾਧਾ ਕਰਦੇ ਰਹੇ ਪਰ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਕੋਈ ਐਸਾ ਸ਼ਹਿਰ ਨਹੀਂ ਸੀ ਜਿਥੇ ਸਿੱਖ ਸੰਗਤ ਨਾ ਹੋਵੇ। ਬਾਅਦ ਵਿਚ ਆਪ ਜੀ ਦੀ ਹਰਮਨ ਪਿਆਰਤਾ ਹੀ ਆਪ ਜੀ ਦੀ ਸ਼ਹੀਦੀ ਦਾ ਕਾਰਨ ਬਣੀ। ਜਦੋਂ ਰਾਜ ਦੀ ਵਾਗ ਡੋਰ ਝੂਠੇ ਵਿਅਕਤੀਆਂ ਪਾਸ ਆ ਜਾਂਦੀ ਹੈ ਤਾਂ ਉਹ ਸੱਚ ਦੇ ਚਾਨਣ ਨੂੰ ਬਰਦਾਸ਼ਤ ਨਹੀਂ ਕਰ ਸਕਦੇ, ਉਨ੍ਹਾਂ ਦਾ ਝੂਠ ਦਾ ਅਨ੍ਹੇਰਾ ਸੱਚ ਦੀ ਰੌਸ਼ਨੀ ਵਿਚ ਪਸਰ ਨਹੀਂ ਸਕਦਾ। ਇਸ ਲਈ ਉਹ 'ਸੱਚ ਦੇ ਮਾਰਗ' ਨੂੰ ਝੂਠ ਦੀ ਦੁਕਾਨ ਗਰਦਾਨ ਕੇ ਹਮੇਸ਼ਾ ਲਈ ਖਤਮ ਕਰਨ ਦਾ ਫੈਸਲਾ ਲੈ ਲੈਂਦੇ ਹਨ।

ਜਿੰਨੀ ਮਹਾਨ ਅਤੇ ਸੱਚੀ ਸੁੱਚੀ ਕਿਸੇ ਦੀ ਸਖਸ਼ੀਅਤ ਹੁੰਦੀ ਹੈ, ਓਨਾਂ ਵਧੇਰੇ ਹੀ ਉਸ ਸਖਸ਼ੀਅਤ ਦੀ ਕੁਰਬਾਨੀ ਦਾ ਲੋਕ ਮਨਾਂ ਤੇ ਪ੍ਰਤੀਕਰਮ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਆਪ ਪ੍ਰਮਾਤਮ ਸਰੂਪ ਸਨ, ਆਪ ਜੀ ਸੇਵਾ, ਸਿਮਰਨ, ਸਹਿਨਸ਼ੀਲਤਾ ਅਤੇ ਰੱਬੀ ਭਾਣੇ ਦੀ ਮੂਰਤ ਸਨ, ਆਪ ਜੀ ਨੇ ਸਰਬ ਮਨੁੱਖਤਾ ਨੂੰ ਸੱਚਾ ਜੀਵਨ ਜੀਉਣ ਦਾ ਮਾਰਗ ਦੱਸਿਆ ਅਤੇ ਆਪਣੀ ਸ਼ਹੀਦੀ ਰਾਹੀਂ ਸੱਚ ਲਈ ਸ਼ਹੀਦ ਹੋਣ ਦੇ ਪੂਰਨੇ ਪਾਏ। ਭਾਈ ਗੁਰਦਾਸ ਜੀ ਆਪ ਜੀ ਦੀ ਸਖਸ਼ੀਅਤ ਨੂੰ ਨਿਮਨ ਪਉੜੀ ਵਿਚ ਬਿਆਨ ਕਰਦੇ ਹਨ –

ਰਹਿਦੇ ਗੁਰੁ ਦਰੀਆਉ ਵਿਚਿ

ਮੀਨ ਕੁਲੀਨ ਹੇਤੁ ਨਿਰਬਾਣੀ।
ਦਰਸਨੁ ਦੇਖਿ ਪਤੰਗ ਜਿਉ
ਜੋਤੀ ਅੰਦਰਿ ਜੋਤਿ ਸਮਾਣੀ।
ਸਬਦੁ ਸੁਰਤਿ ਲਿਵ ਮਿਰਗ ਜਿਉ
ਭੀੜ ਪਈ ਚਿਤਿ ਅਵਰੁ ਨ ਆਣੀ।
ਚਰਣ ਕਵਲ ਮਿਲਿ ਭਵਰ ਜਿਉ
ਸੁਖ ਸੰਪਟ ਵਿਚਿ ਰੈਣਿ ਵਿਹਾਣੀ।
ਗੁਰ ਉਪਦੇਸ ਨ ਵਿਸਰੈ
ਬਾਬੀਹੇ ਜਿਉ ਆਖ ਵਖਾਣੀ।
ਗੁਰਮੁਖਿ ਸੁਖ ਫਲੁ ਪਿਰਮ ਰਸੁ
ਸਹਜ ਸਮਾਧਿ ਸਾਧ ਸੰਗਿ ਜਾਣੀ।
ਗੁਰ ਅਰਜਨ ਵਿਟਹੁ ਕੁਰਬਾਣੀ।
ਭਾਈ ਗੁਰਦਾਸ ਜੀ, ਵਾਰ 24/23

ਭੱਟਾਂ ਨੇ ਗੁਰੂ ਮਹਾਰਾਜ ਦੀ ਸਖਸ਼ੀਅਤ ਨੂੰ ਬਖੂਬੀ ਪਛਾਣਿਆ ਅਤੇ ਆਪਣੇ ਅਨੁਭਵ ਸਵੱਈਏ ਮਹਲਾ ਪੰਜਵਾਂ ਵਿਚ ਲਿਖੇ ਜਿਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਪ੍ਰਵਾਨ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦਿਤਾ। ਭੱਟ ਕਲ੍ਹ ਅਨੁਸਾਰ ਗੁਰੂ ਜੀ ਨੇ ਜਨਮ ਤੋਂ ਹੀ ਗੁਰੂ ਦੀ ਮਤਿ ਦੁਆਰਾ ਬ੍ਰਹਮ ਨੂੰ ਪਛਾਣ ਲਿਆ ਸੀ, 'ਜਨ ਮਤ ਗੁਰਮਤਿ ਬ੍ਰਹਮੁ ਪਛਾਣਿਓ'। ਆਪ ਬਚਪਨ ਤੋਂ ਹੀ ਪੂਰੇ ਖਿੜਾਉ ਵਿਚ ਰਹਿੰਦੇ, ਹਿਰਦੇ ਵਿਚ ਸਦਾ ਸ਼ਬਦ ਵਸਦਾ, ਮਾਣਕ-ਰੂਪ ਮਨ ਵਿਚ ਸੰਤੋਖ ਟਿਕਿਆ ਰਹਿੰਦਾ ਕਿਉਂਕਿ ਪਿਤਾ ਗੁਰੂ ਰਾਮਦਾਸ ਨੇ ਜਨਮ ਤੋਂ ਆਪ ਨੂੰ ਨਾਮ ਦ੍ਰਿੜ੍ਹ ਕਰਵਾ ਦਿਤਾ ਸੀ, ਪਾਰਬ੍ਰਹਮ ਪ੍ਰਮੇਸ਼ਰ ਦੇ ਦਰਸ਼ਨ ਕਰਵਾ ਦਿਤੇ ਸੀ-

ਬਡਭਾਗੀ ਉਨਮਾਨਿਆਉ ਰਿਦਿ ਸਬਦੁ ਬਸਾਯਉ॥
ਮਨੁ ਮਾਣਕੁ ਸੰਤੋਖਿਅਉ ਗੁਰਿ ਨਾਮੁ ਦ੍ਰਿੜਾਯਉ॥
ਅਗਮੁ ਅਗੋਚਰੁ ਪਾਰਬ੍ਰਹਮੁ ਸਤਿਗੁਰਿ ਦਰਸਾਯਉ॥
ਪੰਨਾ - 1407

ਸੰਤੋਖ ਵਿਚ ਵਿਚਰਦੇ, ਨਿਰਮਲ ਬੁੱਧੀ ਵਾਲੇ ਗੁਰੂ ਅਰਜਨ ਦੇਵ ਜੀ ਜੂਨਾਂ ਤੋਂ ਰਹਿਤ, ਸੁਤੇ-ਪ੍ਰਕਾਸ਼ ਹਰੀ ਦਾ ਰੂਪ ਹਨ -

ਖੇਲੁ ਗੂੜਉ ਕੀਅਉ ਹਰਿ
ਰਾਇ ਸੰਤੋਖਿ ਸਮਾਚਰਿਓ
ਬਿਮਲ ਬੁਧਿ ਸਤਿਗੁਰਿ ਸਮਾਣਉ॥
ਆਜੋਨੀ ਸੰਭਵਿਅਉ ਸੁਜਸੁ
ਕਲ ਕਵੀਅਣਿ ਬਖਾਣਿਅਉ॥

ਪੰਨਾ - 1407

ਗੁਰੂ ਅਰਜਨ ਸਾਹਿਬ ਸਦਜੀਵੀ ਹਨ, ਆਪ ਦਾ ਮੁੱਲ ਨਹੀਂ ਪੈ ਸਕਦਾ, ਆਪ ਜੂਨਾਂ ਤੋਂ ਰਹਿਤ, ਸੁਤੇ ਪ੍ਰਕਾਸ਼ ਹਰੀ ਦਾ ਰੂਪ ਹਨ, ਭੈ ਦੂਰ ਕਰਨ ਵਾਲੇ, ਪਰਾਏ ਦੁਖ ਨਿਵਾਰਨ ਵਾਲੇ, ਗਿਆਨ ਸਰੂਪ ਬੇਅੰਤ ਗੁਣਾਂ ਦੇ ਮਾਲਕ ਹਨ -

ਸਦ ਜੀਵਣ ਅਰਜੁਨੁ
ਅਮੋਲੁ ਆਜੋਨੀ ਸੰਭਉ।।
ਭਯ ਭੰਜਨੁ ਪਰ ਦੁਖ ਨਿਵਾਰੁ
ਅਪਾਰੁ ਅਨੰਭਉ।। *ਪੰਨਾ - 1407*

ਮਥਰਾ ਭੱਟ ਆਪ ਜੀ ਦੀ ਸ਼ਖਸ਼ੀਅਤ ਦੇ ਗੁਣ ਵਰਣਨ ਕਰਦਾ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਨੇ ਸਤਿ ਸੰਤੋਖ ਹਿਰਦੇ ਵਿਚ ਧਾਰਨ ਕੀਤਾ ਅਤੇ ਹਿਰਦੇ ਵਿਚ ਹਰੀ ਨੂੰ ਟਿਕਾਇਆ ਹੋਇਆ ਹੈ। ਇਹ ਬਖਸ਼ਿਸ਼ਾਂ ਆਪ ਨੂੰ ਧੁਰ ਤੋਂ ਹੀ ਪ੍ਰਾਪਤ ਹਨ। ਆਪ ਦੇ ਅੰਦਰ ਹਰੀ ਦੀ ਜੋਤਿ ਜਗਮਗ ਜਗਮਗ ਕਰ ਰਹੀ ਹੈ, ਆਪ ਦਾ ਤੇਜ ਪ੍ਰਤਾਪ ਧਰਤੀ ਤੇ ਛਾਇਆ ਹੋਇਆ ਹੈ।

ਪਾਰਸ ਗੁਰੂ ਦੀ ਛੋਹ ਪ੍ਰਾਪਤ ਕਰਕੇ ਆਪ ਗੁਰੂ ਰੂਪ ਹੋ ਗਏ। ਗੁਰ ਅਰਜਨ ਕਲਜੁਗ ਦੇ ਜਹਾਜ਼ ਹਨ। ਹੇ ਦੁਨੀਆਂ ਦੇ ਲੋਕੋ! ਉਨ੍ਹਾਂ ਦੀ ਚਰਨੀ ਲਗ ਕੇ ਸੰਸਾਰ ਸਾਗਰ ਤੋਂ ਸਹੀ ਸਲਾਮਤ ਪਾਰ ਲੰਘ ਜਾਵੋ।

ਸਤਿ ਰੂਪੁ ਸਤਿ ਨਾਮੁ ਸਤੁ
ਸੰਤੋਖੁ ਧਰਿਓ ਉਰਿ॥
ਆਦਿ ਪੁਰਖਿ ਪਰਤਖਿ ਲਿਖਉ
ਅਛਰੁ ਮਸਤਕਿ ਧੁਰਿ॥
ਪ੍ਰਗਟ ਜੋਤਿ ਜਗਮਗੈ ਤੇਜੁ
ਭੂਅ ਮੰਡਲਿ ਛਾਯਉ॥
ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ॥
ਭਨਿ ਮਥੁਰਾ ਮੂਰਤਿ ਸਦਾ
ਥਿਰੁ ਲਾਇ ਚਿਤੁ ਸਨਮੁਖ ਰਹਹੁ॥
ਕਲਜੁਗਿ ਜਹਾਜੁ ਅਰਜੁਨੁ ਗੁਰੂ
ਸਗਲ ਸ੍ਰਿਸ੍ਟਿ ਲਗਿ ਬਿਤਰਹੁ॥

ਪੰਨਾ - 1408

ਮਥਰਾ ਭੱਟ ਅਨੁਸਾਰ ਜਗਤ ਦੇ ਇਸ ਘੋਰ ਹਨ੍ਹੇਰੇ ਵਿਚ ਗੁਰੂ ਅਰਜਨ ਤੋਂ ਬਿਨਾਂ ਕੋਈ ਹੋਰ ਰਾਖਾ ਨਹੀਂ ਹੈ, ਉਨ੍ਹਾਂ ਨੂੰ ਹਰੀ ਨੇ ਆਪ ਅਵਤਾਰ ਰੂਪ ਬਣਾ ਕੇ ਭੇਜਿਆ ਹੈ। ਜਿਨ੍ਹਾਂ ਨੇ ਗੁਰੂ ਜੀ ਤੋਂ ਨਾਮ-ਅੰਮ੍ਰਿਤ ਪੀਤਾ ਹੈ ਉਨ੍ਹਾਂ ਦੇ ਕ੍ਰੋੜਾਂ ਦੁਖ ਦੂਰ ਹੋ ਗਏ ਹਨ -

ਜਗ ਅਉਰੁ ਨ ਯਾਹਿ ਮਹਾ ਤਮ ਮੈ
ਅਵਤਾਰੁ ਉਜਾਗਰੁ ਆਨਿ ਕੀਅਉ।।
ਤਿਨ ਕੇ ਦੁਖ ਕੋਟਿਕ ਦੂਰਿ ਗਏ
ਮਥੁਰਾ ਜਿਨ ਅੰਮ੍ਰਿਤ ਨਾਮੁ ਪੀਅਉ।।
ਪੰਨਾ - 1409

ਅਖੀਰ ਇਹ ਫੈਸਲਾ ਦਿਤਾ ਹੈ ਕਿ ਗੁਰੂ ਅਰਜਨ ਹੀ ਜੋਤਿ ਰੂਪ ਹੋ ਕੇ ਧਰਤੀ ਆਕਾਸ਼ ਤੇ ਨੌਂ ਖੰਡਾਂ ਵਿਚ ਵਿਆਪ ਰਹੇ ਹਨ। ਗੁਰੂ ਅਰਜਨ ਸਾਖਿਆਤ ਅਕਾਲਪੁਰਖ ਹਨ, ਕੋਈ ਫਰਕ ਨਹੀਂ ਹੈ -

ਧਰਨਿ ਗਗਨ ਨਵਖੰਡ ਮਹਿ
ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ ਕਛੁ ਭੇਦੁ ਨਹੀ
ਗੁਰੁ ਅਰਜੁਨੁ ਪਰਤਖ੍ਯ ਹਰਿ॥

ਪੰਨਾ - 1409

(- - - - - -)

(ਪੰਨਾ 2 ਦਾ ਬਾਕੀ)

ਸ਼ਰਧਾ ਸਹਿਤ ਮਨਾਇਆ ਜਾ ਰਿਹਾ ਜਿਸ ਦਾ ਸਮਾਂ ਸਵੇਰੇ 10.00 ਤੋਂ ਸ਼ਾਮ 4.00 ਵਜੇ ਤੱਕ ਦਾ ਹੋਵੇਗਾ। ਸਮਾਗਮ ਅੰਦਰ ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਪਹੁੰਚ ਰਹੀਆਂ ਹਨ ਅਨੇਕਾਂ ਤਰਾਂ ਦੀ ਸੇਵਾ ਇਸ ਸਮਾਗਮ ਅੰਦਰ ਚਲਣੀ ਹੈ। ਸੰਗਤਾਂ ਨੂੰ ਆਪਣੀਆਂ ਸਵਾਰੀਆਂ ਤੇ ਲਿਆਉਣ ਦੀ ਸੇਵਾ, ਇਸਤਿਹਾਰ ਲਗਾਉਣ ਦੀ ਸੇਵਾ, ਲੰਗਰਾਂ ਦੀ ਸੇਵਾ, ਆਤਮ ਮਾਰਗ ਦੇ ਸਟਾਲਾਂ ਤੇ ਗੁਰ-ਸ਼ਬਦ ਲੰਗਰਾਂ ਦੀ ਸੇਵਾ, ਛਬੀਲਾਂ ਦੀ ਸੇਵਾ, ਸੰਗਤਾਂ ਦੇ ਸਹਿਯੋਗ ਨਾਲ ਸਾਰਾ ਸਮਾਗਮ ਚੱਲਣਾ ਹੈ। ਅਨੇਕਾਂ ਗੁਰੂ ਘਰ ਦੇ ਮਹਾਂਪੁਰਖ ਸਾਧੂ, ਸੰਤ, ਉਚਕੋਟੀ ਦੇ ਕੀਰਤਨੀਏ ਪਹੁੰਚ ਰਹੇ ਹਨ ਜੋ ਸੰਗਤਾਂ ਨੂੰ ਆਪਣੇ ਅੰਮ੍ਰਿਤ ਭਿੰਨੇ ਕੀਰਤਨ ਦੁਆਰਾ ਨਿਹਾਲ ਕਰਨਗੇ।

ਇਸ ਸਮਾਗਮ ਦੀ ਇੱਕ ਵਿਲੱਖਣਤਾ ਹੋਵੇਗੀ। ਪਰਮ ਪੂਜਯ ਸਤਿਕਾਰਯੋਗ ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ ਚੇਅਰਪਰਸਨ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਵਾਲਿਆਂ ਦੇ ਅਸ਼ੀਰਵਾਦ ਨਾਲ ਬੀਬੀ ਅਮਰਜੀਤ ਕੌਰ ਦਿੱਲੀ ਵਾਲਿਆਂ ਦੇ ਪਰਿਵਾਰ ਵੱਲੋਂ ਅਕਾਲ-ਬਿਰਧ ਆਸ਼ਰਮ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਪਵਿੱਤਰ ਧਰਤੀ ਉਪੱਰ ਕਰੋੜਾਂ ਰੁਪਏ ਲਾ ਕੇ ਵਿਸ਼ਾਲ ਆਲੀਸ਼ਾਨ ਸਰਵ-ਸੁਖ ਬਿਰਧਾਂ ਦੀਆਂ ਸਹੂਲਤਾਂ ਸਪੰਨ ਅਕਾਲ ਬਿਰਧ ਆਸ਼ਰਮ ਦੀ ਸੇਵਾ ਸੰਪੰਨ ਕੀਤੀ ਗਈ ਹੈ ਅਤੇ ਇਸ ਪ੍ਰੇਮੀ ਪਰਿਵਾਰ ਵੱਲੋਂ ਆਉਣ ਵਾਲੇ 15 ਸਾਲ ਵਾਸਤੇ ਬਿਰਧਾਂ ਦੀ ਸਾਰੀ ਸੇਵਾ ਸੰਭਾਲ ਵੀ ਲਗਾਤਾਰ ਨਿਰੰਤਰ ਜਾਰੀ ਰੱਖੀ ਜਾਵੇਗੀ ਜੀ। ਅਕਾਲ ਬਿਰਧ ਆਸ਼ਰਮ ਦੀ ਸ਼ੁਭ-ਸ਼ੁਰੂਆਤ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੇ ਸਰੀਰਕ ਜਨਮ ਦਿਹਾੜੇ ਸਮੇਂ 17 ਜੂਨ 2010 ਨੂੰ ਦਿਨ ਦੇ 11.30 ਵਜੇ ਕੀਤੀ ਜਾ ਰਹੀ ਹੈ। ਇਸ ਲਈ ਆਪ ਜੀ ਆਓ ਅਤੇ ਹੋਰਨਾਂ ਨੂੰ ਲਿਆ ਕੇ ਮਹਾਨ ਪਰਉਪਕਾਰੀ ਕਾਰਜ ਦੇ ਭਾਗੀਦਾਰ ਬਣੋ ਜੀ।

ਇਸ ਸਾਰੇ ਸਮਾਗਮ ਨੂੰ ਭਲੀਭਾਂਤ ਨੇਪਰੇ ਚਾੜ੍ਹਨ ਵਾਸਤੇ ਮਿਤੀ 13 ਜੂਨ ਨੂੰ ਦਿਨ ਦੇ 3.00 ਵਜੇ ਐਤਵਾਰ ਵਾਲੇ ਦਿਨ ਟਰਸਟ ਦੇ ਪਤਵੰਤੇ ਸੱਜਣਾਂ ਦੀ ਮੀਟਿੰਗ ਸੱਦੀ ਗਈ ਹੈ ਜਿਸ ਵਿੱਚ ਸਮਾਗਮ ਸਬੰਧੀ ਅਹਿਮ ਫੈਸਲੇ ਲਏ ਜਾਣੇ ਹਨ। ਅਨੇਕਾਂ ਤਰਾਂ ਦੀ ਸੇਵਾ ਲਈ ਵਿਚਾਰਾਂ ਕੀਤੀਆਂ ਜਾਣੀਆਂ ਹਨ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਕਰਦੇ ਹਾਂ ਆਪ ਇਸ ਮੀਟਿੰਗ ਵਿੱਚ ਜਰੂਰ ਸ਼ਮੂਲੀਅਤ ਕਰਕੇ ਆਪਣੇ ਸੁਚੱਜੇ ਸੁਝਾਅ ਦੇਣ ਦੀ ਕ੍ਰਿਪਾਲਤਾ ਕਰੋ ਜੀ।

ਆਪਣਾ ਨੈਤਿਕ ਫਰਜ ਨੂੰ ਪਹਿਚਾਣਦੇ ਹੋਏ ਆਪਾਂ ਜਿੰਨੇ ਵੀ ਆਤਮ ਮਾਰਗ ਦੇ ਪਾਠਕ ਹਾਂ ਮਹਾਂਪੁਰਖਾਂ ਦੀ ਹਾਜਰੀ ਨੂੰ ਪੂਰੀ ਤਰਾਂ ਅਨੁਭਵ ਕਰਦੇ ਹੋਏ ਉਨ੍ਹਾਂ ਦੇ ਪਵਿੱਤਰ ਜਨਮ ਦਿਹਾੜੇ ਤੇ ਪੰਜ-ਪੰਜ ਮੈਂਬਰ ਹੋਰ ਆਤਮ ਮਾਰਗ ਦੇ ਬਣਾਉਣ ਦੀ ਸੇਵਾ ਕਰਕੇ। ਮਹਾਂਪੁਰਸ਼ਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਹਿ

(ਪੰਨਾ 28 ਦੀ ਬਾਕੀ)

ਮੈਨੂੰ ਮੁਆਫ ਕਰ ਦਿਉ; ਜ਼ਰੂਰ ਤੁਹਾਡੇ ਤਨ ਨੂੰ ਮੈਥੋਂ ਚੋਟ ਆਈ ਹੋਵੇਗੀ।" ਕਿੱਡਾ ਜਿਗਰਾ ਹੈ ਸਾਧ-ਸੰਗਤ ਜੀ, ਇਸਨੂੰ ਧੀਰਜ ਕਹਿੰਦੇ ਨੇ। ਦਸਵੇਂ ਪਾਤਸ਼ਾਹ ਫੁਰਮਾਉਂਦੇ ਨੇ -

ਧੰਨਿ ਜੀਓ ਤਿਹ ਕੋ ਜਗ ਮੈਂ,
ਮੁਖ ਤੇ ਹਰਿ ਚਿੱਤ ਮੈਂ ਜੁੱਧੁ ਬਿਚਾਰੈ॥

ਦੇ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜ੍ਹੈ ਭਵ ਸਾਗਰ ਤਾਰੈ॥

ਧੀਰਜ-ਧਾਮ ਬਨਾਇ ਇਹੈ ਤਨ;
ਬੁੱਧਿ ਸੁ ਦੀਪਕ ਜਿਉਂ ਉਜੀਆਰੈ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ
ਕਾਤਰਤਾ ਕੁਤਵਾਰ ਬੁਹਾਰੈ॥ ਸਵੈਯਾ - ੨੪੯੨
(ਕ੍ਰਿਸ਼ਨਾਵਤਾਰ)

ਮਹਾਰਾਜ ਕਹਿੰਦੇ ਨੇ ਕਿ ਇਸ ਤਨ ਨੂੰ ਧੀਰਜ ਦਾ ਧਾਮ ਬਣਾ ਲਵੇ -

ਆਪਸ ਕਉ ਜੋ ਜਾਣੈ ਨੀਚਾ॥
ਸੋਊ ਗਨੀਐ ਸਭ ਤੇ ਊਚਾ॥ ਪੰਨਾ - ੨੬੬

ਇਉਂ ਮਹਾਰਾਜ ਕਹਿੰਦੇ, "ਬੜੀ ਭੁੱਲ ਹੋ ਗਈ ਸਾਥੋਂ।" ਦਾਤੂ ਜੀ ਕਹਿੰਦੇ, "ਤੈਨੂੰ ਕੀਹਨੇ ਕਿਹਾ ਗੱਦੀ ਤੇ ਬੈਠਣ ਨੂੰ? ਖਬਰਦਾਰ! ਜੋ ਮੁੜ ਕੇ ਗੱਦੀ ਤੇ ਬੈਠਿਆਂ। ਜਿੱਧਰ ਨੂੰ ਮੂੰਹ ਹੈ - ਤੁਰ ਜਾਹ।" ਮਹਾਰਾਜ ਕਹਿੰਦੇ, "ਕੋਈ ਨ। ਤੁਸੀਂ ਬੈਠੋ, ਹੋਰ ਸੇਵਾ ਦੱਦੋ।" ਨਾਲ ਦਿਆਂ ਨੂੰ ਕਹਿੰਦੇ ਦਾਤੂ ਕਿ ਚੁੱਕੋ ਸਾਮਾਨ - ਸਾਰੀ ਸਮੱਗਰੀ। ਸਾਰੇ ਸਿੱਖ ਦੇਖਦੇ ਨੇ ਸਮਰੱਥ ਪੁਰਸ਼ ਬੈਠੇ ਨੇ, ਇਕ ਬਚਨ ਕਰਕੇ ਸਾਰਾ ਕੁਛ ਖਤਮ ਕਰ ਦਿੰਦੇ, ਪਰ ਕੋਈ ਬਚਨ ਨਹੀਂ ਕਰਿਆ। ਉਹ ਸਾਮਾਨ ਲੈ, "ਨਾ ਭਾਈ! ਉਹ ਤਾਂ ਗੁਰੂ ਮਹਾਰਾਜ ਦੇ ਪੁੱਤਰ ਦਾ ਚਰਨ ਮੇਰੇ ਨਾਲ ਆਪਣੇ ਆਪ ਹੀ ਛੋਹ ਗਿਆ ਸੀ। ਮੇਰੇ ਧੰਨ ਭਾਗ ਨੇ ਕਿ ਉਨ੍ਹਾਂ ਦਾ ਚਰਨ ਤਾਂ ਮੇਰੇ ਸਰੀਰ ਨੂੰ ਲੱਗ ਗਿਆ।" ਇਹਨੂੰ ਧੀਰਜ ਕਹਿੰਦੇ ਨੇ, ਸਾਧਸੰਗਤ ਜੀ! ਇਹ ਧੀਰਜ - ਸੰਤਾਂ ਵਿੱਚ ਹੋਵੇ, ਕਿਸੇ ਜਗਿਆਸੂ ਵਿੱਚ ਹੋਵੇ - ਅਤੀ ਜ਼ਰੂਰੀ ਹੈ।

ਗੁਰੂ ਮਹਾਰਾਜ ਗੁਰੂ ਨਾਨਕ ਸਾਹਿਬ ਨੇ ਕਿਹਾ, ਰਾਜਨ! ਇਹ ਪੰਜਵਾਂ ਯਮ ਜ਼ਰੂਰੀ ਹੈ ਨਾਮ ਜਪਣ ਵਾਲਿਆਂ ਵਾਸਤੇ। ਇਸ ਤਰ੍ਹਾਂ ਅੱਗੇ ਛੇਵੇਂ ਬਾਰੇ ਦਸਦੇ ਨੇ।

ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਅਗਲੀ ਵਿਚਾਰ ਧਿਆਨ ਵਿਚ ਰਖਣੀ। ਜਿਨ੍ਹਾਂ ਨੂੰ ਸ਼ੌਕ ਹੈ ਨਾਮ ਜਪਣ ਦਾ, ਨੋਟ ਕਰ ਲਓ, ਟੇਪਾਂ ਲੈ ਲਓ; ਬਾਰ ਬਾਰ ਨਹੀਂ ਇਹ ਬਚਨ ਮਿਲਿਆ ਕਰਦੇ। ਹੁਣ ਸਾਰੇ ਹੀ, ਜਿਹੜੇ ਹੁਣ ਤੱਕ ਨਹੀਂ ਬੋਲੇ ਉਹ ਵੀ, ਗੁਰੂ ਸਤੋਤਰ ਵਿਚ ਬੋਲਣ ਦੀ ਖੇਚਲ ਕਰੋ।

- ਅਨੰਦ ਸਾਹਿਬ -

- ਗੁਰ ਸਤੋਤਰ -

- ਅਰਦਾਸਿ -

ਧੰਨ ਧੰਨ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਮਹਾਰਾਜ

ਸੰਤ ਵਰਿਆਮ ਸਿੰਘ ਜੀ,
ਬਾਨੀ ਵਿ. ਗੁ. ਰੂ. ਮਿਸ਼ਨ।

ਸਤਿਨਾਮ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।
ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥
ਅੰਗ - ੨੫੬
ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥
ਅੰਗ - ੨੮੯

ਧਾਰਨਾ - ਵਾਹਿਗੁਰੂ ਸੰਗਤ ਮੰਗਾਂ ਸਾਧੂਆਂ ਦੀ,
ਹਿਰਦੇ ਵਸ ਜਾਣ ਚਰਨ ਤੁਮਾਰੇ।
ਸੰਤਨ ਕਾ ਸੰਗ ਪਾਵਉ।
ਚਰਨ ਤੁਮਾਰੇ ਹਿਰਦੇ ਵਸਦੇ।

ਵਾਹਿਗੁਰੂ.. ਵਾਹਿਗੁਰੂ.... ਵਾਹਿਗੁਰੂ.... ਵਾਹਿਗੁਰੂ...
ਵਾਹਿਗੁਰੂ...ਵਾਹਿਗੁਰੂ... ਵਾਹਿਗੁਰੂ... ਵਾਹਿਗੁਰੂ......।

ਮਾਂਗਉ ਰਾਮ ਤੇ ਇਕੁ ਦਾਨੁ ॥
ਸਗਲ ਮਨੋਰਥ ਪੂਰਨ ਹੋਵਹਿ
ਸਿਮਰਉ ਤੁਮਰਾ ਨਾਮੁ ॥ ੧ ॥ ਰਹਾਉ ॥
ਚਰਨ ਤੁਮ੍ਾਰੇ ਹਿਰਦੈ ਵਾਸਹਿ
ਸੰਤਨ ਕਾ ਸੰਗੁ ਪਾਵਉ ॥
ਸੋਗ ਅਗਨਿ ਮਹਿ ਮਨੁ ਨ ਵਿਆਪੈ
ਆਠ ਪਹਰ ਗੁਣ ਗਾਵਉ ॥ ੧ ॥
ਸ੍ਵਸਤਿ ਬਿਵਸਥਾ ਹਰਿ ਕੀ ਸੇਵਾ
ਮਧ੍ਹੰਤ ਪ੍ਰਭ ਜਾਪਣ ॥
ਨਾਨਕ ਰੰਗੁ ਲਗਾ ਪਰਮੇਸਰ
ਬਾਹੁੜਿ ਜਨਮ ਨ ਛਾਪਣ ॥ ਅੰਗ - ੬੮੨

ਧਾਰਨਾ- ਵਾਹਿਗੁਰੂ ਸੰਗਤ ਮੰਗਾਂ ਸਾਧੂਆਂ ਦੀ,
ਚਰਨ ਤੁਮਾਰੇ ਹਿਰਦੇ ਵਸਦੇ।

ਧਾਰਨਾ - ਤੇਹੋ ਵੇਖਾਲਾ ਜੀ,
ਜੇਹਾ ਮੂੰਹ ਕਰ ਭਾਲੀਐ।

ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।
ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।
ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।
ਜਿਉ ਕਰਿ ਨਿਰਮਲੁ ਆਰਸੀ ਜਗ ਵੇਖਣਿ ਵਾਲਾ।
ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।

ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।
ਭਾਈ ਗੁਰਦਾਸ ਜੀ, ਵਾਰ ੩੪/੧

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ, ਪੂਰਾ ਸਤਿਗੁਰੂ, ਅਧੂਰਾ ਸਤਿਗੁਰੂ, ਕੱਚਾ ਗੁਰੂ, ਪਾਖੰਡੀ ਗੁਰੂ, ਵਿਦਵਾਨ ਗੁਰੂ ਤੇ ਬੇਅੰਤ ਕਿਸਮ ਦੇ ਗੁਰੂ ਸੰਸਾਰ ਦੇ ਅੰਦਰ ਨੇ, ਲੇਕਿਨ ਕੱਚੇ ਗੁਰੂ ਤੋਂ ਮੁਕਤੀ ਨਹੀਂ ਹੋਇਆ ਕਰਦੀ। ਅੰਨ੍ਹੇ ਗੁਰੂ ਤੋਂ ਕੋਈ ਕਿਨਾਰਾ ਨਹੀਂ ਦਿਖਾਇਆ ਜਾ ਸਕਦਾ। ਪਾਖੰਡੀ ਗੁਰੂ ਜੋ ਹੈ ਉਹ ਆਪ ਵੀ ਡੁੱਬਦਾ ਹੈ, ਪਿੱਛੇ ਲੱਗਿਆਂ ਨੂੰ ਵੀ ਡੋਬ ਦਿਆ ਕਰਦਾ ਹੈ। ਵਿਦਵਾਨ ਗੁਰੂ ਜਾਣਦਾ ਹੁੰਦਾ ਹੈ ਲੇਕਿਨ ਉਸਦੀ ਰਾਈਫਲ ਕੱਚੀ ਹੁੰਦੀ ਹੈ। ਉਹ ਕੋਈ ਹਿਰਦਾ ਨਹੀਂ ਵੇਧ ਸਕਿਆ ਕਰਦੀ। ਭੜਾਕਾ ਓਡਾ ਹੀ ਹੁੰਦਾ ਹੈ, ਲੇਕਿਨ ਅੰਦਰ ਗੋਲੀ ਨਹੀਂ ਕੋਈ ਸਤਿਆ ਨਹੀਂ ਹੋਇਆ ਕਰਦੀ। ਅਧਿਕਾਰ ਨਹੀਂ ਉਸ ਕੋਲ ਕੋਈ ਹੋਇਆ ਕਰਦਾ, ਇਖਤਿਆਰ ਕੇਵਲ ਪੂਰੇ ਸਤਿਗੁਰੂ ਦੇ ਪਾਸ ਹੁੰਦੀ ਹੈ। ਸਤਿਗੁਰੂ ਦੀ ਨਿਸ਼ਾਨੀ ਇਹ ਹੈ ਕਿ -

ਸਤਿਗੁਰੁ ਪੁਰਖ ਅਗੰਮੁ ਹੈ ਨਿਰਵੈਰੁ ਨਿਰਾਲਾ।

ਨਾ ਕਿਸੇ ਨਾਲ ਵੈਰ, ਕ੍ਰਿਆ ਉਹਦੀ ਸਾਰੀ ਨਿਰਾਲੀ ਤੇ ਉਹਦੀ ਕ੍ਰਿਆ ਨੂੰ ਅਸੀਂ ਸਮਝ ਨਹੀਂ ਸਕਦੇ। ਅਗੰਮ ਤੇ ਅਗੋਚਰ ਹੈ, ਧਰਤੀ ਉਹ ਧਰਮ ਦੀ ਹੈ ਜਿਹੋ ਜਿਹਾ ਕੋਈ ਬੀਜ ਦਿੰਦਾ ਹੈ ਉਹੋ ਜਿਹਾ ਫਲ ਉਹਨੂੰ ਪ੍ਰਾਪਤ ਹੋ ਜਾਂਦਾ ਹੈ। ਜਿਸ ਤਰ੍ਹਾਂ ਸ਼ੀਸ਼ਾ ਹੋਇਆ ਕਰਦਾ ਹੈ, ਆਰਸੀ ਹੁੰਦੀ ਹੈ, ਉਹਦੇ 'ਚ ਵਿੰਗਾ ਮੂੰਹ ਕਰਕੇ ਦੇਖੋ ਵਿੰਗਾ ਨਜ਼ਰ ਆਉਂਦਾ ਹੈ। ਹਸਦਾ ਚਿਹਰਾ ਦੇਖੋ, ਹਸਦਾ ਨਜ਼ਰ ਆਉਂਦਾ ਹੈ। ਜਿਹੋ ਜਿਹੀ ਸ਼ਰਧਾ ਗੁਰੂ ਦੇ ਉੱਤੇ ਹੈ, ਵੈਸਾ ਹੀ ਫਲ ਪ੍ਰਾਪਤ ਹੋ ਜਾਇਆ ਕਰਦਾ ਹੈ। ਸੋ ਇਹ ਪੂਰੇ ਸਤਿਗੁਰੂ ਦੀ ਨਿਸ਼ਾਨੀ ਹੋਇਆ ਕਰਦੀ ਹੈ।

ਘਰ ਮਹਿ ਘਰੁ ਦੇਖਾਇ ਦੇਇ
ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧

ਜਿਹੜਾ ਐਸ ਸਰੀਰ ਰੂਪੀ ਘਰ ਦੇ ਅੰਦਰ ਵਾਹਿਗੁਰੂ ਦਾ ਘਰ ਦਿਖਾ ਦੇਵੇ, ਜਾਂ ਜਿਹਦੇ ਵਿਚ ਮੈਂ ਰਹਿੰਦਾ ਹੈ ਉਹ ਘਰ ਦਿਖਾ ਦੇਵੇ। ਕਈ ਪ੍ਰੇਮੀਆਂ ਨੂੰ ਇਹ ਖਿਆਲ ਹੁੰਦਾ ਹੈ ਕਿ ਮੈਂ ਹੋਰ ਹੋ ਗਿਆ ਤੇ ਘਰ ਹੋਰ ਹੋ ਗਿਆ ਤੇ ਸਰੀਰ ਹੋਰ ਚੀਜ਼ ਹੋ ਗਈ? ਆਹੀ ਚੀਜ਼ ਹੈ ਸਾਧਸੰਗਤ ਜੀ, ਜੇ ਤਿੰਨ ਗੱਲਾਂ ਸਮਝ 'ਚ ਆ ਜਾਣ, ਚਾਹੇ ਉਹ ਹਿੰਦੂ ਹੈ, ਚਾਹੇ ਮੁਸਲਮਾਨ ਹੈ, ਚਾਹੇ ਮੁਸਲਮਾਨ ਹੈ, ਚਾਹੇ ਈਸਾਈ ਹੈ, ਚਾਹੇ ਸਿੱਖ ਹੈ, ਚਾਹੇ ਬੋਧੀ ਹੈ, ਕੋਈ ਵੀ ਹੈ, ਆਹ ਤਿੰਨ ਗੱਲਾਂ ਦਾ ਮਸਲਾ ਹੈ, ਇਹ ਜੇ ਤਿੰਨ ਗੱਲਾਂ ਸਮਝ 'ਚ ਆ ਜਾਣ ਤਾਂ ਏਸ ਰੂਹ ਦਾ ਏਸ ਪ੍ਰਾਕ੍ਰਿਤੀ ਦੇ ਵਿਚੋਂ ਛੁਟਕਾਰਾ ਹੋ ਜਾਇਆ ਕਰਦਾ ਹੈ। ਗੱਲ ਬੜੀ ਸਿੱਧੀ ਸਾਧੀ ਹੈ, ਕੋਈ ਔਖੀ ਨਹੀਂ ਹੈ, ਲੇਕਿਨ ਆਦਮੀ ਦੇ ਅੰਦਰ ਰੁਚੀ ਨਹੀਂ ਹੈ, ਚਾਹੁੰਦਾ ਨਹੀਂ ਬੰਦਾ ਕਿ ਮੈਂ ਫਰੀ ਹੋ ਜਾਵਾਂ,

ਜੰਮਣ ਮਰਨ ਨੂੰ ਪਸੰਦ ਕਰਦਾ ਹੈ, ਦੁੱਖਾਂ ਨੂੰ ਪਸੰਦ ਕਰਦਾ ਹੈ, ਤਕਲੀਫਾਂ ਨੂੰ ਪਸੰਦ ਕਰਦਾ ਹੈ, ਰੋਣੇ ਧੋਣੇ ਨੂੰ ਪਸੰਦ ਕਰਦਾ ਹੈ, ਸਦਾ ਦੇ ਖੇੜੇ ਨੂੰ ਪਸੰਦ ਨਹੀਂ ਕਰਦਾ, ਜਿਹਨੂੰ ਸਵਸਥ ਵਿਵਸਥਾ-

ਸ੍ਰਸਤਿ ਬਿਵਸਥਾ ਹਰਿ ਕੀ ਸੇਵਾ
ਮਧੵੰਤ ਪ੍ਰਭ ਜਾਪਣ ॥
ਨਾਨਕ ਰੰਗੁ ਲਗਾ ਪਰਮੇਸਰ
ਬਾਹੁੜਿ ਜਨਮ ਨ ਛਾਪਣ ॥ ਅੰਗ - ੬੮੨

ਜੰਮਣਾ ਮਰਨਾ ਖਤਮ ਹੋ ਗਿਆ ਤੇ ਪਿਆਰ ਲਗ ਗਿਆ ਪ੍ਰਮੇਸ਼ਰ ਦਾ। ਆਹ ਗੱਲ ਨੂੰ ਸਮਝਣਾ ਨਹੀਂ ਚਾਹੁੰਦਾ ਬੰਦਾ। ਜੇ ਐਨੀ ਹੀ ਗੱਲ ਸਮਝ 'ਚ ਆ ਜਾਵੇ ਕਿ ਸਰੀਰ ਮੈਂ ਹਾਂ ਕਿ ਮੈਂ ਸਰੀਰ ਦੇ ਵਿਚ ਰਹਿਣ ਵਾਲਾ ਹਾਂ। ਥੋੜ੍ਹੀ ਦੇਰ ਵਾਸਤੇ ਇਹਨੂੰ ਸਮਝ ਵਿੱਚ ਆਉਂਦਾ ਹੈ ਕਿ ਹਾਂ, ਸਮਝਾਉਂਦੇ ਨੇ ਜਦੋਂ ਸੰਤ ਕਿ ਤੂੰ ਐਉਂ ਦੇਖ ਕਿ ਤੂੰ ਪਹਿਲਾਂ ਕੀ ਸੀਗਾ। ਜਦੋਂ ਤੇਰਾ ਸਰੀਰ ਨਹੀਂ ਸੀ ਬਣਿਆ ਉਸ ਵੇਲੇ ਵੀ ਤਾਂ ਤੂੰ ਸੀਗਾ। ਆਹ ਗੱਲ ਮੰਨ ਜਾਵਾਂਗੇ ਅਸੀਂ ਕਿ ਸੀਗਾ ਤਾਂ ਸੀ। ਜਦੋਂ ਸਰੀਰ ਨਹੀਂ ਹੋਏਗਾ, ਫੇਰ ਵੀ ਤੂੰ ਹੋਏਂਗਾ। ਫੇਰ ਕੀ ਹੋਵਾਂਗਾ ਇਹਦਾ ਸਾਨੂੰ ਨਹੀਂ ਪਤਾ। ਇਹ ਤਾਂ ਮਹਾਂਪੁਰਸ਼ ਦਸਦੇ ਨੇ, ਅਨੁਭਵੀ ਮਹਾਂਪੁਰਸ਼ ਸਾਰੇ ਹੀ ਦਸਦੇ ਨੇ। ਕ੍ਰਿਸ਼ਨ ਮਹਾਰਾਜ ਅਰਜਨ ਨੂੰ ਦਸਦੇ ਨੇ ਕਿ ਅਰਜਨ! ਇਸ ਸਾਰੇ ਸੰਸਾਰ ਦੇ ਅੰਦਰ ਤਿੰਨ ਹਰਕਤ ਕਰ ਰਹੀਆਂ ਨੇ। ਸਾਇੰਸ ਨੇ ਇਸਨੂੰ ਇਲੈਕਟ੍ਰਾਨ, ਨਿਊਟ੍ਰਾਨ, ਪ੍ਰੋਟਾਨ ਕਹਿ ਕੇ, ਤਿੰਨ ਲਹਿਰਾਂ ਬਣਾ ਦਿੱਤਾ। ਦੇਵਤਿਆਂ ਦੀ ਗਿਣਤੀ ਕਰਨ ਵਾਲਿਆ ਨੇ ਬ੍ਰਹਮਾ, ਵਿਸ਼ਨੂੰ, ਸ਼ਿਵ ਕਹਿ ਕੇ ਤਿੰਨ ਲਹਿਰਾਂ ਬਣਾ ਦਿੱਤੀਆਂ। ਪ੍ਰਾਕ੍ਰਿਤੀ ਦੇ ਨਾਲ ਸਬੰਧ ਰੱਖਣ ਵਾਲਿਆਂ ਨੇ ਤਿੰਨ ਲਹਿਰਾਂ ਰਜੋ ਗੁਣ, ਤਮੋ ਗੁਣ, ਸਤੋ ਗੁਣ ਕਹਿ ਕੇ ਉਹਦਾ ਸਬੰਧ ਜੋੜ ਦਿੱਤਾ। ਸੋ ਤਿੰਨਾਂ ਲਹਿਰਾਂ ਦੇ ਅੰਦਰ ਸਾਰਾ ਸੰਸਾਰ ਖੇਡ ਰਿਹਾ ਹੈ। ਕਿਉਂਕਿ ਇਹ ਤ੍ਰਿਗੁਣ ਮਾਇਆ ਹੈ, ਜੋ ਸਾਡੀ ਆਪਣੀ ਅਵਸਥਾ ਹੈ ਉਹ ਤ੍ਰਿਗੁਣ ਅਤੀਤ ਹੈ, ਇਹਦੇ ਉਤੇ ਰਹਿਣ ਵਾਲੇ ਅਸੀਂ ਹਾਂ, ਲੇਕਿਨ ਫਸ ਗਏ ਇਹਦੇ ਵਿਚ ਆ ਕੇ -

ਕਬੀਰ ਨਿਰਮਲ ਬੂੰਦ ਅਕਾਸ ਕੀ
ਲੀਨੀ ਭੂਮਿ ਮਿਲਾਇ ॥
ਅਨਿਕ ਸਿਆਨੇ ਪਚਿ ਗਏ
ਨਾ ਨਿਰਵਾਰੀ ਜਾਇ ॥ ਅੰਗ - ੧੩੭੫
ਕਬੀਰ ਨਿਰਮਲ ਬੂੰਦ ਅਕਾਸ ਕੀ
ਪਰਿ ਗਈ ਭੂਮਿ ਬਿਕਾਰ ॥
ਬਿਨੁ ਸੰਗਤਿ ਇਉ ਮਾਂਨਈ
ਹੋਇ ਗਈ ਭਠ ਛਾਰ ॥ ਅੰਗ- ੧੩੭੫

ਜਿਵੇਂ ਭੱਠ ਵਿੱਚ ਸੁਆਹ ਹੁੰਦੀ ਹੈ ਇਸ ਤਰ੍ਹਾਂ ਅਸੀਂ ਚੇਤਨ ਸਰੂਪ ਆਹ ਸਰੀਰ 'ਚ ਆ ਕੇ ਜੰਮਣ ਮਰਨ ਵਾਲੇ ਬਣ ਗਏ। ਬਾਤ ਅਸੀਂ ਸਮਝਣੀ ਚਾਹੁੰਦੇ ਕਿ ਇਸ ਤੋਂ ਛੁਟਕਾਰਾ ਵੀ ਪਾ ਲਈਏ, ਮੁੜ-ਮੁੜ ਇਹਦੇ ਵਿਚ ਰਹਿੰਦੇ ਹਾਂ। ਮੁੜ-ਮੁੜ ਕੇ ਇਹਦੇ ਵਿੱਚ ਗਿਰਦੇ ਹਾਂ ਕਿਉਂਕਿ ਮਾਇਆ ਬੜੀ ਪ੍ਰਬਲ ਹੈ, ਤਿੰਨ ਗੁਣੀ ਮਾਇਆ ਨੇ ਪ੍ਰਮੇਸ਼ਰ ਜੋ ਸਾਰੇ ਪ੍ਰੀਪੂਰਨ ਹੈ, ਅਰ ਹਰੇਕ ਦੇ ਅੰਦਰ ਹੈ ਆਪਣੇ ਆਪੇ ਦੇ ਨਾਲ ਜੁੜਿਆ ਹੋਇਆ ਹੈ। ਉਹਨੂੰ ਤਾਂ ਛੁਪਾ ਲਿਆ ਜਿਹੜੀ ਇਹ ਮਾਇਆ ਛਿਨ ਭੰਗਰ ਹੈ, ਬਦਲਦੀ ਤੁਰੀ ਜਾਂਦੀ ਹੈ। ਇੱਕ ਬੱਚਾ ਪੈਦਾ ਹੁੰਦਾ ਹੈ, ਉਸੇ ਵੇਲੇ ਇੱਕ ਚੁਟਕੀ ਮਾਰੋ, ਓਨੇ ਸਮੇਂ ਵਿਚ ਉਹਦੇ ਵਿਚ ਉਹਦੇ 'ਚ ਬਦਲੀ ਆ ਰਹੀ ਹੁੰਦੀ ਹੈ। ਜੇ ਬੜੇ ਯੰਤਰਾਂ ਦੇ ਨਾਲ ਦੇਖੋ ਤਾਂ ਪਤਾ ਲੱਗੇਗਾ ਕਿ ਬਦਲੀ ਹੋ ਰਹੀ ਹੈ। ਮਹਾਰਾਜ ਕਹਿੰਦੇ, ਛਿਨ-ਛਿਨ 'ਚ ਬਦਲੀ ਹੋ ਰਹੀ ਹੈ ਇਹਦੀ ਪ੍ਰਾਕ੍ਰਿਤੀ ਦੀ। ਇਕ ਛਿਨ ਵੀ ਇਹ ਟਿਕਿਆ ਨਹੀਂ ਕਰਦੀ। ਉਹ ਜਿਹੜੀ ਬਦਲਣ ਵਾਲੀ ਚੀਜ਼ ਹੈ ਉਹਦੇ ਵਲ ਨੂੰ ਤਾਂ ਅਸੀਂ ਦੇਖ ਰਹੇ ਹਾਂ, ਜਿਹੜੀ ਅਬਦਲ ਹੈ ਬਦਲਦੀ ਨਹੀਂ ਹੈ, ਹਰ ਵਕਤ ਇਕ ਰਸ ਰਹਿੰਦੀ ਹੈ, ਉਹ ਸਾਡੀ ਨਿਗ੍ਹਾ ਤੋਂ ਓਹਲੇ ਕਿਉਂ ਹੋ ਗਈ ਕਿਉਂਕਿ ਤ੍ਰਿਗੁਣੀ ਮਾਇਆ ਦੇ ਉਛਾਲੇ ਨੇ ਸਾਨੂੰ ਭੁਲਾ ਦਿਤਾ। ਸੋ ਕਹਿੰਦੇ ਅਰਜਨ ਸਾਰਾ ਸੰਸਾਰ ਤਿੰਨ-ਗੁਣੀ ਮਾਇਆ 'ਚ ਖੇਲ੍ਹ ਰਿਹਾ ਹੈ ਤੇ ਜਦੋਂ ਇਹ ਆਪਣੇ ਸੰਸਾਰ ਦੀ ਯਾਤਰਾ ਕਰਦਾ ਹੈ ਜੀਵ ਆਤਮਾ ਉਸ ਵੇਲੇ ਜੇ ਤਾਂ ਤਮੋ ਗੁਣੀ ਬਿਰਤੀ ਪ੍ਰਧਾਨ ਹੋ ਗਈ, ਫੇਰ ਤਾਂ ਕੁੱਤੇ-ਬਿੱਲੇ ਹੇਠਲੀਆਂ ਜੂਨਾਂ, ਚੌਰਾਸੀ ਲੱਖ ਦੀਆਂ ਜੂਨਾਂ ਭੋਗਦਾ ਹੈ, ਜੇ ਰਜੋ ਗੁਣੀ ਬਿਰਤੀ ਪ੍ਰਧਾਨ ਹੈ ਓਸ ਵੇਲੇ ਇਹ ਸਰੀਰ ਛੱਡਣ ਤੋਂ ਬਾਅਦ ਭੂਤ-ਪ੍ਰੇਤ ਐਹੋ ਜਿਹੀਆਂ ਜੂਨਾਂ 'ਚ ਚਲਿਆ ਜਾਏਗਾ। ਜੇ ਸਤੋ ਗੁਣੀ ਬਿਰਤੀ ਹੈ ਤੇ ਪੁੰਨ ਵਧੇ ਹੋਏ ਨੇ, ਤਾਂ ਕਹਿੰਦੇ ਉਹ ਸਵਰਗ ਲੋਕਾਂ ਨੂੰ ਚਲਿਆ ਜਾਂਦਾ ਹੈ। ਸਵਰਗ ਲੋਕ ਹੋਣ ਚਾਹੇ ਭੂਤ-ਪ੍ਰੇਤ ਲੋਕ ਹੋਣ, ਚਾਹੇ ਨਰਕਾਂ ਦੇ ਲੋਕ ਹੋਣ, ਇਹ ਸਾਡੇ ਤਿੰਨ ਗੁਣੀ ਮਾਇਆ ਦੇ ਵਿਚ ਖੇਡਦੇ ਨੇ, ਇਹ ਕੇਵਲ ਸਤਿਗੁਰੁ ਹੈ ਜਿਹੜਾ ਇਹਦੇ ਵਿਚੋਂ ਛੁਡਾ ਸਕਦਾ ਹੈ। ਉਹਨੂੰ ਸਤਿਗੁਰੂ ਕਹਿੰਦੇ ਨੇ -

ਘਰ ਮਹਿ ਘਰੁ ਦੇਖਾਇ ਦੇਇ
ਸੋ ਸਤਿਗੁਰੁ ਪੁਰਖੁ ਸੁਜਾਣੁ ॥
ਪੰਚ ਸਬਦ ਧੁਨਿਕਾਰ ਧੁਨਿ
ਤਹ ਬਾਜੈ ਸਬਦੁ ਨੀਸਾਣੁ ॥ ਅੰਗ- ੧੨੯੧

ਜਦੋਂ ਛੁਡਾ ਦਿੰਦੇ ਨੇ, ਕਹਿੰਦੇ ਐਵੇਂ ਨਹੀਂ imagenary ਨਹੀਂ ਹੈ, ਉਥੇ ਧੁਨਕਾਰ ਹੋ ਰਹੀ ਹੈ ਪੰਚ ਸ਼ਬਦਾਂ ਦੀ। ਨਿਸ਼ਾਨ ਹੈ ਉਥੇ ਇਸ ਚੀਜ਼ ਦਾ।

ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥
ਅੰਗ - ੧੨੯੧

ਵਿਸਮਾਦ ਹੀ ਵਿਸਮਾਦ ਹੈ ਓਥੇ। ਉਥੇ 'ਵਾਹਿ' 'ਵਾਹਿ' ਰਹਿ ਜਾਂਦੀ ਹੈ ਉਥੇ, ਵਾਹਿਗੁਰੁ-ਵਾਹਿਗੁਰੂ, ਹੋਰ ਕੋਈ ਸ਼ਬਦ ਨਹੀਂ ਉਥੇ ਰਿਹਾ ਕਰਦਾ।

ਤਾਰ ਘੋਰ ਬਾਜਿੰਤ੍ਰ ਤਹ
ਸਾਚਿ ਤਖਤਿ ਸੁਲਤਾਨੁ ॥
ਸੁਖਮਨ ਕੈ ਘਰਿ ਰਾਗੁ ਸੁਨਿ
ਸੁੰਨਿ ਮੰਡਲਿ ਲਿਵ ਲਾਇ ॥ ਅੰਗ - ੧੨੯੧

ਦਸਵੇਂ ਦੁਆਰ 'ਚ ਲਿਵ ਲਾ ਕੇ, ਇਹ ਜੋ ਮਿਊਜ਼ਿਕ ਹੋ ਰਿਹਾ ਹੈ, ਆਤਮਕ ਖੇੜੇ ਦਾ, ਉਹਨੂੰ ਸਰਵਣ ਕਰ -

ਅਕਥ ਕਥਾ ਬੀਚਾਰੀਐ
ਮਨਸਾ ਮਨਹਿ ਸਮਾਇ ॥ ਅੰਗ- ੧੨੯੧

ਜਿੰਨੀਆਂ ਵਾਸ਼ਨਾਵਾਂ ਨੇ ਜਦੋਂ ਅਕਥ ਕਥਾ ਵਾਹਿਗੁਰੂ ਦੀ ਵਿਚਾਰਨ ਲੱਗੇ ਜੀਵ ਆਤਮਾ-ਆਤਮਾ-ਪ੍ਰਮਾਤਮਾ, ਇਨ੍ਹਾਂ ਸਾਰੀਆਂ ਚੀਜ਼ਾਂ ਦੀ ਉਸ ਵੇਲੇ ਸਾਰੀਆਂ ਜਿਹੜੀਆਂ ਵਾਸ਼ਨਾਵਾਂ ਨੇ, ਫੁਰਨੇ ਨੇ ਸਾਰੇ ਸਮਾਅ ਜਾਂਦੇ ਨੇ ਮਨ ਦੇ ਵਿਚ ਹੀ ਖਤਮ ਹੋ ਜਾਂਦੇ ਨੇ, ਮਨ ਤੋਂ ਹੀ ਪੈਦਾ ਹੋਏ ਨੇ, ਮਨ 'ਚ ਹੀ ਖਤਮ ਹੋ ਜਾਂਦੇ ਨੇ -

ਉਲਟਿ ਕਮਲੁ ਅੰਮ੍ਰਿਤਿ ਭਰਿਆ
ਇਹੁ ਮਨੁ ਕਤਹੁ ਨ ਜਾਇ ॥ ਅੰਗ- ੧੨੯੧

ਅੰਦਰ ਖੇੜਾ ਹੀ ਖੇੜਾ ਆ ਜਾਂਦਾ ਹੈ -

ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ ਅੰਗ - ੨

ਉਹ ਖੇੜੇ ਦੀ ਪ੍ਰਾਪਤੀ ਹੋ ਜਾਂਦੀ ਹੈ। ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ, ਫੇਰ ਮਨ ਕਿਸੇ ਪਾਸੇ ਫੁਰਨਾ ਨਹੀਂ ਕਰਦਾ, ਇਹਦੇ 'ਚੋਂ ਨਿਕਲ ਜਾਂਦਾ ਹੈ -

ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ
॥ ਸਭਿ ਸਖੀਆ ਪੰਚੇ ਮਿਲੇ
ਗੁਰਮੁਖਿ ਨਿਜ ਘਰਿ ਵਾਸੁ ॥ ਅੰਗ - ੧੨੯੧

ਪੰਜ ਜਿਹੜੇ ਨੇ ਸਦਗੁਣ, ਪੰਜੋ ਕਰਮ ਇੰਦਰੇ, ਪੰਜੋ ਗਿਆਨ ਇੰਦਰੇ, ਸਾਰੇ ਆਪਣੇ ਕਾਰਨ ਦੇ ਲੈਅ ਹੋ ਜਾਂਦੇ ਨੇ ਤੇ ਸੁਖਾਂ ਦੇ ਘਰ ਦੀ ਪ੍ਰਾਪਤੀ ਹੋ ਜਾਂਦੀ ਹੈ, ਨਿਜ ਘਰ ਦੀ।

ਸਬਦੁ ਖੋਜਿ ਇਹੁ ਘਰੁ ਲਹੈ
ਨਾਨਕੁ ਤਾ ਕਾ ਦਾਸੁ ॥ ਅੰਗ - ੧੨੯੧

ਲੇਕਿਨ ਨਾਮ ਦੀ ਖੋਜ ਤੋਂ ਜੋ ਸ਼ਬਦ ਮਿਲਦਾ ਹੈ, ਜਿਹਨੂੰ ਮਿਲ ਗਿਆ ਉਹਦੇ ਮੈਂ ਚਰਨਾਂ ਦਾ ਦਾਸ ਬਣਦਾ ਹਾਂ। ਕਿਉਂਕਿ ਪੂਰੀ ਅਵਸਥਾ ਪ੍ਰਾਪਤ ਹੋ ਗਈ। ਇਹ ਗੁਰੂ ਦਾ ਕੰਮ ਹੋਇਆ ਕਰਦਾ ਹੈ -

ਸਤਿਗੁਰੁ ਪੁਰਖ ਅਗੰਮੁ ਹੈ ਨਿਰਵੈਰੁ ਨਿਰਾਲਾ।
ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।
(ਭਾਈ ਗੁਰਦਾਸ ਜੀ, ਵਾਰ ੩੪/੧)

ਉਹ ਧਰਤੀ ਹੈ, ਧਰਮ ਦੀ ਧਰਤੀ ਹੈ -

ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।
ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।
(ਭਾਈ ਗੁਰਦਾਸ ਜੀ, ਵਾਰ ੩੪/੧)

ਜਿਹੋ ਜਿਹਾ ਬੀਜ ਦਿਓਂਗੇ, ਸਤਿਗੁਰੂ 'ਚ ਬਹੁਤੀ ਸ਼ਰਧਾ ਰਖ ਲਓਂਗੇ, ਬਹੁਤਾ ਫਲ ਪ੍ਰਾਪਤ ਕਰ ਲਓਂਗੇ। ਤਰਕ ਕਰੋਂਗੇ ਤਰਕ ਦਾ ਫਲ ਪ੍ਰਾਪਤ ਹੋ ਜਾਏਗਾ। ਜਿਹੋ ਜਿਹਾ ਹੀ ਮੂੰਹ ਕਰਕੇ ਦੇਖੋਂਗੇ ਓਹੋ ਜਿਹਾ ਹੀ ਮੂੰਹ ਕਰਕੇ ਨਜ਼ਰ ਆਏਗਾ ਗੁਰੂ। ਵੈਸੇ ਗੁਰੂ ਜੋ ਹੈ ਦੇਵਤੇ ਬਣਾ ਦਿੰਦਾ ਹੈ। ਸਤਿਗੁਰੂ ਦੀ ਸੰਗਤ ਐਸੀ ਹੈ ਕਿ ਪਸ਼ੂ ਤੇ ਪ੍ਰੇਤ ਨੂੰ ਬਦਲ ਕੇ -

ਜਿਨਿ ਮਾਣਸ ਤੇ ਦੇਵਤੇ
ਕੀਏ ਕਰਤ ਨ ਲਾਗੀ ਵਾਰ ॥ ਅੰਗ- ੪੬੩

ਉਹਨੂੰ ਦੇਰ ਨਹੀਂ ਲਗਦੀ। ਸੋ ਐਸਾ ਸਤਿਗੁਰੂ ਹੈ, ਪੜ੍ਹੋ ਪਿਆਰ ਨਾਲ -

ਧਾਰਨਾ - ਬੰਦਾ ਪਸ਼ੂਆਂ ਤੋਂ ਦੇਵ ਬਣ ਜਾਵੇ,
ਸੇਵਾ ਕਰਕੇ ਸਤਿਗੁਰੂ ਦੀ।

ਪੂਰੇ ਗੁਰੂ ਨੂੰ ਮਿਲ ਕੇ, ਚਾਹੇ ਪ੍ਰੇਤ ਬਿਰਤੀ ਦਾ ਬੰਦਾ ਹੈ, ਚਾਹੇ ਪਸ਼ੂ level ਪੱਧਰ ਦਾ ਬੰਦਾ ਹੈ, ਉਹ ਦੇਵਤਾ level ਦੇ ਵਿਚ ਪਹੁੰਚ ਜਾਂਦਾ ਹੈ। ਦੇਵ ਪਦਵੀ ਦੀ ਪ੍ਰਾਪਤੀ ਹੋ ਜਾਇਆ ਕਰਦੀ ਹੈ।

ਵਾਸਿ ਸੁਵਾਸੁ ਨਿਵਾਸੁ ਕਰਿ ਸਿੰਮਲਿ
ਗੁਰਮੁਖਿ ਸੁਖ ਫਲ ਲਾਏ।
ਭਾਈ ਗੁਰਦਾਸ ਜੀ, ਵਾਰ ੨੮/੧੧

ਸਿੰਮਲ ਰੁੱਖ ਨੂੰ ਚੰਦਨ ਦੇ ਪਾਸ ਲਾ ਦਿਓ, ਚੰਦਨ ਦਾ ਜੋ ਅਸਰ ਹੈ ਉਹਦੇ ਵਿਚ ਆ ਕੇ, ਉਹਦੇ ਫੁੱਲਾਂ 'ਚ ਉਹਦੇ ਪੱਤਿਆਂ 'ਚ, ਸਾਰਿਆਂ 'ਚ ਉਹਦੀ ਸੁਗੰਧੀ ਆ ਜਾਏਗੀ।

ਸੋਇਨਾ ਹੋਇ ਮਨੂਰੁ ਮਿਲੁ ਕਾਗਹੁ
ਪਰਮ ਹੰਸੁ ਕਰਵਾਏ।
ਭਾਈ ਗੁਰਦਾਸ ਜੀ, ਵਾਰ ੨੮/੧੧

ਜੋ ਮਨੂਰ ਹੈ ਜਦੋਂ, ਪਾਰਸ ਨੂੰ ਮਿਲਦਾ ਹੈ, ਉਹ ਸੋਨਾ ਹੋ ਜਾਂਦਾ ਹੈ। ਕਾਗ ਬਿਰਤੀ ਜੋ ਬੰਦਾ ਹੈ ਜਦੋਂ ਸਤਿਸੰਗ 'ਚ ਆਉਂਦਾ ਹੈ, ਉਹਨੂੰ ਪਰਮਹੰਸ ਦੀ ਬਿਰਤੀ ਪ੍ਰਾਪਤ ਹੋ ਜਾਂਦੀ ਹੈ। ਸਤਿ ਤੇ ਅਸਤਿ ਦਾ ਉਹ ਨਿਰਣਾ ਕਰਨਾ ਦੀ ਸਮਰਥਾ ਰਖ ਲੈਂਦਾ ਹੈ।

ਪਸੂ ਪਰੇਤਹੁ ਦੇਵ ਕਰਿ ਸਤਿਗੁਰ
ਦੇਵ ਸੇਵ ਭੈ ਪਾਏ।
ਭਾਈ ਗੁਰਦਾਸ ਜੀ, ਵਾਰ ੨੮/੧੧

ਪਸ਼ੂਆਂ ਤੋਂ, ਪ੍ਰੇਤਾਂ ਤੋਂ ਦੇਵਤਾ ਬਣਾ ਦਿੰਦਾ ਹੈ ਤੇ ਆਪਣੀ ਭਗਤੀ ਦੇ ਵਿਚ ਲਾ ਲੈਂਦਾ ਹੈ।

ਸਭ ਨਿਧਾਨ ਰਖਿ ਸੰਖ ਵਿਚਿ
ਹਰਿ ਜੀ ਲੈ ਲੈ ਹਥਿ ਵਜਾਏ।
ਭਾਈ ਗੁਰਦਾਸ ਜੀ, ਵਾਰ ੨੮/੧੧

ਸਾਰੇ ਚਾਰੋ ਪਦਾਰਥਾਂ ਜੋ ਖਜ਼ਾਨਾ ਹੈ, ਵਾਹਿਗੁਰੂ ਦੇ ਨਾਮ ਰੂਪੀ ਸੰਖ ਦੇ ਵਿਚ, ਪ੍ਰਮੇਸ਼ਰ ਰੱਖ ਕੇ ਸਾਰੀ ਦੁਨੀਆਂ ਨੂੰ ਦਿੰਦਾ ਹੀ ਚਲਿਆ ਜਾਂਦਾ ਹੈ।

ਪਤਿਤ ਉਧਾਰਣੁ ਆਖੀਐ
ਭਗਤਿ ਵਛਲ ਹੋਇ ਆਪੁ ਛਲਾਏ।
ਭਾਈ ਗੁਰਦਾਸ ਜੀ, ਵਾਰ ੨੮/੧੧

ਉਹ ਪਤਿਤਾਂ ਦਾ ਉਧਾਰ ਕਰਨ ਵਾਲਾ ਹੈ ਲੇਕਿਨ ਭਗਤਾਂ ਦੇ ਵਸ ਵਿਚ ਹੋ ਕੇ ਆਪਣੇ-ਆਪ ਨੂੰ ਛਲਾ ਵੀ ਲੈਂਦਾ ਹੈ। ਬਲ ਰਾਜਾ ਯੱਗ ਕਰ ਰਿਹਾ ਹੈ। ਦੇਵਤਿਆਂ ਨੇ ਉਹਦਾ ਜਦੋਂ ਪ੍ਰਤਾਪ ਦੇਖਿਆ ਤਾਂ ਪ੍ਰਮੇਸ਼ਰ ਕੋਲ ਫਰਿਆਦੀ ਹੋਏ ਕਿ ਹੇ ਪ੍ਰਭੂ! ਇਹ ਦੈਂਤ ਲੋਕਾਂ ਦਾ ਰਾਜ ਹੋ ਜਾਏਗਾ, ਇਨ੍ਹਾਂ ਦੀ ਮਰਿਆਦਾ ਅੱਛੀ ਨਹੀਂ ਬਲ ਠੀਕ ਹੈ, ਬਾਕੀ ਤਾਂ ਇਨ੍ਹਾਂ ਦੀਆਂ ਮਰਿਆਦਾ ਸਾਰੀਆਂ ਗਲਤ ਨੇ। ਸਾਡੀ ਰੱਖਿਆ ਕਰੋ। ਉਸ ਵੇਲੇ ਭਗਵਾਨ ਇਕ ਬੌਨੇ

ਦਾ ਰੂਪ ਧਾਰ ਕੇ ਦਰਵਾਜ਼ੇ ਦੇ ਅੱਗੇ ਆ ਕੇ ਵੇਦਾਂ ਦੀਆਂ ਰਿਚਾਂ ਪੜ੍ਹਨੀਆਂ ਸ਼ੁਰੂ ਕਰ ਦਿੰਦਾ ਹੈ। ਬਲ ਰਾਜੇ ਨੇ ਜਦੋਂ ਸੋਹਣਾ ਬੋਲ ਸੁਣਿਆ, ਸਪਸ਼ਟ ਉਚਾਰਨ ਸੁਣਿਆ, ਮਨ ਨੂੰ ਭਾਅ ਗਿਆ, ਉਸ ਵੇਲੇ ਕਹਿਣ ਲੱਗਿਆ, ਅੰਦਰ ਲਿਆਓ ਏਸਨੂੰ। ਕਹਿਣ ਲੱਗਿਆ, ਮੈਂ ਤੇਰੇ 'ਤੇ ਬਹੁਤ ਪ੍ਰਸੰਨ ਹੋਇਆ ਹਾਂ, ਮੰਗ ਕੀ ਮੰਗਦਾ ਹੈਂ? ਜੋ ਮੰਗੇਂਗਾ ਮੈਂ ਤੈਨੂੰ ਦੇ ਦੇਵਾਂਗਾ। ਕਹਿਣ ਲੱਗੇ, ਰਾਜਨ! ਅਸੀਂ ਕੀ ਮੰਗਣਾ ਹੈ, ਸਾਨੂੰ ਤਾਂ ਸਿਰਫ ਢਾਈ ਕਰਮ ਜਗ੍ਹਾ ਚਾਹੀਦੀ ਹੈ, ਛਪਰੀ ਪਾ ਕੇ ਤੇਰੇ ਦਰ ਦੇ ਮੂਹਰੇ ਬੈਠੇ ਰਹਿਣਾ ਹੈ। ਇੱਥੇ ਹੀ ਅਸੀਂ ਪਿਆਰ ਦੇ ਨਾਲ ਗਾਉਂਦੇ ਵਜਾਉਂਦੇ ਰਹਾਂਗੇ। ਜਿਸ ਵਕਤ ਚੂਲੀ ਛੱਡਣ ਲੱਗਿਆ, ਉਸ ਵੇਲੇ ਸ਼ੁਕਰ ਜੋ ਗੁਰੂ ਸੀ ਉਸਦਾ, ਉਹ ਕਹਿਣ ਲੱਗਿਆ ਕਿ ਛਲ ਹੋ ਰਿਹਾ ਹੈ, ਇਹ ਭਗਵਾਨ ਆਪ ਆਇਆ ਹੈ ਤੇਰੇ ਦਰ 'ਤੇ। ਛਲ ਕਰੇਗਾ ਇਹ ਤੇਰੇ ਨਾਲ। ਉਹ ਕਹਿੰਦਾ ਕਮਾਲ ਦੀ ਗੱਲ ਹੈ, ਭਗਵਾਨ ਬਚਨ 'ਚ ਬੰਨ੍ਹਿਆ ਗਿਆ, ਮੈਂ ਛਲਿਆ ਗਿਆ ਕਿ ਇਹ ਛਲਿਆ ਗਿਆ। ਜੇ ਭਗਵਾਨ ਮੇਰੇ ਤੋਂ ਸਭ ਕੁਛ ਲੈ ਲਏਗਾ ਤਾਂ ਇਸ ਤੋਂ ਅੱਗੇ ਮੈਨੂੰ ਹੋਰ ਚਾਹੀਦਾ ਹੈ। ਮੈਂ ਤਾਂ ਆਪਣਾ ਆਪਾ ਸਮਰਪਣ ਕੀਤਾ ਹੋਇਆ ਹੈ। ਚੂਲੀ ਛੱਡ ਦਿੱਤੀ ਤੇ ਉਸ ਤੋਂ ਬਾਅਦ ਢਾਈ ਕਰਮਾਂ ਲੈਣ ਵਾਸਤੇ ਸਾਰੀ ਧਰਤੀ ਦੀਆਂ ਸਿਰਫ ਦੋ ਕਰਮਾਂ ਕਰੀਆਂ, ਜਦੋਂ ਅੱਧੀ ਰਹਿ ਗਈ, ਕਹਿੰਦੇ ਅੱਧੀ? ਕਹਿੰਦਾ, ਮੇਰਾ ਸਰੀਰ ਹਾਜ਼ਰ ਹੈ। ਦਿੱਤਾ ਰਾਜ ਪਾਤਾਲ ਦਾ। ਪਾਤਾਲ ਦਾ ਰਾਜ ਦੇ ਕੇ ਜਦੋਂ ਉਥੇ ਤੁਰਨ ਲੱਗੇ, ਕਹਿੰਦੇ ਹੇ ਪ੍ਰਭੂ! ਤੁਹਾਡਾ ਬਚਨ ਤੁਹਾਨੂੰ ਯਾਦ ਹੈ ਤੁਸੀਂ ਕਿਹਾ ਸੀ, ਮੈਂ ਦਰਵਾਜ਼ੇ ਮੂਹਰੇ ਰਹਾਂਗਾ –

ਨਾਮਾ ਕਹੈ ਭਗਤਿ ਬਸਿ ਕੇਸਵ
ਅਜਹੂੰ ਬਲਿ ਕੇ ਦੁਆਰ ਖਰੋ ॥ ਅੰਗ – ੧੧੦੫

ਕਹਿੰਦੇ ਪਿਆਰ ਦਾ ਬੰਨ੍ਹਿਆ ਹੋਇਆ ਅਜੇ ਵੀ ਬਲ ਰਾਜੇ ਦੇ ਦੁਆਰ 'ਤੇ ਖੜ੍ਹਾ ਹੈ ਪ੍ਰਭੂ। ਸੋ ਪਤਿਤਾਂ ਦਾ ਉਧਾਰ ਕਰਦਾ ਹੈ ਜਦੋਂ ਭਗਤਾ ਦੇ ਪਿਆਰ ਵਿਚ ਆਉਂਦਾ ਹੈ ਫੇਰ ਆਪਣਾ ਆਪ ਛਲਾ ਲੈਂਦਾ ਹੈ।

ਗੁਣ ਕੀਤੇ ਗੁਣ ਕਰੇ ਜਗੁ
ਅਵਗੁਣ ਕੀਤੇ ਗੁਣ ਗੁਰ ਭਾਏ॥
(ਭਾਈ ਗੁਰਦਾਸ ਜੀ, ਵਾਰ ੨੮/੧੧)

ਸਾਰਾ ਸੰਸਾਰ ਜੇ ਕੋਈ ਗੁਣ ਕਰ ਦੇਵੇ, ਉਹਦੇ 'ਤੇ ਗੁਣ ਕਰਦਾ ਹੈ। ਲੇਕਿਨ ਜੇ ਕੋਈ ਆਪਣੇ ਨਾਲ ਵਧੀਕੀ ਕਰੇ, ਫੇਰ ਉਹਦੇ ਨਾਲ ਗੁਣ ਤਾਂ ਕੋਈ ਕਰ ਨਹੀਂ ਸਕਦਾ। ਇਹ ਗੁਰੂ ਨਾਨਕ ਪਾਤਸ਼ਾਹ ਹੀ ਸੀ, ਜੇ ਪੱਥਰ ਰੋੜ੍ਹਦਾ ਹੈ ਵਲੀ ਕੰਧਾਰੀ ਤਾਂ ਉਹਦਾ ਵੀ ਉਧਾਰ ਕਰ ਦਿੱਤਾ। ਜੇ ਕੌਡਾ ਰਾਕਸ਼ ਮਰਦਾਨੇ ਨੂੰ ਤਲ ਕੇ ਖਾਣਾ ਚਾਹੁੰਦਾ ਹੈ। ਉਹਦਾ ਵੀ ਉਧਾਰ ਕਰ ਦਿੱਤਾ। ਜੋ ਵੀ ਮਿਲਿਆ ਹੈ, ਜੇ ਸੱਜਣ ਠੱਗ ਮਾਰਨ ਦੀਆਂ ਤਿਆਰੀਆਂ ਕਰਦਾ ਹੈ, ਭੌਰੇ 'ਚ ਮਾਰ ਕੇ ਸੁੱਟਣਾ ਚਾਹੁੰਦਾ ਹੈ ਉਹਦਾ ਵੀ ਉਧਾਰ ਕਰ ਦਿੱਤਾ। ਗੁਣ ਕਰਨ 'ਤੇ ਤਾਂ ਸਾਰੇ ਹੀ ਪ੍ਰਸੰਨ ਹੁੰਦੇ ਨੇ, ਲੇਕਿਨ –

........ਅਵਗੁਣ ਕੀਤੇ ਗੁਣ ਗੁਰ ਭਾਏ॥
ਭਾਈ ਗੁਰਦਾਸ ਜੀ, ਵਾਰ ੨੮/੧੧

ਇਹ ਕੇਵਲ ਗੁਰੂ ਕਰ ਸਕਦਾ ਹੈ। ਔਗੁਣ ਕਰਦਿਆਂ–ਕਰਦਿਆਂ ਨੂੰ ਗੁਣ ਬਖਸ਼ ਦਿੰਦਾ ਹੈ।

ਪਰਉਪਕਾਰੀ ਜਗ ਵਿਚ ਆਏ॥
ਭਾਈ ਗੁਰਦਾਸ ਜੀ, ਵਾਰ ੨੮/੧੧

ਗੁਰੂ ਤੀਸਰੇ ਪਾਤਸ਼ਾਹ ਦਾ ਸਮਾਂ ਗੁਜ਼ਰ ਰਿਹਾ ਹੈ। ਦੂਰ–ਦੂਰ ਤਕ ਆਪ ਦੀ ਪ੍ਰਸਿੱਧੀ ਗਈ। ਕਿਉਂਕਿ ਸਾਰੀਆਂ ਸ਼ਕਤੀਆਂ ਪ੍ਰਤੱਖ ਵਰਤ ਰਹੀਆਂ ਸੀ। ਉਸ ਵੇਲੇ ਜੋ ਗੁਰਸਿੱਖ ਸੀ, ਹੁਣ ਵਾਲਾ ਹਾਲ ਨਹੀਂ ਸੀਗਾ, ਜਦੋਂ ਗਿਣਤੀਆਂ ਵਧ ਜਾਂਦੀਆਂ ਨੇ, ਖੋਟ ਵਿੱਚ ਆ ਰਲਿਆ ਕਰਦੀ ਹੈ। ਜਿੰਨੀ ਗਿਣਤੀ ਘੱਟ ਹੋਵੇ, ਓਨੀ purity ਰਿਹਾ ਕਰਦੀ ਹੈ। ਜਦੋਂ ਧਰਮ ritual ਬਣ ਜਾਵੇ, ਉਹਦੇ ਵਿਚੋਂ ਖਿੱਚ ਖਤਮ ਹੋ ਜਾਇਆ ਕਰਦੀ ਹੈ, ਉਤਸ਼ਾਹ ਨਹੀਂ ਉਹਦੇ ਵਿਚ ਰਿਹਾ ਕਰਦਾ। ਲੇਕਿਨ ਉਸ ਵੇਲੇ ਜੋ ਗੁਰਸਿੱਖ ਸੀ ਉਹ ਪੂਰੇ ਕਰਨੀ ਕਮਾਈ ਵਾਲੇ ਗੁਰੂ ਦੇ ਹੁਕਮ 'ਤੇ ਚੱਲਣ ਵਾਲੇ ਸੀ, ਇੱਕ ਪਿੰਡ ਮਾਝੇ ਦਾ ਨਰੇਲੇ ਨਾਮ ਦਾ ਪਿੰਡ ਉਥੇ ਇੱਕ ਪ੍ਰੇਮੀ ਰਹਿੰਦਾ ਸੀ, ਜੋ ਕਰਮ ਕਾਂਡ ਕਰਦਾ ਸੀ। ਕਰਮਕਾਂਡ ਦੇ ਵਿਚ ਵਿਸ਼ਵਾਸ਼ ਰਖਦਾ ਸੀ, ਦੁਆਪਰ ਯੁੱਗ ਦੇ ਵਿਚ ਕਰਮਕਾਂਡ ਹੋਇਆ ਕਰਦੇ ਸੀ। ਉਨ੍ਹਾਂ ਦਿਨਾਂ 'ਚ ਬਹੁਤ ਵਧ ਗਏ ਸੀ, ਕੋਈ ਪੈਰ ਪੁੱਟਣਾ ਹੈ ਤਾਂ ਵੀ ਕਰਮ ਕਾਂਡ ਦਾ ਹਿਸਾਬ ਲਾਇਆ ਜਾਂਦਾ। ਧਰਮ ਹੀ ਧਰਮ ਸੀਗੇ ਬੇਅੰਤ ਕਿ ਮੇਰਾ ਮਾਂ–ਬਾਪ ਵਾਸਤੇ ਕੀ ਧਰਮ ਹੈ, ਪਿਉ ਵਾਸਤੇ ਕੀ ਧਰਮ ਹੈ, ਸਸ਼ਤਰ ਚਲਾਉਣ ਵਾਸਤੇ ਕੀ ਧਰਮ ਹੈ, ਰਾਜ ਵਾਸਤੇ ਮੇਰਾ ਕੀ ਧਰਮ ਹੈ। ਕਰਮਕਾਂਡ ਐਨੇ ਜ਼ਿਆਦਾ ਵਧ ਗਏ ਸੀ ਕਿ ਆਦਮੀ ਉਲਝ ਕੇ ਰਹਿ ਗਿਆ। ਪ੍ਰਮੇਸ਼ਰ ਦਾ ਗਿਆਨ ਖਤਮ ਹੋ ਗਿਆ, ਕਲਜੁਗ ਦਾ ਜ਼ੋਰ ਆ ਗਿਆ, ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਪ੍ਰੇਮੀਓ! ਕਰਮਕਾਂਡ ਦੇ ਨਾਲ ਹੁਣ ਗੁਜ਼ਾਰਾ ਨਹੀਂ ਹੋਣਾ, ਕਿਉਂਕਿ ਇਹ ਉਨ੍ਹਾਂ ਜੁਗਾਂ ਦਾ ਧਰਮ ਸੀ। ਵੇਦਾਂ ਤੇ ਪੁਰਾਣਾਂ ਨੂੰ ਸੋਧ ਕੇ ਵੇਖ ਲਓ, ਸਤਿਜੁਗ ਦਾ ਜੋ ਹੈ ਸਤਿ ਸੀ ਧਰਮ –

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥
ਅੰਗ – ੩੪੬

ਉਸ ਵੇਲੇ ਪੂਜਾ ਨੇ ਥਾਉਂ ਲੈ ਲਿਆ ਤੇ ਕਰਮਕਾਂਡ ਨੇ ਥਾਂ ਲੈ ਲਿਆ ਦੁਆਪਰ 'ਚ।

ਤੀਨੌ ਜੁਗ ਤੀਨੌ ਦਿੜੇ
ਕਲਿ ਕੇਵਲ ਨਾਮ ਅਧਾਰ॥ ਅੰਗ – ੩੪੬

ਤਿੰਨਾਂ ਦਾ ਧਰਮ ਖਤਮ ਹੋ ਗਿਆ, ਹੁਣ ਕਲਜੁਗ ਆ ਗਿਆ। ਕਲਜੁਗ ਦਾ ਜੋ ਧਰਮ ਹੈ, ਉਹ ਇਨ੍ਹਾਂ ਤੋਂ ਨਿਵੇਕਲਾ ਹੈ –

ਧਾਰਨਾ – ਕਲੂ ਆਇਓ ਰੇ
ਇਕ ਨਾਮ ਬੀਜ ਲਓ।

ਅਬ ਕਲੂ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥
ਮਤੁ ਭਰਮਿ ਭੂਲਹੁ ਭੂਲਹੁ ॥ ਅੰਗ – ੧੧੮੫

'ਚਲਦਾ'

ਮਾਤਾ ਸਾਹਿਬ ਦੇਵਾ ਜੀ

ਗੁਰਸਿੱਖਾਂ ਦੀ ਧਰਮ ਮਾਤਾ

ਮਾਤਾ ਸਾਹਿਬ ਦੇਵਾ ਜੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਤੀਸਰੇ ਤੇ ਸਭ ਤੋਂ ਛੋਟੇ ਮਹਲ ਸਨ। ਚਾਰ ਸਾਹਿਬਜ਼ਾਦੇ ਪ੍ਰਗਟ ਹੋਣ ਪਿਛੋਂ ਗੁਰਾਂ ਜੀ ਨੇ ਗ੍ਰਹਿਸਥ ਤਿਆਗ ਦਿੱਤਾ ਸੀ।

ਸ੍ਰੀ ਅਨੰਦਪੁਰ ਸਾਹਿਬ ਦੀਵਾਨ ਲੱਗਿਆ ਹੋਇਆ ਸੀ। ਜ਼ਿਲਾ ਜੇਹਲਮ (ਪਾਕਿਸਤਾਨ) ਪਿੰਡ ਰਵੀਤਾਸ ਤੋਂ ਰਾਮੂ ਖਤਰੀ ਆਪਣੀ 18 ਸਾਲ ਦੀ ਕੰਨਿਆਂ ਲੈ ਕੇ ਦੀਵਾਨ ਵਿਚ ਹਾਜ਼ਰ ਹੋਇਆ। ਉਸ ਨੇ ਬੇਨਤੀ ਕੀਤੀ ਕਿ ਗੁਰੂ ਜੀ! ਆਪ ਦੀ ਚਰਨ ਦਾਸੀ ਸਮਝ ਕੇ ਇਸ ਦੀ ਪਾਲਣਾ ਕੀਤੀ ਹੈ। ਨਿੱਕਿਆਂ ਹੁੰਦਿਆਂ ਹੀ ਇਨ੍ਹਾਂ ਨੂੰ ਸਾਰੇ ਮਾਤਾ ਜੀ ਆਖਦੇ ਹਨ। ਸਾਰੀਆਂ ਸੰਗਤਾਂ ਹੈਰਾਨ ਸੀ ਕਿ ਗੁਰੂ ਜੀ ਨੇ ਤਾਂ ਗ੍ਰਹਿਸਥ ਤਿਆਗ ਦਿੱਤਾ ਹੈ। ਸਵਾਲੀ ਦਾ ਸਵਾਲ ਕਿਵੇਂ ਪੂਰਾ ਹੋਵੇਗਾ।

ਸਾਰੀਆਂ ਸੰਗਤਾਂ ਨੇ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਗੁਰੂ ਸਾਹਿਬ ਜੀ! ਇਹ ਗੁਰੂ ਨਾਨਕ ਦੇਵ ਜੀ ਦਾ ਘਰ ਹੈ। ਇਥੋਂ ਕੋਈ ਵੀ ਸਵਾਲੀ ਖਾਲੀ ਨਹੀਂ ਜਾਣਾ ਚਾਹੀਦਾ। ਸੰਗਤ ਦੀ ਬੇਨਤੀ ਸੁਣ ਕੇ ਸ਼ਹਿਨਸ਼ਾਹ ਫੁਰਮਾਏ ਕਿ ਪਿਆਰੀ ਸਾਧ ਸੰਗਤ ਜੀ! ਇਸ ਲੜਕੀ ਤੋਂ ਪੁੱਛਿਆ ਜਾਏ ਜੇ ਇਹ ਪੂਰਾ ਜੀਵਨ ਜਤੀ ਰਹਿ ਕੇ ਗੁਜ਼ਾਰ ਸਕਦੀ ਹੈ ਤਾਂ ਸਾਡੇ ਮਹਲ ਬਣ ਸਕਦੀ ਹੈ। ਮਾਤਾ ਜੀ ਉਸ ਵਕਤ 18 ਸਾਲ ਦੇ ਸੀ। ਸੱਚੇ ਪਾਤਸ਼ਾਹ ਦੇ ਬਚਨ ਖਿੜੇ ਮੱਥੇ ਤੇ ਪ੍ਰਵਾਨ ਕੀਤੇ। ਇਹ ਸ਼ਰਤ ਪੇਸ਼ ਕੀਤੀ ਕਿ ਸੱਚੇ ਪਾਤਸ਼ਾਹ ਜੀ! ਆਪ ਜੀ ਦੇ ਪਵਿੱਤਰ ਦਰਸ਼ਨਾਂ ਦਾ ਇਕ ਸਮਾਂ ਬਖਸ਼ ਦਿਉ। ਪੂਰੀ ਜ਼ਿੰਦਗੀ ਲੰਗਰ ਦੀ ਸੇਵਾ ਕਰਾਂਗੀ। ਇਸ ਸ਼ਰਤ ਤੇ ਮਾਤਾ ਜੀ ਦੇ ਅਨੰਦ ਕਾਰਜ ਗੁਰੂ ਜੀ ਦੇ ਨਾਲ ਸ੍ਰੀ ਅਨੰਦਪੁਰ ਸਾਹਿਬ ਦੇ ਵਿਚ ਹੋਏ। ਮਾਤਾ ਜੀ ਲੰਗਰ ਦੀ ਸੇਵਾ ਕਰਿਆ ਕਰਦੇ ਸੀ। ਹਜ਼ਾਰਾਂ ਸੇਵਕਾਂ ਦੇ ਹੁੰਦਿਆਂ ਵੀ ਕੋਈ ਮਾਣ ਨਹੀਂ ਸੀ ਕਰਦੇ ਕਿ ਅਸੀਂ ਸੱਚੇ ਪਾਤਸ਼ਾਹ ਜੀ ਦੇ ਮਹੱਲ ਹਾਂ। ਮਾਤਾ ਜੀ ਦੀ ਨਿਰਮਾਣਤਾ ਵਾਲੀ ਸੇਵਾ ਦੇਖ ਕੇ ਗੁਰੂ ਜੀ ਫੁਰਮਾਏ ਕਿ ਸਾਹਿਬ ਦੇਵਾਂ ਜੀ ਕੋਈ ਇੱਛਾ ਪ੍ਰਗਟ ਕਰੋ, ਕੋਈ ਵਰ ਪ੍ਰਾਪਤ ਕਰੋ। ਮਾਤਾ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀ ਆਪ ਜੀ ਨੂੰ ਕਿਸੇ ਦੀ ਭੁੱਲ ਨਹੀਂ। ਬਿਨਾਂ ਬੋਲੇ ਸਭ ਕੁਝ ਜਾਣਦੇ ਹੋ।

ਸੱਚੇ ਪਾਤਸ਼ਾਹ ਜੀ ਖੁਸ਼ ਹੋ ਕੇ ਵਰ ਬਖਸ਼ਿਆ ਕਿ ਸਾਹਿਬ ਦੇਵਾਂ ਜੀ ਆਪ ਨੂੰ ਐਸਾ ਪੁੱਤਰ ਬਖਸ਼ਾਂਗੇ ਜਿਹੜਾ ਰਹਿੰਦੀ ਦੁਨੀਆਂ ਤਕ ਰਹੇਗਾ। ਜਿਸ ਨੂੰ ਕੋਈ ਫਤਹਿ ਨਹੀਂ ਕਰ ਸਕੇਗਾ। ਥੋੜ੍ਹੇ ਸਮੇਂ ਪਿਛੋਂ ਹੀ 1699 ਦੀ ਵਿਸਾਖੀ ਤੇ ਗੁਰਦਵਾਰਾ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਜੀ ਦੇ ਅਸਥਾਨ ਤੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ।

ਇਸ ਤੋਂ ਪਹਿਲਾਂ ਗੁਰੂ ਜੀ ਨੇ ਵਾਰੀ-ਵਾਰੀ ਪੰਜਾਂ ਸਿੱਖਾਂ ਨੂੰ ਸ਼ਹੀਦ ਕੀਤਾ ਅਤੇ ਫਿਰ ਵਾਹਿਗੁਰੂ ਦੀ ਸ਼ਕਤੀ ਨਾਲ ਜ਼ਿੰਦਾ ਕੀਤਾ। ਉਨ੍ਹਾਂ ਨੂੰ ਸੁੰਦਰ ਨੀਲੇ ਪੁਸ਼ਾਕੇ ਨਾਲ ਜ਼ਿੰਦਾ ਕੀਤਾ। ਉਨ੍ਹਾਂ ਨੂੰ ਸੁੰਦਰ ਨੀਲੇ ਪੁਸ਼ਾਕੇ ਪਵਾਏ ਅਤੇ ਹੱਥਾਂ ਵਿਚ ਸ਼ਸਤਰ (ਤਲਵਾਰਾਂ) ਦਿੱਤੇ। ਇਸ ਤੋਂ ਪਿਛੋਂ ਗੁਰੂ ਜੀ ਨੇ ਪੰਜਾਂ ਬਾਣੀਆਂ ਦੇ ਪਾਠ ਅਤੇ ਖੰਡੇ ਬਾਟੇ ਨਾਲ ਅੰਮ੍ਰਿਤ ਤਿਆਰ ਕੀਤਾ। ਦੋ ਚਿੜੇ ਆਏ ਤੇ ਇਕ-ਇਕ ਬੂੰਦ ਉਨ੍ਹਾਂ ਨੇ ਅੰਮ੍ਰਿਤ ਪੀ ਲਿਆ ਤਾਂ ਉਹ ਦੋਨੋਂ ਹੀ ਆਪਸ ਵਿਚ ਲੜਨ ਲੱਗੇ ਅਤੇ ਗੁਰੂ ਜੀ ਦੀ ਹਜ਼ੂਰੀ ਵਿਚ ਲੜਦੇ ਲੜਦੇ ਮਰ ਗਏ। ਸਭ ਨੇ ਵੇਖਿਆ ਕਿ ਅੰਮ੍ਰਿਤ ਵਿਚ ਕਿਤਨੀ ਸ਼ਕਤੀ ਹੈ।

ਉਧਰ ਮਾਤਾ ਜੀਤਾਂ ਜੀ ਜੋ ਆਪਣੀ ਆਤਮਿਕ ਸ਼ਕਤੀ ਨਾਲ ਵੇਖ ਰਹੇ ਸਨ, ਆਪਣੀ ਝੋਲੀ ਵਿਚ ਪਤਾਸ਼ਿਆਂ ਦਾ ਪ੍ਰਸ਼ਾਦ ਲੈ ਕੇ ਗੁਰੂ ਜੀ ਦੇ ਕੋਲ ਜਾ ਕੇ ਅੰਮ੍ਰਿਤ ਵਿਚ ਪਾ ਦਿੱਤੇ ਤਾਂ ਕਿ ਸਿੱਖਾਂ ਵਿਚ ਮਿਠਾਸ ਤੇ ਪ੍ਰੇਮ ਪਿਆਰ ਬਣਿਆ ਰਹੇ। ਇਹ ਵੇਖ ਗੁਰੂ ਜੀ ਬੋਲੇ ਕਿ ਤੁਸਾਂ ਅੱਛਾ ਕੀਤਾ ਹੈ। ਫਿਰ ਗੁਰੂ ਜੀ ਨੇ ਆਖਿਆ ਕਿ ਸਾਹਿਬ ਦੇਵਾ ਜੀ! ਅੱਜ ਆਪ ਨੂੰ ਪੁੱਤਰ ਦੀ ਦਾਤ ਬਖਸ਼ਿਸ਼ ਹੋਵੇਗੀ। ਗੁਰੂ ਜੀ ਨੇ ਅੰਮ੍ਰਿਤ ਤਿਆਰ ਕਰ ਕੇ ਸਾਰੀ ਸੰਗਤ ਨੂੰ ਵਧਾਈ ਦਿੱਤੀ ਤੇ ਫੁਰਮਾਇਆ ਕਿ ਪਿਆਰੀ ਸਾਧਸੰਗਤ ਜੀ! ਔਰੰਗਜ਼ੇਬ ਦੋ ਤੋਂ ਇੱਕ ਧਰਮ ਬਣਾ ਰਿਹਾ ਸੀ ਇਹ ਤੀਸਰਾ ਪੰਥ ਸਜਾਇਆ ਜਾ ਰਿਹਾ ਹੈ। ਅਕਾਲ ਪੁਰਖ ਦੀ ਹਜ਼ੂਰੀ ਵਿਚ ਅਕਾਲ ਪੁਰਖ ਦੀ ਕ੍ਰਿਪਾ ਨਾਲ ਇਹ ਖਾਲਸਾ ਪੰਥ ਸਜਾਇਆ ਹੈ। ਪਹਿਲਾਂ ਗੁਰੂ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਤੇ ਫਿਰ ਪੰਜਾਂ ਪਿਆਰਿਆ ਨੇ ਅੰਮ੍ਰਿਤ ਤਿਆਰ ਕੀਤਾ ਤੇ ਗੁਰੂ ਜੀ ਨੂੰ ਛਕਾਇਆ। ਅਕਾਲ ਪੁਰਖ ਦੀ ਹਜ਼ੂਰੀ ਵਿਚ ਅਕਾਲ ਪੁਰਖ ਦੀ ਕ੍ਰਿਪਾ ਨਾਲ ਇਹ ਖਾਲਸਾ ਪੰਥ ਸਾਜਿਆ ਹੈ। ਗੁਰੂ ਜੀ ਬਹੁਤ ਸਾਰੀਆਂ ਬਖਸ਼ਿਸ਼ਾਂ ਪੰਥ ਖਾਲਸੇ ਨੂੰ ਬਖਸ਼ੀਆਂ। ਗੁਰੂ ਜੀ ਨੇ ਪ੍ਰਸੰਨਤਾ ਨਾਲ ਫੁਰਮਾਇਆ ਕਿ ਅਸੀਂ ਆਪਣੀ ਖੁਸ਼ੀ ਨਾਲ ਇਹ ਪੰਥ ਖਾਲਸਾ ਸਾਹਿਬ ਦੇਵਾਂ ਦੀ ਝੋਲੀ ਵਿਚ ਪਾ ਰਹੇ ਹਾਂ। ਚੜ੍ਹਦੇ ਤੋਂ ਲਹਿੰਦੇ ਤਕ ਸਿੱਖ ਕੌਮ ਸਾਹਿਬ ਦੇਵਾ ਜੀ ਨੂੰ ਮਾਤਾ ਜੀ ਦੇ ਸਮਾਨ ਮੰਨੇਗੀ। ਇਸੇ ਤਰ੍ਹਾਂ ਹੀ ਹੋਇਆ ਹੈ। ਜਦੋਂ ਅਤੇ ਜਿਥੇ ਵੀ ਸਿੱਖ ਅੰਮ੍ਰਿਤ ਛਕਦੇ ਹਨ ਤਾਂ ਪਿਤਾ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਦੇਵਾ ਜੀ ਹੀ ਮੰਨਦੇ ਹਨ। ਸਿੰਘ ਹਮੇਸ਼ਾ ਹੀ ਮੰਨਦੇ ਰਹਿਣਗੇ।

ਜਦੋਂ ਗੁਰੂ ਜੀ ਨੇ ਦੱਖਣ ਦੇਸ਼ ਦੀ ਤਿਆਰੀ ਕੀਤੀ ਤਾਂ ਸਾਰੇ ਪਰਿਵਾਰ ਵਿਚੋਂ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵਾ ਜੀ ਹੀ ਰਹਿ ਗਏ ਸਨ। ਦਿੱਲੀ ਦੀ ਸੰਗਤ ਨੇ ਬੇਨਤੀ ਕਰਕੇ ਮਾਤਾ ਸੁੰਦਰੀ ਜੀ ਨੂੰ ਦਿੱਲੀ ਹੀ ਰਖ ਲਿਆ। ਮਾਤਾ ਸਾਹਿਬ ਦੇਵਾ ਦੱਖਣ ਵਲ ਗੁਰੂ ਜੀ ਦੇ ਨਾਲ ਹੀ ਗਏ। ਗੋਦਾਵਰੀ ਦੇ ਕਿਨਾਰੇ ਮਾਤਾ ਜੀ ਨੇ ਡੇਰੇ ਲਾਏ। ਗੁਰੂ ਜੀ ਨੇ ਸੰਗਤ ਨੂੰ ਦੱਸਿਆ ਕਿ ਪਿਛਲੇ ਜਨਮਾਂ ਵਿਚ ਮਾਤਾ ਸਾਹਿਬ ਦੇਵਾ ਜੀ ਤਪ ਕਰਦੇ ਰਹੇ ਹਨ। ਇੱਥੇ ਹੀ ਲੰਗਰ ਚਲਦਾ ਰਿਹਾ ਹੈ।

(ਬਾਕੀ ਪੰਨਾ 61 'ਤੇ)

ਮਾਰਗ ਚੋਣ
(Choosing A Path)

ਡਾ. ਸਵਾਮੀ ਰਾਮ ਜੀ
ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ

ਸਮਾਧੀ

ਇਕਾਗਰਤਾ ਨਾਲ ਇਕ ਮਨ ਇਕ ਚਿਤ ਦੀ ਅਵਸਥਾ ਪ੍ਰਾਪਤ ਹੁੰਦੀ ਹੈ, ਦੇਰ ਤਕ ਇਕਾਗਰਤਾ ਦਾ ਅਭਿਆਸ ਕਰਨ ਨਾਲ ਮੈਡੀਟੇਸ਼ਨ ਦੀ ਪ੍ਰਾਪਤੀ ਹੁੰਦੀ ਹੈ, ਮੈਡੀਟੇਸ਼ਨ ਕਰਨ ਨਾਲ ਮਨ ਪਰਾ ਚੇਤਨਾ ਦੀ ਅਵਸਥਾ ਪ੍ਰਾਪਤ ਕਰਕੇ ਸਮਾਧੀ ਅਵਸਥਾ ਗ੍ਰਹਿਣ ਕਰਦਾ ਹੈ। ਪਤਾਂਜਲੀ ਸਾਨੂੰ ਇਸ ਗੱਲ ਲਈ ਚੇਤਾਵਨੀ ਦਿੰਦੇ ਹਨ ਕਿ ਮੈਡੀਟੇਸ਼ਨ ਦੇ ਨਾਲ ਸਾਨੂੰ ਮੋਹ ਤੋਂ ਮੁਕਤ ਹੋਣ ਦਾ ਅਭਿਆਸ ਵੀ ਕਰਨਾ ਚਾਹੀਦਾ ਹੈ, ਜਿਹੜਾ ਸੰਸਾਰ ਵਿਚ ਲਿਪਤ ਹੋ ਕੇ ਇਕਾਗਰ ਹੋਣ ਦੀ ਕੋਸ਼ਿਸ਼ ਕਰਦਾ ਹੈ ਜਾਂ ਤਾਂ ਉਹ ਪੂਰੀ ਤਰ੍ਹਾਂ ਨਾਲ ਫੇਲ੍ਹ ਹੋ ਜਾਵੇਗਾ ਜਾਂ ਉਸ ਦੀ ਪ੍ਰਾਪਤ ਕੀਤੀ ਸ਼ਕਤੀ ਬੜੀ ਹੀ ਭਿਆਨਕ ਹੋ ਸਕਦੀ ਹੈ ਕਿਉਂਕਿ ਉਹ ਇਸ ਸ਼ਕਤੀ ਦੀ ਵਰਤੋਂ ਸੰਸਾਰਕ ਚੀਜ਼ਾਂ ਲਈ ਕਰੇਗਾ, ਆਪਣੇ ਸੁਆਰਥ ਲਈ ਕਰੇਗਾ।

ਸਮਾਧੀ ਦੀਆਂ ਦੋ ਅਵਸਥਾ ਹਨ ਇਕ ਹੈ ਸਾਵਿਕਲਪ ਸਮਾਧੀ, ਇਹ ਪਹਿਲੀ ਅਵਸਥਾ ਹੈ ਇਸ ਵਿਚ ਇੰਦ੍ਰੀਆਂ ਉਸੇ ਤਰ੍ਹਾਂ ਰਹਿੰਦੀਆਂ ਹਨ, ਆਪਾ ਵੀ ਉਸੇ ਤਰ੍ਹਾਂ ਰਹਿੰਦਾ ਹੈ।ਸਤਿ ਦੀ ਭਾਲ ਕਰਨ ਵਾਲੇ ਨੂੰ ਸਤਿ ਦਿਸਦਾ ਹੈ ਪਰ ਉਹ ਆਪਾ ਸਾਂਭ ਕੇ ਰਖਦਾ ਹੈ, ਆਪੇ ਨੂੰ ਸਤਿ ਤੋਂ ਵੱਖ ਦੇਖਦਾ ਹੈ ਉਸ ਨੇ ਸਾਵਿਕਲਪ ਸਮਾਧੀ ਤੋਂ ਅੱਗੇ ਜਾਣਾ ਹੈ, ਉਸ ਨੇ ਨਿਰਵਿਕਲਪ ਸਮਾਧੀ 'ਤੇ ਪਹੁੰਚਣਾ ਹੈ ਜਿਸ ਵਿਚ ਧਿਆਨ ਧਰਨ ਵਾਲਾ ਪ੍ਰਮਾਤਮਾ ਨਾਲ ਇਕ ਹੋ ਜਾਂਦਾ ਹੈ, ਇਹ ਹੀ ਆਤਮਾ ਪ੍ਰਮਾਤਮਾ ਦਾ ਮੇਲ ਕਿਹਾ ਗਿਆ ਹੈ। ਇਹ ਪ੍ਰਮਾਤਮਾ ਨਾਲ ਪਿਆਰ ਦੀ ਬਹੁਤ ਹੀ ਉੱਚੀ ਅਵਸਥਾ ਹੈ, ਧਿਆਤਾ ਤੇ ਧੇਅ ਇਕ ਹੋ ਜਾਂਦੇ ਹਨ, ਦੋ ਵਾਲੀ ਗੱਲ ਹੀ ਖਤਮ ਹੋ ਜਾਂਦੀ ਹੈ।

ਜਿਹੜਾ ਪੂਰੀ ਤਰ੍ਹਾਂ ਨਾਲ ਨਿਰਵਿਕਲਪ ਸਮਾਧੀ ਨੂੰ ਪ੍ਰਾਪਤ ਹੁੰਦਾ ਹੈ ਉਹ ਹੀ ਪੂਰਨ ਰੂਪ ਵਿਚ ਯੋਗੀ ਹੈ, ਇਹੋ ਜਿਹਾ ਯੋਗੀ ਹੀ ਦੂਸਰਿਆਂ ਨੂੰ ਸਮਾਧੀ ਦੀ ਅਵਸਥਾ ਤਕ ਪਹੁੰਚਾ ਸਕਦਾ ਹੈ, ਇਹ ਯੋਗੀ ਸਮੇਂ ਸਥਾਨ ਤੋਂ ਪਰ੍ਹੇ ਹੈ ਕਾਰਣ ਤੋਂ ਉਪਰ ਹੈ, ਉਹ ਸਦਾ ਸੁਤੰਤਰ ਹੈ, ਉਹ ਬ੍ਰਹਮ ਲੀਨ ਹੈ, ਜਦੋਂ ਚਾਹੇ ਚੇਤਨ ਰੂਪ ਵੀ ਧਾਰਨ ਕਰ ਸਕਦਾ ਹੈ। ਉਸਨੂੰ ਸਤਿ ਦੀ ਪ੍ਰਾਪਤੀ ਹੋ ਗਈ ਹੈ, ਉਸ ਨੂੰ ਨਿਰੰਤਰ ਵਿਸਮਾਦ ਨਿਰੰਤਰ ਅਨੰਦ ਦੀ ਪ੍ਰਾਪਤੀ ਹੋ ਗਈ ਹੈ।

ਨੀਂਦ ਵਿਚ ਵੀ ਯੋਗੀ ਜਾਗ੍ਰਤ ਅਵਸਥਾ ਵਿਚ ਹੀ ਹੁੰਦਾ ਹੈ, ਬ੍ਰਹਮਲੀਨ ਹੀ ਹੁੰਦਾ ਹੈ, ਜਾਗ੍ਰਤ ਅਵਸਥਾ ਵਿਚ ਉਹ ਸੰਸਾਰ ਪ੍ਰਤੀ ਸੁੱਤਾ ਹੁੰਦਾ ਹੈ, ਇਸ ਇਲਾਹੀ ਜੋੜ ਵਿਚ ਏਕਤਾ ਵਿਚ ਧਿਆਨ, ਧੇਅ, ਧਿਆਤਾ ਪ੍ਰੇਮ ਦੇ ਸਾਗਰ ਵਿਚ ਇਕ ਹੋ ਜਾਂਦੇ ਹਨ। ਇਸ ਅਨੰਦ ਨੂੰ ਵਰਨਣ ਕਰਨਾ ਸੰਭਵ ਹੀ ਨਹੀਂ, ਇਸ ਪਰਾ ਚੇਤਨਤਾ ਦੀ ਵਿਆਖਿਆ ਹੋ ਹੀ ਨਹੀਂ ਸਕਦੀ। ਕੇਵਲ ਸਵੈ ਅਨੁਭਵ ਹੀ ਇਸ ਦੀ ਵਿਆਖਿਆ ਹੈ, ਇਹ ਅਵਸਥਾ ਤਾਂ ਉਹ ਹੈ –

ਕਹੁ ਕਬੀਰ ਗੂੰਗੈ ਗੁੜੁ ਖਾਇਆ
ਪੂਛੇ ਤੇ ਕਿਆ ਕਹੀਐ ॥   ਅੰਗ – ੩੩੪

ਸਮਾਹਿਤਮਸ਼ਬਦ ਦੇ ਅਰਥ ਹਨ, ਉਹ ਅਵਸਥਾ ਜਿਥੇ ਸਾਰੇ ਪ੍ਰਸ਼ਨਾਂ ਦੇ ਉਤਰ ਦਿਤੇ ਜਾਂਦੇ ਹਨ, ਸਾਰੀਆਂ ਸਮੱਸਿਆਵਾਂ ਦਾ ਸਮਾਧਾਨ ਹੋ ਜਾਂਦਾ ਹੈ, ਇਹ ਸਮਾਧੀ ਦੇ ਅਨੁਭਵ ਤੋਂ ਪੈਦਾ ਹੋਇਆ ਗਿਆਨ ਹੈ, ਜਦੋਂ ਸਾਰੇ ਪ੍ਰਸ਼ਨਾਂ ਦੇ ਉਤਰ ਦਿਤੇ ਜਾਂਦੇ ਹਨ, ਕੋਈ ਕਿਸੇ ਤਰ੍ਹਾਂ ਦੀ ਸ਼ੰਕਾ ਨਹੀਂ ਰਹਿੰਦੀ ਫੇਰ ਮਨ ਸਾਰੀਆਂ ਸੀਮਾ ਲੰਘ ਕੇ ਭਾਸ਼ਾ ਅਧੀਨ ਵੀ ਨਹੀਂ ਰਹਿੰਦਾ। ਸਮਾਧੀ ਨਾ ਤਾਂ ਸੋਚ ਦੇ ਪੱਧਰ ਤੇ ਹੈ ਨਾ ਹੀ ਮਹਿਸੂਸ ਕਰਨ ਦੇ ਪੱਧਰ ਤੇ ਹੈ, ਇਸ ਕਰਕੇ ਇਸਨੂੰ 'ਭਾਵਾਤਿਤ' ਕਿਹਾ ਜਾਂਦਾ ਹੈ ਜਿਸ ਦਾ ਅਰਥ ਹੈ, ਪਰ੍ਹੇ ਉਪਰ ਪਾਰ ਲੰਘ ਕੇ। ਪੰਤਾਂਜਲੀ ਅਨੁਸਾਰ ਸਮਾਧੀ ਦੀ ਸਭ ਤੋਂ ਉੱਚੀ ਅਵਸਥਾ ਹੈ ਜਿਹੜੀ ਯੋਗੀ ਪ੍ਰਾਪਤ ਕਰ ਸਕਦਾ ਹੈ।

ਦੂਸਰੀਆਂ ਪਰੰਪਰਾਵਾਂ ਸਮਾਧੀ ਸ਼ਬਦ ਦੀ ਵਰਤੋਂ ਨਹੀਂ ਕਰਦੀਆਂ ਉਦਾਹਰਣ ਲਈ ਜਿਵੇਂ ਬੋਧੀ ਪਰੰਪਰਾ ਵਾਲੇ ਨਿਰਵਾਨ ਸ਼ਬਦ ਦੀ ਵਰਤੋਂ ਕਰਦੇ ਹਨ ਉਹ ਚੇਤਨਾ ਦੀ ਉਚੀ ਅਵਸਥਾ ਨੂੰ ਨਿਰਵਾਨ ਦਸਦੇ ਹਨ, ਨਖੇਧੀ ਕਰਕੇ ਤੁਸੀਂ ਸੁੰਨ ਦੀ ਪ੍ਰਾਪਤੀ ਕਰਦੇ ਹੋ, ਜਿਸ ਨੂੰ ਨਿਰਵਾਨ ਕਹਿੰਦੇ ਹਨ। ਅਦਵੈਤ ਫਿਲੌਸਫੀ ਵਾਲੇ ਇਸਨੂੰ ਗਿਆਨ ਯੋਗ ਰਾਹੀਂ ਦਸਦੇ ਹਨ। ਰਾਜ ਯੋਗ ਅਨੁਸਾਰ ਜਦੋਂ ਤੁਹਾਡੀ ਚੇਤਨਾ ਐਨੀ ਫੈਲ ਜਾਂਦੀ ਹੈ, ਵਿਸਤ੍ਰਿਤ ਹੋ ਜਾਂਦੀ ਹੈ ਉਹ ਵਿਸ਼ਵ ਰੂਪ ਧਾਰਨ ਕਰ ਲੈਂਦੀ ਹੈ। ਜੀਵ ਦਾ ਮੇਲ ਈਸ਼ਵਰ ਨਾਲ ਹੋ ਜਾਂਦਾ ਹੈ, ਆਤਮਾ ਪ੍ਰਮਾਤਮਾ ਇਕ ਹੋ ਜਾਂਦੇ ਹਨ ਇਸੇ ਨੂੰ ਹੀ ਸਮਾਧੀ ਕਹਿੰਦੇ ਹਨ। ਇਹ ਹੀ ਉਤਮ, ਉਚੀ ਅਵਸਥਾ ਹੈ ਇਹ ਯੋਗ ਦੀ ਸਭ ਤੋਂ ਉਤਲੀ ਪੌੜੀ ਹੈ, ਇਸ ਦੀ ਪ੍ਰਾਪਤੀ ਨਾਲ ਸਾਧਕ ਦਾ ਅਭਿਆਸ ਪਰਪੱਕ ਹੋ ਜਾਂਦਾ ਹੈ, ਉਹ ਮੈਡੀਟੇਸ਼ਨ ਲੰਮੇ ਸਮੇਂ ਤਕ ਕਰ ਸਕਦਾ ਹੈ, ਪੂਰੇ ਧਿਆਨ ਨਾਲ ਬਿਨਾਂ ਕਿਸੇ ਵਿਘਨ ਦੇ ਪੂਰੀ ਆਸਥਾ ਨਾਲ ਉਸ ਦਾ ਸੂਖਮ ਮੈਂ ਭਾਵ ਖਤਮ ਹੋ ਜਾਂਦਾ ਹੈ, ਉਸ ਦੇ ਮਨ ਦਾ ਗੁਪਤ ਭਾਗ ਉਸ ਦੇ ਕੰਟਰੋਲ ਵਿਚ ਆ ਜਾਂਦਾ ਹੈ। ਏਸੇ ਅਵਸਥਾ ਨੂੰ ਸਮਾਧੀ ਕਿਹਾ ਜਾਂਦਾ ਹੈ।

ਸਮਾਧੀ ਦੀ ਅਵਸਥਾ ਪ੍ਰਾਪਤ ਕਰਨੀ ਕੋਈ ਸੌਖਾ ਕੰਮ ਨਹੀਂ ਪਰ ਜੇ ਪ੍ਰਾਪਤ ਹੋ ਜਾਵੇ ਤਾਂ ਅਲੌਕਿਕ ਗਿਆਨ, ਅੰਤਰ ਗਿਆਨ ਦਾ ਅਨੁਭਵ ਹੋ ਜਾਂਦਾ ਹੈ, ਜਿਸ ਕੋਲ ਅੰਤਰ ਗਿਆਨ ਨਹੀਂ ਉਹ ਜੀਵਨ ਰਹੱਸ ਨੂੰ ਸਮਝ ਹੀ ਨਹੀਂ ਸਕਦਾ। ਇਸ

ਅਵਸਥਾ ਤੇ ਇੰਦ੍ਰੀਆਂ ਮਨ ਤੇ ਬੁੱਧੀ ਸਭ ਕੰਮ ਛੱਡ ਦਿੰਦੇ ਹਨ ਜਿਸ ਤਰ੍ਹਾਂ ਇਕ ਨਦੀ ਸਾਗਰ ਵਿਚ ਜਾ ਮਿਲਦੀ ਹੈ, ਉਸੇ ਤਰ੍ਹਾਂ ਆਤਮਾ ਪ੍ਰਮਾਤਮਾ ਵਿਚ ਜਾ ਮਿਲਦੀ ਹੈ, ਸਾਰੀਆਂ ਸੀਮਾਂ ਖਤਮ ਹੋ ਜਾਂਦੀਆ ਹਨ। ਪਹਿਲੇ ਪਹਿਲ ਸਾਧਕ ਇਸ ਅਵਸਥਾ ਤੋਂ ਡਰਦਾ ਹੈ ਤਾਂ ਜੋ ਉਸ ਦੀ ਹੋਂਦ ਨਾ ਜਾਂਦੀ ਰਹੇ। ਵਾਸਤਵ ਵਿਚ ਹੁੰਦਾ ਇਹ ਹੈ ਕਿ ਹੋਂਦ ਖਤਮ ਨਹੀਂ ਹੁੰਦੀ, ਹੋਂਦ ਦਾ ਵਿਸਤਾਰ ਹੋ ਜਾਂਦਾ ਹੈ। ਜਦੋਂ ਤਕ ਸਾਧਕ ਦਾ ਮਨ ਇਕ ਸੀਮਾ ਦੇ ਅੰਦਰ ਰਹੇਗਾ ਆਪਣੀ ਚੇਤਨਾ ਦੀ ਸੀਮਾ ਦੇ ਅੰਦਰ ਰਹੇਗਾ, ਮੈਡੀਟੇਸ਼ਨ ਤਾਂ ਸਾਧਕ ਕਰਦਾ ਰਹੇਗਾ ਪਰ ਸਮਾਧੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਬਹੁਤ ਗਹਿਰੀ ਸਮਾਧੀ ਦੀ ਅਵਸਥਾ ਸਾਧਕ ਦੀ ਚੇਤਨਾ ਵਿਸਤ੍ਰਿਤ ਕਰ ਦਿੰਦੀ ਹੈ, ਜਦੋਂ ਉਹ ਚੇਤਨਾ ਪੂਰੀ ਤਰ੍ਹਾਂ ਆਪਣੀ ਪੂਰੀ ਸਮਰਥਾ ਤਕ ਵਿਸਤ੍ਰਿਤ ਹੋ ਜਾਂਦੀ ਹੈ, ਉਸੇ ਨੂੰ ਸਮਾਧੀ ਕਹਿੰਦੇ ਹਨ। ਇਸ ਨੂੰ 'ਸੁਤੇ ਬਿਨਾਂ ਸੌਣਾ' ਵੀ ਸੌਣਾ ਕਹਿੰਦੇ ਹਨ। ਇਸ ਪਰਾ ਚੇਤਨ ਅਵਸਥਾ ਨੂੰ 'ਤੁਰੀਆ' ਅਵਸਥਾ ਵੀ ਕਹਿੰਦੇ ਹਨ, ਚੌਥੀ ਅਵਸਥਾ ਵੀ ਕਹਿੰਦੇ ਹਨ। ਪਹਿਲੀਆਂ ਤਿੰਨ ਅਵਸਥਾ ਜਾਗਣ, ਸੁਪਨ ਤੇ ਸੁਪਨ ਰਹਿਤ ਅਵਸਥਾ ਹਨ ਇਨ੍ਹਾਂ ਦਾ ਅਨੁਭਵ ਸਾਰਿਆਂ ਨੂੰ ਹੈ। ਜਦੋਂ ਯੋਗੀ ਚੌਥੀ ਅਵਸਥਾ ਤੇ ਪਹੁੰਚ ਜਾਂਦਾ ਹੈ ਉਹ ਯਥਾਰਥ ਸਤਿ ਦਾ ਸਾਮ੍ਹਣਾ ਕਰਦਾ ਹੈ। ਉਸ ਦੀ ਇਹ ਅਵਸਥਾ ਸਾਰਾ ਸਮਾਂ ਹਰ ਵੇਲੇ, ਹਰ ਥਾਂ ਬਣੀ ਰਹਿੰਦੀ ਹੈ ਕਿ ਉਹ ਵਿਸ਼ਵ ਨਾਲ ਜੁੜਿਆ ਹੋਇਆ, ਪ੍ਰਮਾਤਮਾ ਨਾਲ ਜੁੜਿਆ ਹੋਇਆ ਹੈ। ਉਹ ਪੂਰੀ ਹੋਂਦ ਨਾਲ, ਗਿਆਨ ਨਾਲ, ਅਨੰਦ ਨਾਲ ਜੁੜਿਆ ਹੋਇਆ ਹੈ ਭਾਵ ਉਹ ਸਤਿ, ਚਿਤ, ਅਨੰਦ ਹੈ, ਅਧਿਆਤਮਕ ਜੀਵਨ ਵਾਸਤਵ ਵਿਚ ਇਥੋਂ ਹੀ ਸ਼ੁਰੂ ਹੁੰਦਾ ਹੈ। ਜਦੋਂ ਸਾਧਕ ਪੂਰਾ ਚੇਤਨ ਅਵਸਥਾ ਵਿਚ ਪਹੁੰਚਦਾ ਹੈ, ਇਥੇ ਇਲਾਹੀ ਸ਼ਾਂਤੀ ਹੈ। ਆਤਮਾ ਪ੍ਰਮਾਤਮਾ ਦਾ ਮੇਲ ਹੁੰਦਾ ਹੈ। ਸਾਰੀ ਦੁਖਾਂ, ਕਸ਼ਟਾਂ, ਸੰਤਾਪਾਂ ਦੀ, ਬੰਧਨਾਂ ਦੀ ਨਵਿਰਤੀ ਹੋ ਜਾਂਦੀ ਹੈ

ਅਧਿਆਇ ਛੇਵਾਂ

ਲੈਹ ਯੋਗ : ਇਕ ਰੂਪ ਹੋਣ ਦਾ ਮਾਰਗ

ਲੈਹ ਯੋਗ ਦਾ ਮਾਰਗ ਕੇਵਲ ਉਹ ਜਗਿਆਸੂ ਹੀ ਕਰਦੇ ਹਨ ਜਿਹੜੇ ਰਾਜ ਯੋਗ ਦੇ ਗਿਆਨ ਦੇ ਪਰਪੱਕ ਹੋਣ ਭਾਵ ਸਾਂਖਿਆ ਫਿਲੋਸਫੀ ਦੇ ਤਾਂਤਰਿਕ ਫਿਲੌਸਫੀ ਦਾ ਪੂਰਨ ਗਿਆਨ ਰਖਦੇ ਹੋਣ। ਜਿਨ੍ਹਾਂ ਨੇ ਜੀਵਨ ਦੇ ਹਰ ਰਹੱਸ ਦੀ ਮਹੱਤਤਾ ਨੂੰ ਜਾਣ ਲਿਆ ਹੋਵੇ ਸਮਝ ਲਿਆ ਹੋਵੇ ਜਿਸ ਨੇ ਹਰ ਰਸ ਨੂੰ ਖੋਲ੍ਹ ਲਿਆ ਹੋਵੇ ਕੇਵਲ ਉਹ ਹੀ ਇਸ ਮਾਰਗ ਤੇ ਚਲ ਸਕਦੇ ਹਨ। ਲੈ (Laya) ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਨਾਸ਼ ਕਰ ਦੇਣਾ, ਇਕ ਰੂਪ ਹੋ ਜਾਣਾ ਭਾਵ ਦੂਸਰੇ ਨਾਲ ਇਕ ਹੋ ਜਾਣਾ। ਲੈਹ ਯੋਗ ਉਹ ਸਾਧਨ ਹੈ ਜਿਹੜਾ ਸਤਿ ਦੇ ਵੱਖ-ਵੱਖ ਪੱਧਰ ਨੂੰ ਪ੍ਰਗਟ ਕਰਦਾ ਹੈ। ਲੈਹ ਯੋਗ ਰਾਹੀਂ ਸਤਿ ਦੇ ਹਰ ਪੱਧਰ ਨੂੰ ਜੀਵਨ ਦੇ ਹਰ ਪੱਧਰ ਨੂੰ ਬਿਲਕੁਲ ਨਿਯਮਬੱਧ ਤਰੀਕੇ ਨਾਲ ਸਵੈ-ਪ੍ਰਗਟਾਵਾ, ਸਵੈ ਗਿਆਨ ਅਗਮ ਗਿਆਨ ਤੇ ਆਤਮ ਸਿੱਧੀ, ਆਤਮ ਸਾਧਨਾ ਕੀਤੀ ਜਾਂਦੀ ਹੈ।

ਜਗਿਆਸੂ ਆਪਣਾ ਆਪ ਆਪਾ ਹੌਲੀ-ਹੌਲੀ ਆਪਣੇ ਸਬੰਧ ਖਤਮ ਕਰ ਦੇਣਾ ਲੋੜਦਾ ਹੈ, ਚੇਤਨ ਹੋ ਕੇ ਉਹ ਇਹ ਸਭ ਕੁਝ ਖਤਮ ਕਰਨਾ ਚਾਹੁੰਦਾ ਹੈ, ਚਾਹੇ ਅਚੇਤ ਅਵਸਥਾ ਰਾਹੀ ਉਹ ਇਹ ਜਾਣਦਾ ਹੈ ਕਿ ਉਸ ਦਾ ਸਭ ਕੁਝ ਨਾਸ਼ਵੰਤ ਹੈ ਸਭ ਕੁਝ ਇਕ ਦਿਨ ਖਤਮ ਹੋਣਾ ਹੈ। ਉਹ ਜੀਵਨ ਦੇ ਸਾਰੇ ਘਟਕ ਸਾਰੇ ਅੰਗਾਂ ਪੂਰੀ ਤਰ੍ਹਾਂ ਜਾਣ ਲੈਣਾ ਚਾਹੁੰਦਾ ਹੈ, ਉਹ ਇਹ ਭਲੀ ਪ੍ਰਕਾਰ ਜਾਣਦਾ ਹੈ ਕਿ ਸਭ ਕੁਝ ਇਕ ਦਿਨ ਖਤਮ ਹੋ ਜਾਣਾ ਹੈ। ਉਹ ਸਭ ਕੁਝ ਜਾਨਣ ਲਈ ਯਤਨਸ਼ੀਲ ਹੈ ਜੋ ਕੁਝ ਵੀ ਉਸ ਦੇ ਸਰੀਰ ਨੂੰ ਜੋੜ ਕੇ ਇਕੱਠਾ ਕਰਕੇ ਰਖ ਰਿਹਾ ਹੈ, ਉਹ ਇਸ ਸਭ ਕੁਝ ਨੂੰ ਜਾਣ ਕੇ ਇਸਦਾ ਗਿਆਨ ਪ੍ਰਾਪਤ ਕਰਨਾ ਚਾਹੁੰਦਾ ਹੈ, ਉਹ ਇਹ ਵੀ ਜਾਨਣ ਲਈ ਜਤਨਸ਼ੀਲ ਹੈ ਕਿ ਇਹ ਸਭ ਕੁਝ ਦੇ ਨਾਸ਼ ਹੋਣ ਦਾ ਸਿਧਾਂਤ ਕੀ ਹੈ। ਜਿਸ ਤਰ੍ਹਾਂ ਨਾਲ ਵਿਸ਼ਵ ਦਾ ਦ੍ਰਿਸ਼ਟਮਾਨ ਦੀ ਸੰਗਠਨ ਖੇਰੂੰ-ਖੇਰੂੰ ਹੋ ਕੇ ਮੁੜ ਸੰਗਠਤ ਹੁੰਦਾ ਹੈ ਜਿਹੜਾ ਕਿ ਕੁਦਰਤ ਦਾ ਇਕ ਨਿਯਮ ਹੈ, ਬਿਲਕੁਲ ਇਸੇ ਤਰ੍ਹਾਂ ਜਗਿਆਸੂ ਸਵੈ-ਇਛਾ ਨਾਲ ਆਪਣੇ ਆਪ ਨੂੰ ਖੇਰੂੰ-ਖੇਰੂੰ ਕਰਦਾ ਹੈ, ਆਪਣੇ ਆਪ ਦੇ ਅੰਦਰ ਰਹਿੰਦਿਆਂ ਉਹ ਵਿਘਟਨ ਹੁੰਦਾ ਹੈ ਵੱਖ-ਵੱਖ ਹੁੰਦਾ ਹੈ, ਤਾਂ ਜੋ ਉਹ ਆਪਣੇ ਆਪ ਨੂੰ ਮੁੜ ਕੇ ਇਕੱਠਾ ਕਰ ਸਕੇ ਸਵੈ ਇੱਛਤ ਹੋ ਕੇ ਆਪਣੇ ਆਪ ਨੂੰ ਮੁੜ ਸੰਗਠਤ ਕਰ ਸਕੇ ਇਸੇ ਸਭ ਕੁਝ ਕਰਨ ਦੇ ਤਰੀਕੇ ਨੂੰ ਹੀ ਲੈਹ ਯੋਗ ਕਹਿੰਦੇ ਹਨ।

ਕੁੰਡਲਨੀ ਯੋਗ ਦੀ ਤਰ੍ਹਾਂ ਲੈਹ ਯੋਗ ਵੀ ਜਗਿਆਸੂ ਨੂੰ ਸਥੂਲ ਤੋਂ ਸੂਖਮ ਫੇਰ ਸੁਚੇਤ ਮਨ ਦੇ ਅਤਿ ਸੂਖਮ ਤੇ ਲੈ ਜਾਂਦਾ ਹੈ। ਇਕ ਤਰ੍ਹਾਂ ਨਾਲ ਨਿਤਾਰੇ ਜਾਣ ਦੀ ਕ੍ਰਿਆ ਹੈ। ਇਹ ਪੂਰੀ ਪ੍ਰਕ੍ਰਿਆ ਕੇਵਲ ਆਤਮ ਦੀ ਸ਼ੁੱਧੀ ਨਹੀਂ ਹੈ ਨਾ ਹੀ ਕੇਵਲ ਅਧਿਆਤਮਕ ਸ਼ੁੱਧੀ ਹੈ। ਜਿਹੜਾ ਕਦੀ ਜਨਮਿਆ ਹੀ ਨਹੀਂ ਉਹ ਕਦੀ ਨਾਸ਼ ਹੀ ਨਹੀਂ ਹੋ ਸਕਦਾ, ਉਹ ਤਾਂ ਅਬਿਨਾਸ਼ੀ ਹੈ, ਅਜਰ ਹੈ, ਅਟੱਲ ਹੈ। ਆਤਮਾ ਅਜਰ ਹੈ, ਅਮਰ ਹੈ। ਨਾਸ਼ਵੰਤ ਕੇਵਲ ਸਰੀਰ ਹੈ, ਮੁੜ ਕੇ ਸੰਗਠਨ ਕੇਵਲ ਸਰੀਰ ਹੋ ਸਕਦਾ ਹੈ, ਵਿਅਕਤੀਤਵ ਹੋ ਸਕਦਾ ਹੈ, ਸਰੀਰ ਵਿਅਕਤੀਤਵ ਕੇਵਲ ਕਰਮ ਵਿਕਾਸ ਦਾ ਹੀ ਪ੍ਰਗਟਾਵਾ ਹਨ। ਆਤਮਾ ਤਾਂ ਅੰਦਰ ਲੁਕੀ ਪਈ ਕਈ ਪੜਦਿਆਂ ਥੱਲੇ ਕਈ ਕੋਸ਼ਾਂ ਥੱਲੇ ਦਬੀ ਪਈ ਹੈ। ਇਹ ਕੋਸ਼ ਹਨ, ਸਰੀਰ, ਪ੍ਰਾਨਮਈ ਕੋਸ਼, ਅੰਨਮਈ ਕੋਸ਼, ਗਿਆਨ ਮਈ ਕੋਸ਼, ਅਨੰਦਮਈ ਕੋਸ਼। ਆਤਮਾ ਤਾਂ ਚੇਤਨ ਬਿੰਦੂ ਹੈ, ਆਤਮਾ ਦਾ ਪ੍ਰਕਾਸ਼ ਤਾਂ ਇਨ੍ਹਾਂ ਸਾਰੇ ਕੋਸ਼ਾਂ ਰਾਹੀ ਹੀ ਹੁੰਦਾ ਹੈ, ਆਤਮਾ ਦਾ ਹੀ ਪ੍ਰਕਾਸ਼ ਹੈ, ਆਤਮਾ ਹੀ ਜੀਵਨ ਨੂੰ ਹਰ ਤਰ੍ਹਾਂ ਨਾਲ ਪਰੀਪੂਰਨ ਕਰਦੀ ਹੈ, ਭਰਪੂਰ ਕਰਦੀ ਹੈ। ਹਰ ਪੱਧਰ ਤੇ ਹਰ ਕੋਸ਼ ਤੇ ਆਤਮਾ, ਚੇਤਨ ਬਿੰਦੂ ਹੀ ਉਸ ਸਮੇਂ ਦੇ ਸਤਿ ਨਾਲ ਉਸ ਪੱਧਰ ਨਾਲ ਜੁੜ ਜਾਂਦਾ ਹੈ ਜਿਹੜਾ ਉਸ ਸਮੇਂ ਵਿਚਰ ਰਿਹਾ ਹੋਵੇ। ਜਦੋਂ ਇਹ ਮਨ ਨੂੰ ਵਿਸਤ੍ਰਿਤ ਕਰਦਾ ਹੈ, ਅਗਿਆਨੀ ਅਣਜਾਣ ਸੋਚਦਾ ਹੈ ਮਨ ਵਾਸਤਵ ਮੈਂ ਹੈ, ਆਤਮਾ ਹੈ, ਜਦੋਂ ਇਹ ਸਰੀਰ ਅੰਦਰ ਜੀਵਨ ਸ਼ਕਤੀ ਬਣ ਕੇ ਪ੍ਰਵੇਸ਼ ਕਰਦੀ ਹੈ, ਅਗਿਆਨੀ ਅਣਜਾਣ ਸਮਝਦਾ ਹੈ ਕਿ ਸਰੀਰ ਹੀ ਆਤਮਾ ਹੈ, ਸਵੈ ਹੈ।

ਜਗਿਆਸੂ ਹਰ ਅਗਿਆਨ ਤੋਂ ਹਰ ਹਨ੍ਹੇਰੇ ਤੋਂ ਮੁਕਤ ਹੋਣ

ਦੀ ਪੂਰੀ ਕੋਸ਼ਿਸ਼ ਕਰਦਾ ਹੈ, ਸਾਰੇ ਬੰਧਨਾਂ ਨੂੰ ਤੋੜਨ ਦੀ ਕੋਸ਼ਿਸ਼ ਕਰਦਾ ਹੈ, ਸਾਰੇ ਹਰ ਭੁਲੇਖੇ ਨੂੰ ਪਾਸੇ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਜੋ ਸੰਪੂਰਨ ਆਤਮਾ ਤਕ ਉਹ ਪਹੁੰਚ ਸਕੇ। ਇਸ ਪ੍ਰਾਪਤੀ ਤੋਂ ਬਿਨਾਂ ਜਗਿਆਸੂ ਆਪਣੇ ਆਪ ਨੂੰ ਕੇਵਲ ਉਨ੍ਹਾਂ ਪੱਧਰਾਂ ਨਾਲ ਹੀ ਜੋੜਦਾ ਹੈ ਜਿਥੋਂ ਉਸ ਨੂੰ ਅਧੂਰੀ ਪ੍ਰਾਪਤੀ ਹੁੰਦੀ ਹੈ। ਸੰਪੂਰਨਤਾ ਤਕ ਨਹੀਂ ਪਹੁੰਚ ਸਕਦਾ। ਲੈਹ ਯੋਗ ਦਾ ਉਦੇਸ਼ ਹੈ ਬੜੇ ਹੀ ਨਿਯਤ ਤਰੀਕੇ ਨਾਲ ਪਿਛੇ ਮੁੜਨਾ ਚੇਤਨ ਬਿੰਦੂ ਤਕ ਪਹੁੰਚਣਾ, ਉਸ ਤੋਂ ਪੜ੍ਹਦਾ ਹਟਾਉਣਾ ਤੇ ਉਸ ਚੇਤਨਤਾ ਤਕ ਪਹੁੰਚਣਾ ਜਿਥੋਂ ਚੇਤਨਤਾ ਦਾ ਪਰਵਾਹ ਚਲ ਰਿਹਾ ਹੈ, ਵੱਖ-ਵੱਖ ਮਾਤਰਾ ਵਿਚ ਚਲ ਰਿਹਾ ਹੈ ਵੱਖ-ਵੱਖ ਦਰਜੇ ਵਿਚ ਚੱਲ ਰਿਹਾ ਹੈ। ਇਹ ਬਿਲਕੁਲ ਇਸ ਤਰ੍ਹਾਂ ਹੈ ਜਿਵੇਂ ਸੂਰਜ ਦੀ ਰੋਸ਼ਨੀ ਨੂੰ ਤੁਸੀਂ ਦੇਖਦੇ ਹੋ?

ਲੈਹ ਯੋਗ ਦਾ ਉਦੇਸ਼ ਹੈ ਪ੍ਰਾਪਤੀ ਦੀ ਹਰ ਪੌੜੀ ਨੂੰ ਨਿਯਮ ਰੂਪ ਨਾਲ ਪਾਰ ਕਰਕੇ ਮੂਲ ਰੂਪ ਤਕ ਪਹੁੰਚਣਾ ਆਦਿ ਤੇ ਪਹੁੰਚਣਾ, ਚੇਤਨ ਬਿੰਦੂ ਤਕ ਪਹੁੰਚਣਾ, ਜਿਥੋਂ ਚੇਤਨਤਾ ਆਉਂਦੀ ਹੈ, ਵੱਖ-ਵੱਖ ਮਾਤਰਾ ਵਿਚ ਆਉਂਦੀ ਹੈ ਵੱਖ-ਵੱਖ ਰੂਪ ਵਿੱਚ ਆਉਂਦੀ ਹੈ ਇਹ ਬਿਲਕੁਲ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਨਾਲ ਸੂਰਜ ਨੂੰ ਸੂਰਜ ਦੀਆਂ ਕਿਰਨਾਂ ਰਾਹੀਂ ਪਕੜਨਾ ਫੇਰ ਕੋਨੇ ਤੇ ਫੇਰ ਸੂਰਜ ਦੇ ਕੇਂਦਰ ਤਕ ਪਹੁੰਚਣਾ। ਜਿਵੇਂ ਕਿ ਸੂਰਜ ਦੀਆਂ ਕਿਰਨਾਂ ਰਾਹੀਂ ਪਕੜਨਾ ਫੇਰ ਕੋਨੇ ਤੇ ਫੇਰ ਸੂਰਜ ਦੇ ਕੇਂਦਰ ਤਕ ਪਹੁੰਚਣਾ ਜਿਵੇਂ ਕਿ ਸੂਰਜ ਦੀਆਂ ਕਿਰਨਾਂ ਬਹੁਤ ਸਾਰੀਆਂ ਰੁਕਾਵਟਾਂ ਪਾਰ ਕਰਕੇ ਖਿੜਦੀ ਹੈ ਇਸੇ ਤਰ੍ਹਾਂ ਜਗਿਆਸੂ ਇਸ ਮਾਰਗ ਦਾ ਅਭਿਆਸ ਕਰਦਾ ਬਹੁਤ ਸਾਰੀਆਂ ਪਰ ਪਰਤਾਂ ਵਿਚੋਂ ਬਹੁਤ ਸਾਰੇ ਕੋਸ਼ਾਂ ਵਿਚੋਂ ਲੰਘ ਕੇ ਉਪਰ ਦਾ ਮਾਰਗ ਤਹਿ ਕਰਕੇ ਸਰੋਤ ਤਕ ਪਹੁੰਚਦੀ ਹੈ, ਜੀਵਨ ਸਰੋਤ ਤਕ।

ਲੈਹ ਯੋਗ ਇਸ ਮਾਰਗ ਦੇ ਸਾਰੇ ਸਿਧਾਂਤ ਚੇਤਨਤਾ ਦੇ ਸਾਰੇ ਸਿਧਾਂਤ, ਛੋਟੇ ਤੋਂ ਛੋਟੇ ਵੱਡੇ ਤਕ ਸੂਖਮ ਤੋਂ ਦ੍ਰਿਸ਼ ਤਕ, ਖੁਰਦਰੇ ਤੋਂ ਸਾਫ ਤਕ ਵਿਰਲੇ ਤੋਂ ਘਣੇ ਤਕ ਹੌਲੀ ਤੋਂ ਤੇਜ਼ ਤਕ ਸਭ ਆਪਣੇ ਅੰਦਰ ਸਮਾ ਕੇ ਉਸਨੂੰ ਸੂਖਮ ਰੂਪ ਦੇ ਕੇ ਇਕ ਬਹੁਤ ਹੀ ਥਰਥਰਾਹਟ ਰੂਪੀ ਸ਼ਕਤੀ ਦਿੰਦੀ ਹੈ। ਜਦੋਂ ਚੇਤਨਤਾ ਦਾ ਸਿਧਾਂਤ ਡੂੰਘੀ ਇੱਛਾ ਸ਼ਕਤੀ ਅਭੇਦਤਾ ਦੇ ਬੰਧਨ ਨੂੰ ਖਤਮ ਕਰਕੇ ਪੜਦੇ ਦਾ ਬੰਧਨ ਤੋੜਦੀ ਹੈ ਉਸ ਸਮੇਂ ਲੈਹ ਦਾ ਭਾਵ ਹੈ ਅਰਥ ਹੈ ਖਤਮ ਕਰਦਾ ਹੈ ਉਸ ਦਾ ਵਿਸ਼ਵਾਸ਼ ਕਿਹਾ ਜਾ ਸਕਦਾ ਹੈ। ਜਦੋਂ ਚੇਤਨਤਾ ਦਾ ਮਿਲਾਪ ਚੇਤਨਤਾ ਦੀ ਇਕਰੂਪਤਾ ਹੋਰ ਵੱਡੀ ਸ਼ਕਤੀ ਨਾਲ ਹੁੰਦਾ ਹੈ ਪੜਦੇ ਦੇ ਅੰਦਰ ਹੀ ਹੁੰਦਾ ਹੈ ਪਰ ਜਦੋਂ ਉਹ ਪੜਦਾ ਪਾਰਦਰਸ਼ੀ ਬਣਦਾ ਹੈ ਉਹ ਸਤਿ ਦਾ ਪੱਥਪਰਦਰਸ਼ਕ ਬਣ ਜਾਂਦਾ ਹੈ। ਇਸ ਹਾਲ ਵਿਚ ਲੈਹ ਦਾ ਅਰਥ ਹੈ ਸਤਿ ਸੰਚਾਰ ਹੋਣਾ, ਸੋਖਣਾ, ਜ਼ਜ਼ਬ ਕਰਨਾ, ਇਕ ਰੂਪ ਕਰਨਾ। ਇਹ ਕ੍ਰਿਆ ਸਥੂਲ ਤੋਂ ਸੂਖਮ ਤੇ ਲੈ ਜਾਂਦੀ ਹੈ, ਹੇਠੋਂ ਉਪਰ ਚੁਕ ਲੈਂਦੀ ਹੈ ਅੰਤ ਵਿਚ ਵਿਅਕਤੀ ਨੂੰ ਪੂਰਨ ਰੂਪ ਵਿਚ ਬਦਲ ਦਿੰਦੀ ਹੈ, ਕਾਇਆ ਕਲਪ ਕਰ ਦਿੰਦੀ ਹੈ। ਇਕ ਕ੍ਰਿਆ ਵਾਸਤਵ ਵਿਚ ਪਰਿਵਰਤਨ ਵਿਪਰੀਤਤਾ ਹੈ, ਸਰੋਤ ਤੇ ਮੁੜ ਕੇ ਜਾਣਾ। ਆਮ ਤੌਰ ਤੇ ਅਗਿਆਨੀ ਬਾਹਰੀ ਪਖੋਂ ਚੇਤਨਤਾ ਨੂੰ ਜਾਣਦੇ ਹਨ ਉਸ ਪ੍ਰਤੀ ਸੁਚੇਤ ਹਨ ਪਰ ਲੈਹ ਯੋਗ ਦੇ ਅਭਿਆਸ ਨਾਲ ਜਗਿਆਸੂ ਅੰਦਰ ਦੀ ਚੇਤਨਤਾ ਪ੍ਰਤੀ ਸੁਚੇਤ ਹੋ ਕੇ ਜਾਂ ਜਿਸਨੂੰ Prayaka chetra adnigamah (Pog sutar 1. 29) ਕਹਿੰਦੇ ਹਨ, ਉਹ ਹੋ ਜਾਂਦਾ ਹੈ, ਬਾਹਰੀ ਪਰਵਾਹ ਦੇ ਉਲਟ ਅੰਤਰਮੁਖੀ ਹੋ ਜਾਂਦਾ ਹੈ, ਇੰਦ੍ਰੀਆਂ ਅੰਤਰਮੁਖੀ ਹੋ ਜਾਂਦੀਆਂ ਹਨ।

ਲੈਹ ਯੋਗ ਦਾ ਮਾਰਗ ਉਹ ਜਗਿਆਸੂ ਅਪਣਾਉਂਦੇ ਹਨ ਜਿਨ੍ਹਾਂ ਨੇ ਸਰੀਰ ਦੇ ਸਾਰੇ ਕੋਸ਼ਾਂ ਦਾ ਗਿਆਨ ਪ੍ਰਾਪਤ ਕਰ ਲਿਆ ਹੋਵੇ, ਸ਼ਕਤੀ ਸੂਖਮ ਤੋਂ ਸਥੂਲ ਸਰੀਰ ਵਿਚ ਕਿਵੇਂ ਜਾਂਦੀ ਹੈ ਇਹ ਜਾਣ ਲਿਆ ਹੋਵੇ, ਜੀਵਨ ਸ਼ਕਤੀ ਕਿਵੇਂ ਸੂਖਮ ਤੋਂ ਸਥੂਲ ਵਿਚ ਆਉਂਦੀ ਹੈ। ਇਸ ਮਾਰਗ ਤੇ ਚੱਲਣ ਤੋਂ ਪਹਿਲਾਂ ਜਗਿਆਸੂ ਇਸ ਦੇ ਗ੍ਰੰਥਾਂ ਨੂੰ ਪੜ੍ਹਦਾ ਹੈ ਇਸ ਦੇ ਮੁਢਲੇ ਸਿਧਾਂਤਾਂ ਬਾਰੇ ਜਾਣਦਾ ਹੈ, ਇਸ ਦਾ ਸਬੰਧ ਬਾਕੀ ਦੇ ਵਿਸ਼ਵ ਨਾਲ ਸਮਝਦਾ ਹੈ। ਇਹ ਬ੍ਰਹਿਮੰਡ ਦਾ ਗਿਆਨ, ਬ੍ਰਹਿਮੰਡ ਨੂੰ ਜਾਨਣ ਵਾਲਾ ਵਿਦਿਆਰਥੀ ਹੀ ਖੋਜਦਾ ਹੈ।

ਹੁਣ ਮੈਂ ਅਭਿਆਸ ਦੇ ਤਰੀਕੇ ਦਾ ਵਰਨਣ ਕਰਦਾ ਹਾਂ ਕਿਵੇਂ ਮੂਲ ਰੂਪ ਸ਼ਕਤੀ ਨੂੰ ਜਗਾਇਆ ਜਾਂਦਾ ਹੈ, ਉਹ ਸ਼ਕਤੀ ਜਿਹੜੀ ਰੀੜ੍ਹ ਦੀ ਹੱਡੀ ਦੇ ਥੱਲੇ ਪਈ ਹੈ, ਪੂਰੀ ਤਰ੍ਹਾਂ ਨਾਲ ਸੁੱਤੀ ਪਈ ਹੈ। ਲੈਹ ਯੋਗ ਦਾ ਤਰੀਕਾ ਕੋਈ ਬੇਜੋੜ ਨਹੀਂ ਹੈ, ਅਟਕਲ ਪੱਚੂ ਨਹੀਂ ਹੈ ਇਹ ਇਕ ਬਹੁਤ ਨਿਯਮਬੱਧ ਤਰੀਕਾ ਹੈ। ਯੋਗ ਦੇ ਪੂਰਨ ਸਮਰੱਥ ਪੁਰਖ ਇਸ ਦਾ ਪੂਰਾ ਗਿਆਨ ਰਖਦੇ ਹੋਏ ਇਸ ਦਾ ਪੂਰਾ-ਪੂਰਾ ਸਬੰਧ, ਕਾਰਣ ਤੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਸਮਝਦੇ ਹਨ, ਜਿਵੇਂ ਕਿ ਸੰਖਿਆਨ ਫਿਲੌਸਫੀ ਵਿਚ ਦਸਿਆ ਗਿਆ ਹੈ। ਚੇਤਨਾ ਨੂੰ ਚੰਗੀ ਤਰ੍ਹਾਂ ਨਾਲ ਜਨਣ ਦੇ ਖੁਰਚਣ ਦੇ ਤਰੀਕੇ ਜਿਨ੍ਹਾਂ ਨੂੰ 'ਯੰਤਰ' ਕਿਹਾ ਗਿਆ ਹੈ ਇਹ ਸਭ ਇਸ ਕਾਰਣ ਨੂੰ ਅਧਾਰ ਨੂੰ ਮੁੱਢ ਦੇ ਫਲ ਨੂੰ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਨਾਲ ਲੰਘਦੇ ਹਨ, ਪੂਰੀ ਤਰ੍ਹਾਂ ਨਾਲ ਜਾਣੂ ਹਨ। ਵਾਸਤਵ ਵਿਚ ਲੈਹ ਯੋਗ ਦਾ ਬਹੁਤ ਸਾਂਖਿਆਨ ਫਿਲੋਸਫੀ ਤੇ ਤਾਂਤਰਿਕ ਫਿਲੋਸਫੀ ਨਾਲ ਬਹੁਤ ਡੂੰਘਾ ਜੋੜ ਹੈ, ਸੰਗਠਨ ਹੈ।

ਸਾਂਖਿਆਨ ਫਿਲੌਸਫੀ ਹਰ ਇਕ ਵਸਤੂ ਨੂੰ ਕੁਦਰਤ ਨੂੰ ਇਕੋ ਹੀ ਰੂਪ ਲੈਂਦੀ ਹੈ, ਵਿਅਕਤੀਤਵ ਦੇ ਉਹ ਹੀ ਅੰਗ ਹਨ ਜਿਹੜੇ ਵਿਸ਼ਵ ਦੇ ਹਨ। ਮਨੁੱਖ ਦਾ ਅੰਦਰ ਵੀ ਉਸੇ ਤਰ੍ਹਾਂ ਦੇ ਨਿਯਮਾਂ ਦੇ ਅਧੀਨ ਹੈ ਜੋ ਬ੍ਰਹਿਮੰਡ ਦੇ ਨਿਯਮ ਹਨ। ਇਨ੍ਹਾਂ ਵਿਚੋਂ ਇਕ ਨਿਯਮ ਹੈ ਵਿਕਾਸ ਦੇ ਨਾਲ ਹੈ ਮੂਲ ਤੱਤਾਂ ਦਾ ਮਿਸ਼ਰਨ।

ਸਾਂਖਿਆਨ ਫਿਲੌਸਫੀ ਅਨੁਸਾਰ ਇਕ ਨਿਯਮ ਇਕ ਕਰਮ ਅਨੁਸਾਰ ਹੀ ਵਿਸ਼ਵ ਦੀਆਂ ਘਟਨਾਵਾਂ ਘਟਦੀਆਂ ਹਨ ਚਾਹੇ ਉਹ ਵਿਅਕਤੀਤਵ ਦਾ ਵਾਸਤਵਿਕ ਰੂਪ ਹੋਵੇ ਚਾਹੇ ਵਿਸਤ੍ਰਿਤ ਰੂਪ ਹੋਵੇ। ਬਹੁਤ ਸਾਰੀਆਂ ਪਰਪਾਟੀਆਂ ਇਸ ਗੱਲ ਨੂੰ ਮੰਨਦੀਆਂ ਹਨ ਖਾਸ ਕਰਕੇ ਪੂਰਬੀ ਫਿਲੌਸਫੀ ਵਾਲੇ।

ਮਾਹਤ (mahat) ਤੇ ਬੁੱਧੀ, ਵਿਸ਼ਵ ਤੇ ਵਿਅਕਤੀਗਤ ਬੁੱਧੀ ਅਹੰਕਾਰ, ਹਉਮੈ, ਅਭੇਦ ਹੋਣ ਦਾ ਸਿਧਾਂਤ

ਅੰਤਰੀਵ, ਅੰਤਰਮੁਖੀ ਬਾਹਰਮੁਖੀ ਅਨਾਤਮ

ਮਨ ਤੇ ਇੰਦ੍ਰੀਆਂ ਸੂਖਮ ਤੱਤ, ਸੰਪੂਰਨ ਸਮੱਸਤ

ਇਹ ਵਿਕਾਸ ਦਾ ਕਰਮ ਹੈ ਸੂਖਮ ਤੋਂ ਸੰਪੂਰਨ ਤਕ ਸੂਖਮ ਪੱਖ ਤੋਂ ਬ੍ਰਹਿਮੰਡ ਦੇ ਸੰਪੂਰਨ ਪੱਖ ਤਕ। ਲਪੇਟ ਦਾ ਵਿਨਾਸ਼ ਦਾ ਕਰਮ ਇਸ ਤੋਂ ਉਲਟ ਹੈ। ਇਕ ਯੋਗੀ ਸੰਪੂਰਨ ਤੱਤ ਦੀ ਮਹਾਰਤ ਨਾਲ ਆਰੰਭ ਕਰਦਾ ਹੈ ਜਿਸ ਨਾਲ ਉਸ ਦਾ ਮਨ ਜੁੜਿਆ ਹੋਇਆ ਹੈ। ਸਭ ਤੋਂ ਪਹਿਲਾਂ ਉਹ ਆਪਣੇ ਆਪ ਨੂੰ ਪ੍ਰਤੱਖ ਬੰਧਨਾਂ ਦੇ ਸੰਗਲਾਂ ਤੋਂ ਮੁਕਤ ਹੋਣਾ ਸਿਖਦਾ ਹੈ ਫੇਰ ਉਹ ਉਪਰ ਜਾਣਾ ਸ਼ੁਰੂ ਕਰਦਾ ਹੈ ਭਾਵ ਚੇਤਨਤਾ ਦੇ ਸੂਖਮ ਪੱਧਰ ਤੇ ਫੇਰ ਉਸ ਤੋਂ ਉਪਰ ਹੋਰ ਸੂਖਮ ਪੱਧਰ ਤੇ ਚਲਾ ਜਾਂਦਾ ਹੈ।

ਅਹੰਕਾਰ ਦਾ ਸਿਧਾਂਤ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ, ਅੰਤਰੀਵ, ਅੰਤਰਮੁਖੀ, ਵਿਸ਼ਾਨਿਸ਼ਠ, ਵਸਤੂਨਿਸ਼ਠ। ਅੰਤਰੀਵ ਪਰੇਖਣ ਵਾਲਾ ਵਿਸ਼ਾਨਿਸ਼ਟ, ਅਨੁਭਵ ਨੂੰ ਕਾਬੂ ਕਰਦਾ ਹੈ ਭਾਵ ਕੰਟਰੋਲ ਕਰਦਾ ਹੈ, ਮਨ ਤੇ ਇੰਦ੍ਰੀਆਂ ਤੋਂ ਪਦਾਰਥਾਂ ਦਾ ਅਨੁਭਵ ਹੁੰਦਾ ਹੈ, ਇਸ ਕਰਕੇ ਉਹ ਪਦਾਰਥ ਤੋਂ ਉਪਰ ਹਨ। ਮਨੁੱਖ ਬਾਹਰੀ ਘਟਨਾਵਾਂ ਦਾ ਅਨੁਭਵ ਕਰਦਾ ਹੈ ਕਿਉਂਕਿ ਮਨ ਤੇ ਇੰਦ੍ਰੀਆਂ ਉਨ੍ਹਾਂ ਦਾ ਵਿਸ਼ਲੇਸ਼ਨ ਕਰਦੀਆਂ ਹਨ। ਇਸ ਤਰ੍ਹਾਂ ਨਾਲ ਅਸੀਂ ਸੰਸਾਰ ਨੂੰ ਪੰਜ ਪੱਖਾਂ ਤੋਂ ਅਨੁਭਵ ਕਰ ਸਕਦੇ ਹਾਂ, ਧਰਤੀ, ਪਾਣੀ, ਅੱਗ, ਹਵਾ ਤੇ ਅਕਾਸ਼ ਇਨ੍ਹਾਂ ਨੂੰ ਤਤਵ ਕਿਹਾ ਜਾਂਦਾ ਹੈ। ਇਸ ਫਿਲੌਸਫੀ ਅਨੁਸਾਰ ਅਕਾਸ਼, ਪੁਲਾੜ ਕੋਈ ਖਾਲੀ ਚੀਜ਼ ਨਹੀਂ ਇਹ ਤਾਂ ਮਨ ਦੀ ਤਰ੍ਹਾਂ ਹੀ ਇਕ ਵਸਤੂ ਹੈ। ਜੇ ਅਸੀਂ ਮਾਹਤ, ਅਹੰਕਾਰ ਤੇ ਮਨ ਨੂੰ ਤਿੰਨਮੁਖੀ ਅੰਤਰੀਵ ਸਿਧਾਂਤ ਮੰਨ ਲਈਏ ਤਾਂ ਅਸੀਂ ਤਿੰਨੋ ਵੱਖ-ਵੱਖ ਵਰਗਾਂ ਨੂੰ ਇਕੋ ਨਾਂ ਦੇ ਥੱਲੇ ਲਿਆ ਸਕਦੇ ਹਾਂ ਭਾਵ ਕਹਿ ਸਕਦੇ ਹਾਂ। ਮਨ ਜਿਸ ਨਾਲ ਇੰਦ੍ਰੀਆਂ ਉਸ ਦੇ ਯੰਤਰ ਹਨ, ਸਾਜ਼ ਹਨ। ਸਾਰੇ ਪਦਾਰਥਾਂ ਨਾਲੋਂ ਮਨ ਸਭ ਤੋਂ ਵੱਧ ਸੂਖਮ ਹੈ। ਮਨ ਵਿਸ਼ਵ ਦੀ ਸਭ ਤੋਂ ਸ਼ੂਖਮ ਸ਼ਕਤੀ ਹੈ ਇਹ ਕੇਵਲ ਪੁਲਾੜ ਤੇ ਸਮੇਂ ਨਾਲ ਹੀ ਬੰਨ੍ਹੀ ਹੋਈ ਹੈ। ਏਸੇ ਤਰ੍ਹਾਂ ਹੀ ਇਸ ਦੀ ਸ਼ਕਤੀ ਨੂੰ ਅਵ੍ਰਿਤੀ ਭਾਵ ਬਾਰੰਬਾਰ ਥਰਥਰਾਹਟ ਨਾਲ ਪੁਲਾੜ ਤੋਂ ਧਰਤੀ ਤੇ ਲਿਆਇਆ ਜਾਂਦਾ ਹੈ।

ਜਗਿਆਸੂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਇਹ ਸਭ ਕੁਝ ਜੋ ਦਸਿਆ ਗਿਆ ਹੈ ਇਹ ਵਿਸ਼ਵ ਦੇ ਬਾਹਰ ਦੇ ਰੂਪ ਦਾ ਵਰਨਣ ਨਹੀਂ ਹੈ। ਇਸ ਦਾ ਭਾਵ ਤਾਂ ਕੇਵਲ ਐਨਾ ਹੀ ਹੈ ਕਿ ਕਿਵੇਂ ਚੇਤਨਤਾ ਆਪਣੀ ਸਿਆਣਪਤਾ, ਤੀਬਰ ਬੁੱਧੀ ਇਕ ਚਾਨਣ ਦੇ ਰੂਪ ਵਿਚ ਵਿਕੀਰਣ ਹੁੰਦੀ ਹੈ, ਸਾਰੇ ਸਰੀਰ ਨੂੰ ਚਾਨਣ ਦਿੰਦੀ ਹੈ। ਚੇਤਨਤਾ ਦਾ ਕੇਂਦਰ ਬਿੰਦੂ ਆਪਣਾ ਚਾਨਣ ਮਨ ਨੂੰ ਦਿੰਦਾ ਹੈ ਮਨ ਪੁਲਾੜ ਨੂੰ ਫੇਰ ਉਹ ਸਭ ਕੁਝ ਦਾ ਅਨੁਭਵ ਹੁੰਦਾ ਹੈ ਜੋ ਪੁਲਾੜ ਵਿਚ ਹੈ ਉਸ ਤੋਂ ਪੈਦਾ ਹੁੰਦਾ ਹੈ। ਸਾਰੀ ਚੇਨ ਸਾਰਾ ਜੋੜ ਜੋ ਵੀ ਕਾਰਣ ਹੈ ਉਹ ਚੇਤਨਤਾ ਦੀ ਰੋਸ਼ਨੀ ਨਾਲ ਹੀ ਹੈ। ਇਹ ਹੀ ਚੇਤਨਤਾ ਦਾ ਮੋੜਨਾ ਹੈ, ਭਾਵ ਅੰਦਰੋਂ ਬਾਹਰ ਦਾ ਬਹਾਵ ਹੈ। ਜੋਗੀ ਧਰਤੀ ਦੇ ਤੱਤ ਨੂੰ ਪਾਣੀ ਵਿਚ ਮਿਲਾ ਲੈਂਦਾ ਹੈ ਪਾਣੀ ਨੂੰ ਅਗਨੀ ਵਿਚ, ਅਗਨੀ ਨੂੰ ਹਵਾ ਵਿਚ, ਹਵਾ ਨੂੰ ਪੁਲਾੜ ਵਿਚ, ਪੁਲਾੜ ਨੂੰ ਮਨ ਦੇ ਅੰਦਰ, ਮਨ ਨੂੰ ਅਹੰਕਾਰ ਅਤੇ ਬੁੱਧੀ ਫੇਰ ਪ੍ਰਾਕ੍ਰਿਤੀ ਜੋ ਕਿ ਅਪ੍ਰਤੱਖ ਸੂਖਮ ਤੋਂ ਸੂਖਮ ਹੋ ਕੇ ਪ੍ਰਾਕ੍ਰਿਤੀ ਵਿਚ ਵਿਆਪਕ ਹੈ ਉਸ ਦਾ ਕਾਰਕ ਹੈ। ਚੇਤਨਤਾ ਦੀ ਪ੍ਰਤੱਖਤਾ ਇਥੇ ਖਤਮ ਹੋ ਜਾਂਦੀ ਹੈ। ਇਸ ਤੋਂ ਇਹ ਭਾਵ ਨਹੀਂ ਕਿ ਸਰੀਰ ਜੋ ਕਿ ਪੰਜਾਂ ਤੱਤਾਂ ਦਾ ਹੈ ਜੋ ਮਨ ਦਾ ਵੀ ਘਰ ਹੈ, ਉਸ ਦਾ ਵੀ ਅੰਤ ਨਹੀਂ ਹੁੰਦਾ, ਨਾ ਹੀ ਜੋਗੀ ਮਨ ਤੋਂ ਮੁਕਤ ਹੁੰਦਾ ਹੈ। ਹੁੰਦਾ ਇਸ ਤੋਂ ਵਿਪਰੀਤ ਹੈ, ਜੋਗੀ ਦੀ ਚੇਤਨਤਾ ਦਾ ਵਿਸਤਾਰ ਹੋ ਜਾਂਦਾ ਹੈ, ਉਸ ਦੀ ਚੇਤਨਤਾ ਦਾ ਕੋਈ ਵੀ ਸਰੀਰਕ ਸੀਮਾ ਨਹੀਂ ਰਹਿੰਦੀ, ਨਾ ਹੀ ਇੰਦ੍ਰੀਆਂ ਦੀ ਪਰਸਪਰ ਕ੍ਰਿਆ ਉਸੇ ਤਰ੍ਹਾਂ ਰਹਿੰਦੀ ਹੈ, ਖਤਮ ਹੁੰਦੀ ਹੈ, ਕੇਵਲ ਮੋਹ ਲਗਾਵ ਹੈ।

ਇਹ ਕਿਹਾ ਜਾਂਦਾ ਹੈ ਜੇਕਰ ਤੁਸੀਂ ਚਿਕੜ ਵਿਚ ਡਿੱਗ ਪਏ ਹੋ ਤਾਂ ਉਠਨ ਲਈ ਚਿੱਕੜ ਵਿਚ ਹੀ ਹੱਥ ਪਾਉਣਾ ਪਵੇਗਾ। ਏਸੇ ਤਰ੍ਹਾਂ ਨਾਲ ਲੈਹ ਜੋਗੀ ਬੰਧਨ ਦੀ ਕੜੀ ਵਿਚ ਮਿਲਣ ਨਾਲੋਂ ਧਰਤੀ ਦੇ ਤੱਤ ਤੇ ਇਕਾਗਰ ਹੋ ਜਾਂਦਾ ਹੈ। ਖੂਹ ਖੋਦਦਿਆਂ ਖੋਦਣ ਵਾਲਾ ਸਾਰ ਮਿੱਟੀ ਨਾਲ ਲੱਥ ਪੱਥ ਹੋ ਜਾਂਦਾ ਹੈ। ਪਰ ਅੰਤ ਵਿਚ ਉਹ ਆਪਣੇ ਆਪ ਧੋ ਕੇ ਸਾਫ ਕਰ ਲੈਂਦਾ ਹੈ, ਉਹ ਉਸੇ ਖੂਹ ਦੇ ਪਾਣੀ ਨਾਲ ਆਪਣੇ ਆਪ ਨੂੰ ਸਾਫ ਕਰ ਲੈਂਦਾ ਹੈ, ਉਹ ਹੀ ਖੂਹ ਜਿਸ ਦੀ ਮਿਟੀ ਨਾਲ ਉਹ ਲਿਬੜ ਗਿਆ ਸੀ।

ਜੋਗੀ ਧਰਤੀ ਦਾ ਮੋਹ ਪਾਣੀ ਦੇ ਤੱਤ ਵਿਚ ਵਿਸਰਜਨ ਕਰ ਲੈਂਦਾ ਹੈ। ਇਹ ਸਿਧਾਂਤ ਉਦੋਂ ਤਕ ਕਰਦਾ ਰਹਿੰਦਾ ਹੈ ਜਦੋਂ ਤਕ ਮਨ ਪੂਰੀ ਤਰ੍ਹਾਂ ਨਾਲ ਪ੍ਰਾਕ੍ਰਿਤੀ ਵਿਚ ਆਪਣੇ ਸਰੋਤ ਵਿਚ ਨਾ ਵਿਸਰਜਨ ਹੋ ਜਾਵੇ ਨਾ ਮਿਲ ਜਾਵੇ। ਧਰਤੀ ਤੋਂ ਸ਼ੁਰੂ ਕਰਕੇ ਇਕਾਗਰਤਾ ਦੇ ਬਹੁਤ ਸਾਰੇ ਤਰੀਕਿਆਂ ਦਾ ਅਭਿਆਸ ਕੀਤਾ ਜਾਂਦਾ ਹੈ, ਇਕ-ਇਕ ਵਖਰੇ-ਵਖਰੇ ਤੱਤ ਨੂੰ ਲੈ ਕੇ ਅਭਿਆਸ ਕੀਤਾ ਜਾਂਦਾ ਹੈ।

ਇਕ ਅਭੀਲਾਸ਼ੀ ਆਪਣੀ ਇੰਦ੍ਰੀਆਂ ਨੂੰ ਸੰਸਾਰਕ ਅਕਾਰਾਂ ਤੇ ਆਪਣੇ ਮਨ ਨੂੰ ਸੰਸਾਰਕ ਵਸਤਾਂ ਤੇ ਇਕਾਗਰ ਕਰਦਾ ਹੈ ਜਦੋਂ ਤਕ ਉਸ ਦੇ ਵਿਚਾਰ ਪੂਰੀ ਤਰ੍ਹਾਂ ਨਾਲ ਖਤਮ ਨਹੀਂ ਹੋ ਜਾਂਦੇ ਇਕਾਗਰਤਾ ਦਾ ਵਿਸ਼ਾ ਕੁਝ ਵੀ ਹੋ ਸਕਦਾ ਹੈ ਇਕ ਚੌਖਟਾ, ਗੋਲ ਅਕਾਰ, ਇਕ ਲੰਬੀ ਲਾਈਨ ਕੋਈ ਵੀ ਆਕਾਰ। ਜਿਸ ਵੀ ਆਕਾਰ ਤੇ ਧਿਆਨ ਲਗਾਓ ਉਸ ਤੇ ਪੂਰੀ ਤਰ੍ਹਾਂ ਨਾਲ ਇਕਾਗਰ ਚਿਤ ਹੋਵੋ ਇਸ ਤਰ੍ਹਾਂ ਕਰਨ ਨਾਲ ਵਿਸਤਾਰ ਤਾਂ ਹੁੰਦਾ ਹੀ ਹੈ, ਤੁਸੀਂ ਅਭੇਦ ਵੀ ਹੋ ਜਾਂਦੇ ਹੋ, ਤਦਰੂਪ ਹੋ ਜਾਂਦੇ ਹੋ। ਵਿਸਤ੍ਰਿਤ ਹੋਣ ਨਾਲ ਸੰਸਾਰ, ਸੰਸਾਰ ਦੀਆਂ ਵਸਤਰਾਂ ਦੀ ਸਮਝ ਪੈਂਦੀ ਹੈ, ਗਿਆਨ ਹੁੰਦਾ ਹੈ ਅਭੇਦ ਹੋਣ ਨਾਲ ਇਕ ਜੋਗੀ ਅੰਦਰ ਦੇ ਅਨੁਭਵ ਕਰਕੇ ਅੰਦਰ ਦੀਆਂ ਵੱਖ-ਵੱਖ ਅਵਸਥਾ ਦਾ ਗਿਆਨ ਪ੍ਰਾਪਤ ਕਰਦਾ ਹੈ। ਸਭ ਤੋਂ ਪਹਿਲਾਂ ਜੋਗੀ ਆਪਣੇ ਸਰੀਰ ਤੇ ਪੂਰਣ ਰੂਪ ਵਿਚ ਕਾਬੂ ਪਾਉਂਦਾ ਹੈ, ਸਰੀਰ ਨੂੰ ਪੂਰੀ

ਤਰ੍ਹਾਂ ਆਪਣੇ ਅਧੀਨ ਕਰਦਾ ਹੈ ਏਸ ਲਈ ਉਹ ਹਰ ਤਰ੍ਹਾਂ ਦੇ ਅਭਿਆਸ ਕਰਦਾ ਹੈ, ਮਾਨਸਿਕ ਅਭਿਆਸ ਕਰਦਾ ਹੈ। ਇਸ ਤੋਂ ਬਾਅਦ ਉਹ ਮਾਨਸਿਕ ਗੁਣ ਵਿਸ਼ੇਸ਼ਤਾਵਾਂ ਜਿਹੜੀਆਂ ਧਰਤੀ ਨਾਲ ਸਬੰਧਤ ਹਨ ਉਨ੍ਹਾਂ ਨੂੰ ਕਾਬੂ ਕਰਦਾ ਹੈ ਕਿਹਾ ਜਾਂਦਾ ਹੈ ਜਦੋਂ ਧਰਤੀ ਤੇ ਇਕਾਗਰ ਚਿਤ ਹੋਵੇ ਤਾਂ ਸਭ ਤੋਂ ਪਹਿਲਾਂ ਨਾਸਿਕਾ ਦੀ ਇੰਦ੍ਰੀ ਦਾ ਅਨੁਭਵ ਹੁੰਦਾ ਹੈ, ਗ੍ਰੰਥ ਵਿਚ ਲਿਖਿਆਂ ਹੈ ਜਦੋਂ ਤੁਸੀਂ ਸੁੰਘਣ ਦੀ ਇੰਦ੍ਰੀ ਤੇ ਕਾਬੂ ਪਾ ਲੈਂਦੇ ਹੋ, ਪੂਰੀ ਤਰ੍ਹਾਂ ਨਾਲ ਇਕਾਗਰ ਕਰ ਲੈਂਦੇ ਹੋ ਤੁਸੀਂ ਕੋਈ ਵੀ ਕਿਸੇ ਤਰ੍ਹਾਂ ਦੀ ਵੀ ਸੁਗੰਧ ਪੈਦਾ ਕਰ ਸਕਦੇ ਹੋ।

ਵਿਸਤ੍ਰਿਤ ਹੋਣਾ, ਤਦ ਰੂਪ ਹੁਣਾ, ਅਭੇਦ ਹੋਣਾ ਇਹ ਇਕੋ ਹੀ ਸਿੱਕੇ ਦੇ ਦੋ ਪਾਸੇ ਹਨ। ਜਦੋਂ ਮਨ ਪੂਰੀ ਤਰ੍ਹਾਂ ਨਾਲ ਇਕ ਸਿਧਾਂਤ ਤੇ ਸੂਖਮ ਸਰੀਰ ਤੇ ਇਕਾਗਰ ਹੋਵੇ, ਮਨ ਐਨਾ ਵਧ ਵਿਸਤ੍ਰਿਤ ਹੋ ਜਾਂਦਾ ਹੈ ਕਿ ਸਾਰੇ ਬਾਹਰੀ ਤੱਤ ਜਿਹੜੇ ਵੀ ਉਸ ਇਕ ਤੱਤ ਨਾਲ ਸਬੰਧ ਰਖਦੇ ਹੋਣ ਉਹ ਜੁੜ ਜਾਂਦੇ ਹਨ, ਉਹ ਉਸ ਸੂਖਮ ਤੱਤ ਨਾਲ ਜੁੜ ਜਾਂਦੇ ਹਨ। ਹਰ ਤੱਤ ਦੇ ਆਪਣੇ ਗੁਣ ਹਨ ਜਦੋਂ ਜੋਗੀ ਉਸ ਇਕ ਤੱਤ ਤੇ ਮੈਡੀਟੇਸ਼ਨ ਕਰਦਾ ਹੈ ਉਹ ਉਸ ਤੱਤ ਤੇ ਪੂਰਾ-ਪੂਰਾ ਕਾਬੂ ਕਰ ਲੈਂਦਾ ਹੈ ਭਾਵ ਉਸ ਦਾ ਕੰਟਰੋਲ ਕਰ ਲੈਂਦਾ ਹੈ, ਉਸ ਦੇ ਸੂਖਮ ਰੂਪ ਤੇ ਕੰਟਰੋਲ ਪ੍ਰਾਪਤ ਕਰ ਲੈਂਦਾ ਹੈ। ਪੰਜੋ ਤੱਤਾਂ ਦੇ ਆਪਣੇ ਗੁਣ ਹਨ, ਆਪਣੀਆਂ ਵਿਸ਼ੇਸ਼ਤਾਵਾਂ ਹਨ, ਉਦੇਸ਼ ਹਨ ਸਾਰੇ ਗੁਣਾਂ ਨੂੰ ਨਿਯਮਤ ਤਰੀਕੇ ਨਾਲ ਜਾਣਿਆ ਜਾਵੇ ਸਾਰਿਆਂ ਦੇ ਗੁਣ ਵਿਸ਼ੇਸ਼ਤਾਵਾਂ ਨੂੰ ਸਮਝਿਆ ਜਾਵੇ, ਧਰਤੀ ਤੋਂ ਪਾਣੀ ਤੇ ਬਾਕੀਆਂ ਨੂੰ ਪਾਣੀ ਤੇ ਇਕਾਗਰ ਕਰਨ ਨਾਲ, ਪਾਣੀ ਦੀ ਆਵਾਜ਼ ਸੁਣਨ ਨਾਲ ਜੋਗੀ ਉਸ ਸਭ ਕੁਝ ਨੂੰ ਜਾਣ ਜਾਂਦਾ ਹੈ ਉਸ ਸਭ ਕੁਝ ਤੇ ਕਾਬੂ ਪਾ ਲੈਂਦਾ ਹੈ ਜੋ ਵੀ ਪਾਣੀ ਦੀ ਤਰ੍ਹਾਂ ਸਾਡੇ ਸਰੀਰ ਵਿਚ ਹੈ ਪਾਣੀ ਨਾਲ ਸਬੰਧਤ ਹੋਰ ਗੁਣ ਜਿਵੇਂ ਸੁਆਦ। ਇਸੇ ਪ੍ਰਕਾਰ ਦੂਸਰੇ ਤੱਤਾਂ ਨੂੰ ਵੀ ਜਾਣਿਆ ਜਾਂਦਾ ਹੈ, ਸਮਝਿਆ ਜਾਂਦਾ ਹੈ। ਇਸ ਸਭ ਕੁਝ ਦਾ ਉਦੇਸ਼ ਇਕੋ ਹੈ ਉਹ ਹੈ ਜੋ ਕੁਝ ਵੀ ਮਨੁੱਖ ਦੇ ਅੰਦਰ ਹੈ ਉਸਨੂੰ ਉਸ ਦੇ ਸਿਧਾਂਤ ਤੇ ਕਾਬੂ ਪਾਉਣਾ ਉਸ ਨੂੰ ਕੰਟਰੋਲ ਕਰਨਾ। ਮਨ ਦੇ ਪਸਾਰੇ ਨੂੰ ਚੇਤਨਤਾ ਤਕ ਲੈ ਜਾਣਾ, ਇਕ ਵਿਸ਼ਵ ਦੇ ਢਾਂਚੇ ਦਾ ਸਿਧਾਂਤ ਹੈ ਇਕ ਕੁਦਰਤੀ ਸਿਧਾਂਤ ਹੈ।

ਲੈਹ ਯੋਗ, ਯੋਗ ਦੇ ਦੂਸਰੇ ਮਾਰਗਾਂ ਨਾਲ ਪੂਰੀ ਤਰ੍ਹਾਂ ਨਾਲ ਕਿ ਹੈ ਪੂਰੀ ਤਰ੍ਹਾਂ ਨਾਲ ਸ਼ਾਮਲ ਭਾਵ ਇਸ ਦਾ ਪੂਰਾ-ਪੂਰਾ ਦੂਸਰੇ ਮਾਰਗਾਂ ਨਾਲ ਏਕੀਕਰਣ ਹੈ, ਖਾਸ ਤੌਰ ਤੇ ਲੈਹ ਯੋਗ ਨੂੰ ਨਾੜੀ ਯੋਗ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇਹ ਦੋਨੋਂ ਤਾਂ ਇਕ ਹੀ ਰੂਪ ਹਨ ਨਾ ਨਖੇੜੇ ਜਾਣ ਵਾਲੇ ਹਨ, ਮੰਤਰਾਂ ਦੇ ਵਿਗਿਆਨ ਦਾ ਵਿਸਤ੍ਰਿਤ ਰੂਪ ਵਿਚ ਅਭਿਆਸ ਕੀਤਾ ਜਾਦਾ ਹੈ ਤਾਂ ਜੋ ਤੱਤਾਂ ਦੇ ਸੂਖਮ ਸਿਧਾਂਤਾਂ ਤੇ ਕਾਬੂ ਪਾਇਆ ਜਾ ਸਕੇ। ਹਰ ਇਕ ਚੱਕਰ ਨੂੰ ਉਸ ਦੇ ਢੁਕਵੇਂ ਚੱਕਰ ਭਾਵ ਸ਼ਕਤੀ ਕੇਂਦਰ ਨਾਲ ਦੇਖਿਆ ਜਾਂਦਾ ਹੈ ਉਸ ਦੇ ਵਿਸ਼ੇਸ਼ ਰੰਗ ਦੇਖੇ ਜਾਂਦੇ ਹਨ, ਉਸ ਦੀ ਆਪਣੀ ਆਵਾਜ਼ ਸੁਣੀ ਜਾਂਦੀ ਹੈ। ਜਿਹੜੀ ਚੇਤਨਾ ਥੱਲਿਓ ਉਠ ਕੇ ਉਪਰ ਜਾਂਦੀ ਹੈ ਇਸ ਨਾਲ ਪੂਰਾ-ਪੂਰਾ ਤੱਤ ਸਮੁੱਚਾ ਤੱਤ ਦੂਸਰੇ ਸੂਖਮ ਤੱਤ ਵਿਚ ਜਾ ਮਿਲਦਾ ਹੈ।

ਪਤਾਂਜਲ ਦੇ ਸਿਧਾਂਤ ਅਨੁਸਾਰ ਮਨ ਦਾ ਕੰਟਰੋਲ ਤੇ ਉਸ ਦੇ ਤੱਤ ਬੜੇ ਵਿਸਤਾਰ ਰੂਪ ਵਿਚ ਦੱਸੇ ਗਏ ਹਨ ਇਨ੍ਹਾਂ ਨੂੰ ਲੈਹ ਦੀ ਸੁਧਾਰੀ ਦਾ ਕਾਰਣ ਦਸਿਆ ਗਿਆ ਹੈ। ਮਨ ਦਾ ਪਰਿਵਰਤਣ ਮਨ ਦੀ ਸੁਧਾਰੀ ਬਿਨਾਂ ਕਿਸੇ ਹੋਂਦ ਤੋਂ ਨਹੀਂ ਹੋ ਸਕਦੀ। ਜਦੋਂ ਮਨ ਦਾ ਕੰਟਰੋਲ ਪ੍ਰਾਪਤ ਹੋ ਜਾਂਦਾ ਹੈ ਸਮਾਧੀ ਆਪਣੇ ਆਪ ਹੀ ਲਗ ਜਾਂਦੀ ਹੈ। ਜਿਹੜੇ ਇਸ ਚੇਤਨਾ ਨੂੰ ਪ੍ਰਾਪਤ ਕਰ ਲੈਂਦੇ ਹਨ ਉਹ ਪ੍ਰਤੱਖ ਨੂੰ ਦ੍ਰਿਸ਼ਟਮਾਨ ਨੂੰ ਪ੍ਰਾਕ੍ਰਿਤੀ ਦੇ ਅਨੁਭਵ ਵਿਚ ਇਕ ਸੁੰਨ ਵਰਗੀ ਮਨ ਦੀ ਅਵਸਥਾ ਕਰ ਲੈਂਦੇ ਹਨ, ਮਨ ਦੀ ਇਹ ਅਵਸਥਾ 'ਸਮਪਰਾਜਨਤਾ' ਸਮਾਧੀ ਹੈ (Samprajnata) ਆਤਮ ਸਿੱਧੀ ਇਸ ਅਵਸਥਾ ਤੋਂ ਉਪਰ ਹੈ ਪਰ੍ਹੇ ਹੈ ਜਿਸਨੂੰ ਅਸਮਪਰਾਜਨਤਾ, asamprajnata ਸਮਾਧੀ ਕਹਿੰਦੇ ਹਨ।

ਲੈਹ ਯੋਗ ਜੋਗੀ ਨੂੰ ਚੇਤਨਾ ਦੀਆਂ ਪਹਿਲੀਆਂ ਛੇ ਅਵਸਥਾ ਤੋਂ ਅਗਵਾਈ ਕਰਦਾ ਹੈ। ਅੰਤਮ ਸੰਮਤੀ ਭਾਵ ਸਤਵੀਂ ਪੌੜੀ ਕੁੰਡਲਨੀ ਯੋਗ ਵਿਚ ਦਸੀ ਗਈ ਹੈ ਭਾਵ ਉਸ ਦੀ ਵਿਆਖਿਆ ਕੁੰਡਲਨੀ ਯੋਗ ਦੇ ਅਧਿਆਇ ਵਿਚ ਕੀਤੀ ਗਈ ਹੈ। ਤਾਂਤਰਿਕ ਸਹਿਤ ਵਿਸ਼ੇਸ਼ ਤੌਰ ਤੇ ਸਾਮਾਇਆ ਸਕੂਲ (Samaya school) ਵਿਦਿਆਰਥੀ ਨੂੰ ਜੀਵ ਦਾ ਮੇਲ ਭਾਵ ਆਤਮਾ ਦਾ ਮੇਲ ਸ਼ਿਵ ਨਾਲ ਭਾਵ ਪ੍ਰਮਾਤਮਾ ਨਾਲ ਸਤਿ ਨਾਲ ਅੰਤਰ ਦੀ ਮੂਲ ਸ਼ਕਤੀ ਨੂੰ ਜਾਗਰਣ ਕਰਕੇ ਕਰਾ ਦਿੰਦਾ ਹੈ। ਇਸ ਸ਼ਕਤੀ ਦੀ ਸਹਾਇਤਾ ਨਾਲ ਯੋਗੀ ਚੇਤਨਾ ਦੇ ਸਾਰੇ ਪੱਧਰਾਂ ਨੂੰ ਪਾਰ ਕਰਕੇ ਉਨ੍ਹਾਂ ਵਿਚ ਲੰਘ ਕੇ ਸਭ ਤੋਂ ਉਤਮ ਗਿਆਨ ਦੇ ਸਾਗਰ ਵਿਚ ਜਾ ਲੀਨ ਹੁੰਦਾ ਹੈ।

(ਪੰਨਾ 56 ਦੀ ਬਾਕੀ)

ਕੁਝ ਸਮੇਂ ਬਾਅਦ ਗੁਰੂ ਜੀ ਨੇ ਮਾਤਾ ਸਾਹਿਬ ਦੇਵਾ ਨੂੰ ਹੁਕਮ ਦਿਤਾ, ਤੁਸੀਂ ਹੁਣ ਦਿੱਲੀ ਮਾਤਾ ਸੁੰਦਰੀ ਜੀ ਪਾਸ ਚਲੇ ਜਾਉ। ਸਾਡੀ ਜਗਤ ਯਾਤਰਾ ਪੂਰੀ ਹੋਣ ਵਾਲੀ ਹੈ। ਮਾਤਾ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਗੁਰੂ ਜੀ, ਆਪ ਦੇ ਪਵਿੱਤਰ ਦਰਸ਼ਨਾਂ ਦਾ ਪ੍ਰਣ ਕਿਵੇਂ ਪੂਰਾ ਹੋਏਗਾ? ਸੱਚੇ ਪਾਤਸ਼ਾਹ ਜੀ ਨੇ ਆਪਣੇ ਪੰਜ ਸਸ਼ਤਰ ਮਾਤਾ ਜੀ ਨੂੰ ਬਖਸ਼ੇ ਤੇ ਆਖਿਆ, ਜਦੋਂ ਤੁਸੀਂ ਅਰਦਾਸ ਕਰਕੇ ਇਨ੍ਹਾਂ ਵਲ ਵੇਖੋਗੇ ਤਾਂ ਪ੍ਰਤੱਖ ਮੇਰੇ ਦਰਸ਼ਨ ਹੋਣਗੇ। ਮਾਤਾ ਜੀ ਸਾਰਾ ਜੀਵਨ ਗੁਰੂ ਜੀ ਨੂੰ ਪ੍ਰਸ਼ਾਦਾ ਛਕਾ ਕੇ ਉਨ੍ਹਾਂ ਦਾ ਸ਼ੀਤ ਪ੍ਰਸ਼ਾਦ ਲੈ ਕੇ ਫਿਰ ਆਪ ਪ੍ਰਸ਼ਾਦਾ ਛਕਦੇ ਸਨ। ਇਹ ਹੀ ਪਤੀਬਰਤਾ ਇਸਤਰੀ ਦਾ ਧਰਮ ਹੈ। ਉਸ ਘਰ ਵਿਚ ਕੋਈ ਟੂਣਾ ਤਵੀਤ ਜਾਂ ਭੂਤ ਪ੍ਰੇਤ ਅਸਰ ਨਹੀਂ ਕਰ ਸਕਦਾ।

ਭਾਈ ਮਨੀ ਸਿੰਘ ਤੇ ਕੁਝ ਹੋਰ ਸਿੰਘਾਂ ਨਾਲ ਮਾਤਾ ਜੀ ਨੂੰ ਨੌਂ ਮਹੀਨੇ ਨੌਂ ਦਿਨ ਨੌਂ ਘੜੀਆਂ ਰਹਿਣ ਤੋਂ ਬਾਅਦ ਦਿੱਲੀ ਮਾਤਾ ਸੁੰਦਰੀ ਜੀ ਦੇ ਪਾਸ ਭੇਜਿਆ ਗਿਆ। ਇਹ ਮਾਤਾ ਜੀ ਦਾ ਪਹਿਲੇ ਜਨਮਾਂ ਦਾ ਤਪ ਅਸਥਾਨ ਹੈ। ਉਥੇ ਗੋਦਾਵਰੀ ਦੇ ਕੰਢੇ ਤੇ ਮਾਤਾ ਜੀ ਦੇ ਨਾਂ ਸੁੰਦਰ ਗੁਰਦੁਆਰਾ ਬਣਾਇਆ ਗਿਆ ਹੈ। ਮਾਤਾ ਜੀ ਦਾ ਅੰਤਿਮ ਅੰਗੀਠਾ ਗੁਰਦੁਆਰਾ ਬਾਲਾ ਸਾਹਿਬ ਦਿੱਲੀ ਹੈ।

ਮੈਂ ਮਾਤਾ ਸਾਹਿਬ ਦੇਵਾ ਜੀ ਨੂੰ ਨਮਸਕਾਰ ਕਰਦਾ ਹਾਂ।

****

ਸਿਹਤ ਰੱਖਿਆ ਗਿਆਨ

ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)
ਆਯੁਰਵੇਦ ਭੀਸ਼ਗ ਆਚਾਰੀਯ।
ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ, ਆਯੁਰਵੇਦ ਸੇਵਾ ਸੰਸਥਾ, ਧੂਰੀ।
ਮੋਬਾਈਲ ਨੰ. 98156-07803

ਬਹੁਤ ਸਾਰੀਆਂ ਕੁਦਰਤੀ ਜੜ੍ਹੀਆਂ ਬੂਟੀਆਂ ਸਾਡੀ ਸਿਹਤ ਲਈ ਵਰਦਾਨ ਹਨ ਜਿਵੇਂ ਕਿ ਸਾਡੀ ਆਮ ਵਰਤੋਂ ਵਿਚ ਆਉਣ ਵਾਲਾ ਪੁਦੀਨਾ ਹੈ - ਆਯੁਰਵੇਦ ਗ੍ਰੰਥਾਂ ਵਿਚ ਕਪੂਰ ਆਦਿ ਅਤੇ ਤੁਲਸੀ, ਕੁੱਲ ਵਿਚ ਇਸ ਦਾ ਵਰਣਨ ਵਿਸਥਾਰ ਨਾਲ ਕੀਤਾ ਗਿਆ ਹੈ ਇਹ ਭਾਰਤ ਵਿਚ ਬਾਗ ਬਗੀਚੇ ਤੇ ਘਰਾਂ ਵਿੱਚ ਲਾਇਆ ਜਾਦਾ ਹੈ। ਭਾਵੇਂ ਇਸਦੇ ਬੀਜ ਵੀ ਹੁੰਦੇ ਹਨ, ਇਸਦੀ ਜੜ੍ਹ ਵੀ ਲਗਾਈ ਜਾਂਦੀ ਹੈ। ਵੈਸੇ ਤਾਂ ਪੁਦੀਨਾ ਕਈ ਪ੍ਰਕਾਰ ਦਾ ਹੁੰਦਾ ਹੈ, ਪਰ ਦਵਾਈਆਂ ਤੇ ਆਹਾਰ ਦੀ ਵਰਤੋਂ ਵਿਚ ਦੇਸੀ ਪੁਦੀਨਾ ਜਾਂ Mentha sativa ਹੀ ਵਰਤੋਂ ਵਿਚ ਲਿਆ ਜਾਂਦਾ ਹੈ।

ਪੁਦੀਨਾ ਦੇ (Mentha Viridis Linn) ਦੇ ਗੁਣ -

1. ਪਸੀਨੇ ਦੁਆਰਾ ਸਰੀਰ ਦੀ ਗਰਮੀ ਨੂੰ ਬਾਹਰ ਕੱਢਦਾ ਹੈ।
2. ਰਜਿਪ੍ਰਵਾਹੀ (ਮਾਹਵਾਰੀ) ਖੁੱਲ੍ਹ ਕੇ ਆਉਂਦੀ ਹੈ।
3. ਗਰਭਵਤੀ ਇਸਤਰੀਆਂ ਲਈ ਵਰਤਣਾ ਹਾਨੀਕਾਰਕ ਹੈ ਕਿਉਂਕਿ ਇਸਦੀ ਪ੍ਰਕਿਰਤੀ ਗਰਮ ਹੈ।
4. ਬਲਗਮ ਰੇਸ਼ੇ ਨੂੰ ਨਿਕਾਲਦਾ ਹੈ, ਕਬਜ਼ੀ ਵੀ ਦੂਰ ਹੁੰਦੀ ਹੈ।
5. ਪੇਟ ਦੀ ਗੈਸ ਨੂੰ ਖਾਰਜ ਕਰਦਾ ਹੈ ਅਤੇ ਪੇਟ ਦੇ ਕੀੜੇ ਵੀ ਨਸ਼ਟ ਹੁੰਦੇ ਹਨ।
6. ਵਾਯੂ ਤੇ ਰੇਸ਼ੇ ਦੇ ਮਰੀਜ਼ਾਂ ਲਈ ਲਾਭਕਾਰੀ ਹੈ।
7. ਇਸ ਦੀ ਵਰਤੋਂ ਨਾਲ ਭੁੱਖ ਵਧੀਆ ਲਗਦੀ ਹੈ, ਦਿਲ (ਹਾਰਟ) ਵਾਸਤੇ ਸੁਖਦਾਈ ਹੈ।
8. ਹੈਜ਼ਾ, ਮਰੋੜ, ਸੰਗ੍ਰਹਿਣੀ, ਪੁਰਾਣਾ ਬੁਖਾਰ ਅਤੇ ਸ਼ਰਾਬ ਦੇ ਨਸ਼ੇ ਨੂੰ ਦੂਰ ਕਰਦਾ ਹੈ।
9. ਸੱਪ ਦੀ ਜ਼ਹਿਰ ਨੂੰ ਦੂਰ ਕਰਦਾ ਹੈ। ਸੱਪ ਲੜੇ ਤੋਂ ਛੇਤੀ ਹੀ ਪੁਦੀਨੇ ਦੇ 15 ਗ੍ਰਾਮ ਪੱਤੇ ਪੰਜ ਕਾਲੀਆਂ ਮਿਰਚਾਂ ਨਾਲ ਰਗੜ ਕੇ ਥੋੜ੍ਹੇ ਪਾਣੀ ਵਿਚ ਘੋਲ ਕੇ ਪਿਲਾਵੇ ਲਾਭ ਹੁੰਦਾ ਹੈ। ਦੇਸੀ ਕਪੂਰ ਤਿੰਨ ਮਾਸੇ, ਪਿੱਪਲ ਮਿੰਟ ਦੋ ਮਾਸੇ, ਲਸਣ ਸਤ ਇੱਕ ਗ੍ਰਾਮ ਇਨ੍ਹਾਂ ਤਿੰਨਾਂ ਨੂੰ ਇਕੱਠੇ ਕਰਕੇ ਸ਼ੀਸ਼ੀ ਵਿੱਚ ਮਿਲਾ ਕੇ ਰੱਖੋ। ਜਦੋਂ ਤਿੰਨੇ ਚੀਜ਼ਾਂ ਘੁਲ ਜਾਣ ਜਾਣ ਫੇਰ ਪੁਦੀਨੇ ਦਾ 200 ਗ੍ਰਾਮ ਪਾਣੀ ਪਾ ਕੇ ਖੂਬ ਹਿਲਾਉ। 50 ਗ੍ਰਾਮ ਸ਼ੁੱਧ ਸ਼ਰਾਬ ਤੇ 10 ਗ੍ਰਾਮ ਕਾਲੀ ਮਿਰਚ ਪੀਸ ਕੇ ਮਿਲਾ ਕੇ ਰੱਖ ਲਓ। ਜਦੋਂ ਲੋੜ ਹੋਵੇ ਤਾਂ ਇਕ ਚਮਚਾ ਪਿਲਾਵੇ। ਜੇ ਸੱਪ ਦੀ ਜ਼ਹਿਰ ਜ਼ਿਆਦਾ ਹੋਵੇ ਤਾਂ 15-15 ਮਿੰਟ ਬਾਅਦ ਪਿਲਾਵੇ। ਭਗਵਾਨ ਦੀ ਕ੍ਰਿਪਾ ਨਾਲ ਤਿੰਨ ਹੀ ਖੁਰਾਕਾਂ ਨਾਲ ਸੱਪ ਦੀ ਜ਼ਹਿਰ ਨਸ਼ਟ ਹੋ ਜਾਂਦੀ ਹੈ।
10. ਸਭ ਪਰਕਾਰ ਦੇ ਬੁਖਾਰ ਵਾਸਤੇ ਪੁਦੀਨੇ ਦਾ ਸਾਰਾ ਹੀ ਪੌਦਾ ਜੜ੍ਹ ਸਮੇਤ 20 ਗ੍ਰਾਮ, ਕਾਲੀ ਮਿਰਚ ਦੋ ਗ੍ਰਾਮ ਦੋਨਾਂ ਨੂੰ ਕੁੱਟ ਕੇ 200 ਗ੍ਰਾਮ ਪਾਣੀ ਵਿਚ ਪਕਾਵੇ। ਜਦੋਂ 100 ਗ੍ਰਾਮ ਰਹਿ ਜਾਵੇ ਫਿਰ ਪੁਣ ਲਵੇ। ਸਵੇਰੇ 50 ਗ੍ਰਾਮ ਕਾੜ੍ਹੇ ਵਿਚ 20 ਗ੍ਰਾਮ ਸ਼ਹਿਦ ਮਿਲਾ ਕੇ ਪਿਲਾਵੇ। ਬਾਕੀ 50 ਗ੍ਰਾਮ ਇਸ ਤਰ੍ਹਾਂ ਸ਼ਾਮ ਨੂੰ ਫੇਰ ਸ਼ਹਿਦ ਮਿਲਾ ਕੇ ਪਿਲਾਵੇ।

ਪਦੀਨੇ ਦੇ ਸੁੱਕੇ ਪੱਤੇ 50 ਗ੍ਰਾਮ, ਕਾਲੀ ਮਿਰਚ ਤੇ ਛੋਟੀ ਇਲਾਇਚੀ ਦੇ ਦਾਣੇ ਛੇ-ਛੇ ਗ੍ਰਾਮ ਸਭ ਨੂੰ ਬਰੀਕ ਪੀਸ ਕੇ ਪਾਣੀ ਮਿਲਾ ਕੇ ਚਨੇ ਬਰਾਬਰ ਗੋਲੀਆਂ ਬਣਾਓ। ਦਿਨ ਵਿਚ ਤਿੰਨ ਗੋਲੀਆਂ ਤਕ ਦੇਵੇ।

ਬਵਾਸੀਰ - ਪੁਦੀਨਾ ਸਮੇਤ ਜੜ੍ਹ 50 ਗ੍ਰਾਮ, ਰਸੌਂਤ 10 ਗ੍ਰਾਮ, ਫਟਕੜੀ ਖਿੱਲ ਤਿੰਨ ਗ੍ਰਾਮ ਸਭ ਨੂੰ ਬਰੀਕ ਪੀਸ ਕੇ ਪਾਣੀ ਵਿਚ ਮਿਲਾ ਕੇ ਦੋ-ਦੋ ਰੱਤੀ ਦੀਆਂ ਗੋਲੀਆਂ ਬਣਾ ਲਵੋ। ਇੱਕ-ਇੱਕ ਗੋਲੀਆਂ ਦੋਨੋਂ ਵਕਤ ਠੰਢੇ ਪਾਣੀ ਨਾਲ ਦੇਵੋ। ਲਾਲ ਮਿਰਚ ਤੋਂ ਪ੍ਰਹੇਜ਼ ਕਰੇ।

ਪੁਦੀਨਾ ਬਜ਼ਾਰਾਂ ਵਿਚ ਤਾਜ਼ਾ ਆਮ ਮਿਲ ਜਾਂਦਾ ਹੈ ਪਰ ਜੇ ਇਸਨੂੰ ਰੱਖਣਾ ਹੋਵੇ ਤਾਂ ਤਾਜ਼ੇ ਪੱਤਿਆਂ ਨੂੰ ਸਾਫ ਪਾਣੀ ਨਾਲ ਧੋ ਕੇ ਛਾਂਵੇਂ ਸੁਕਾ ਕੇ ਚੌੜੇ ਮੂੰਹ ਵਾਲੇ ਵਰਤਮਾਨ ਵਿਚ ਭਰ ਕੇ ਢੱਕਣ ਲਾ ਕੇ ਸੁੱਕੇ ਥਾਂ ਤੇ ਰੱਖ ਦਿਓ। ਇਹ ਤਿੰਨ ਤੋਂ ਛੇ ਮਹੀਨੇ ਤਕ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ।

ਪ੍ਰਯੋਗ - ਦਰਦ ਵਾਲੇ ਥਾਂ ਤੇ ਅਤੇ ਦੁਰਗੰਧ ਵਾਲੇ ਫੋੜੇ ਤੇ ਪੀਸ ਕੇ ਲੇਪ ਕੀਤਾ ਜਾਂਦਾ ਹੈ।

ਮੂੰਹ ਦੀ ਦੁਰਗੰਧ ਦੂਰ ਕਰਨ ਲਈ ਇਸਦੇ ਰਸ ਵਿਚ ਪਾਣੀ ਮਿਲਾ ਕੇ ਕੁਰਲੇ ਕਰਾਏ ਜਾਦੇ ਹਨ।

12. ਮਾਂਹਵਾਰੀ ਦਾ ਰੁਕਣਾ ਜਾਂ ਦਰਦ ਨਾਲ ਆਉਣਾ ਜਾਂ ਜਾਪੇ ਦਾ ਬੁਖਾਰ ਵਿਚ ਇਸਦਾ ਕਾੜ੍ਹਾ ਕਰਕੇ ਪਿਲਾਇਆ ਜਾਂਦਾ ਹੈ।
13. ਦੱਦ ਵਾਸਤੇ ਪੁਦੀਨੇ ਦਾ ਰਸ ਲਾਇਆ ਜਾਂਦਾ ਹੈ।
14. ਦਸਤ ਅਤੇ ਖਾਂਸੀ ਵਿਚ ਇਸਦਾ ਰਸ ਪਿਲਾਇਆ ਜਾਂਦਾ ਹੈ। ਕੰਨ ਦਰਦ ਲਈ ਪੁਦੀਨੇ ਦੇ ਰਸ ਵਿਚ ਸ਼ਹਿਦ ਮਿਲਾ ਕੇ ਕੰਨ ਵਿਚ ਪਾ ਸਕਦੇ ਹਾਂ।
15. ਸਿਰ ਦਰਦ ਵਾਸਤੇ ਵੀ ਪੁਦੀਨੇ ਦੇ ਪਾਣੀ ਵਿਚ ਸ਼ਹਿਦ ਮਿਲਾ ਪੁੜਪੜੀਆਂ ਤੇ ਮਲਿਆ ਜਾਂਦਾ ਹੈ।
16. ਚੋਟ, ਮੋਚ ਜਾਂ ਫੋੜਿਆਂ ਤੇ ਵੀ ਪੁਦੀਨੇ ਦੇ ਪੱਤਿਆਂ ਦਾ ਲੇਪ ਕੀਤਾ ਜਾਂਦਾ ਹੈ।

17. ਮੂੰਹ ਦੇ ਛਾਲਿਆਂ ਤੇ ਪੱਤਿਆਂ ਦਾ ਗਾੜ੍ਹਾ ਕਾੜ੍ਹਾ ਕਰਕੇ ਰੂੰਈ ਨਾਲ ਲਗਾਇਆ ਜਾਂਦਾ ਹੈ।

18. ਨੱਕ ਜਾਂ ਕੰਨ ਦੇ ਕੀੜਿਆਂ ਵਾਸਤੇ ਪੁਦੀਨੇ ਦਾ ਪਾਣੀ ਬਹੁਤ ਲਾਭਕਾਰੀ ਹੈ।

19. ਛਾਤੀ ਜਾਂ ਫੇਫੜਿਆਂ ਵਿਚ ਜੰਮਿਆ ਹੋਇਆ ਕਫ ਨਿਕਾਲਣ ਵਾਸਤੇ ਪੁਦੀਨੇ ਦੇ ਪੱਤੇ ਅਤੇ ਅੰਜੀਰ ਦੱਸ-ਦੱਸ ਗ੍ਰਾਮ ਪਾ ਕੇ ਤਿੰਨ ਸੌ ਗ੍ਰਾਮ ਪਾਣੀ ਵਿਚ ਉਬਾਲੋ, 150 ਗ੍ਰਾਮ ਰਹੇ ਤੋਂ ਚਮਚਾ-ਚਮਚਾ ਪਿਲਾਵੇ। ਖਾਂਸੀ ਦਮੇ ਅਤੇ ਸਾਹ ਨੂੰ ਲਾਭ ਮਿਲਦਾ ਹੈ।

20. ਬਿੱਛੂ, ਭਰਿੰਡ ਜਾਂ ਚੂਹੇ ਦੇ ਕੱਟੇ ਤੇ ਪੱਤੇ ਪੀਸ ਕੇ ਇਸਦਾ ਮੋਟਾ ਲੇਪ ਕਰੋ ਜਿਸ ਨਾਲ ਜ਼ਹਿਰ ਖਤਮ ਹੋ ਕੇ ਦਰਦ ਠੀਕ ਹੋ ਜਾਂਦਾ ਹੈ।

21. **ਉਲਟੀ ਵਾਸਤੇ** - ਪੁਦੀਨਾ ਛੇ ਗ੍ਰਾਮ, ਸੇਂਧਾ ਨਮਕ ਦੋ ਰੱਤੀ ਮਿਲਾ ਕੇ ਪੀਸ ਕੇ ਠੰਢਾ ਪਾਣੀ ਮਿਲਾ ਕੇ ਥੋੜ੍ਹਾ-ਥੋੜ੍ਹਾ ਕਈ ਵਾਰੀ ਦੇਵੇ ਜਾਂ ਪੁਦੀਨੇ ਦੇ ਪੱਤੇ ਪੀਸ ਕੇ ਨਿੰਬੂ ਦੇ ਰਸ ਵਿਚ ਮਿਲਾ ਕੇ ਥੋੜ੍ਹਾ-ਥੋੜ੍ਹਾ ਚਟਾ ਦੇਵੇ। ਉਲਟੀ ਠੀਕ ਹੋ ਜਾਂਦੀ ਹੈ। ਜੇ ਗਰਮੀ ਦੀ ਉਲਟੀ ਲੱਗੀ ਹੋਵੇ ਤਾਂ ਥੋੜ੍ਹੀ ਜਿਹੀ ਮਿਸਰੀ ਜਾਂ ਸ਼ੱਕਰ ਮਿਲਾਵੇ।

22. ਅਫਾਰਾ, ਦਸਤ, ਪੁਦੀਨੇ ਦੇ ਪਾਣੀ ਵਿਚ ਨਮਕ ਮਿਲਾ ਕੇ ਪਿਲਾਵੇ। ਪੁਦੀਨਾ ਛੇ ਗ੍ਰਾਮ, ਨਮਕ ਇੱਕ ਗ੍ਰਾਮ। ਤੇਜ਼ ਬੁਖਾਰ ਅਤੇ ਦਰਦ ਵਿਚ ਥੋੜ੍ਹੀ ਕਾਲੀ ਮਿਰਚ ਤੇ ਸ਼ਹਿਦ ਮਿਲਾ ਕੇ ਕਈ ਵਾਰੀ ਚਟਾਵੇ।

23. ਹੈਜ਼ਾ (ਉਲਟੀਆਂ, ਦਸਤ) ਪੁਦੀਨੇ ਦਾ ਪਾਣੀ 10 ਗ੍ਰਾਮ

ਪਿਆਜ ਦਾ ਰਸ 10 ਗ੍ਰਾਮ

ਨਿੰਬੂ ਦਾ ਰਸ 5 ਗ੍ਰਾਮ

ਤਿੰਨਾਂ ਨੂੰ ਮਿਲਾ ਕੇ ਦਿਨ ਵਿਚ ਦੋ-ਤਿੰਨ ਵਾਰੀ ਅੱਧਾ ਅੱਧਾ ਚਮਚਾ ਪਿਲਾਵੇ।

24. **ਮੰਥਰ ਜੁਅਰ (ਟਾਈਫਾਈਡ)** - ਪੁਦੀਨਾ 10 ਗ੍ਰਾਮ, ਤੁਲਸੀ ਦੇ ਪੱਤੇ 10 ਗ੍ਰਾਮ, ਮਿਸਰੀ ਤਿੰਨ ਗ੍ਰਾਮ ਇਸ ਤਰ੍ਹਾਂ ਕਈ ਦਿਨ ਪਿਲਾਵੇ।

25. ਸੀਤ ਪਿਤੀ (ਛਪਾਕੀ) - ਪੁਦੀਨਾ ਪੰਜ ਗ੍ਰਾਮ ਪੀਸ ਕੇ ਪਾਣੀ ਵਿਚ ਘੋਲ ਕੇ ਪੁਣ ਕੇ ਇੱਕ ਤੋਲਾ ਸ਼ਹਿਦ ਮਿਲਾ ਕੇ ਪਿਲਾਵੇ ਇਹ ਇੱਕ ਖੁਰਾਕ ਹੈ ਇਸੇ ਤਰ੍ਹਾਂ ਸਵੇਰੇ-ਸ਼ਾਮ ਦੇਵੇ, ਜਲਦੀ ਹੀ ਲਾਭ ਹੋਵੇਗਾ।

ਮਾਤਰਾ - 1, ਪੁਦੀਨੇ ਦੇ ਰਸ ਦੀ ਖੁਰਾਕ ਪੰਜ ਗ੍ਰਾਮ ਤੋਂ 20 ਗ੍ਰਾਮ ਤਕ।

2. ਪੁਦੀਨੇ ਦੇ ਸੁੱਕੇ ਪੱਤਿਆਂ ਦੇ ਚੂਰਨ ਦੀ ਖੁਰਾਕ 2 ਤੋਂ 6 ਗ੍ਰਾਮ ਤਕ।

੩. ਕਾੜ੍ਹਾ 20 ਤੋਂ 40 ਗ੍ਰਾਮ ਤੱਕ ਭਬਕੇ ਨਾਲ ਅਰਕ ਖਿੱਚਿਆ ਹੋਇਆ 20 ਤੋਂ 40 ਗ੍ਰਾਮ। ਪੁਦੀਨੇ ਦਾ ਤੇਲ ਅੱਧਾ ਤੋਂ ਤਿੰਨ ਬੂੰਦ ਤਕ।

ਨੋਟ - ਪੁਦੀਨੇ ਦੀ ਜ਼ਿਆਦਾ ਵਰਤੋਂ ਕਰਨੀ, ਅੰਤੜੀਆਂ ਤੇ ਗੁਰਦਿਆਂ ਲਈ ਹਾਨੀਕਾਰਕ ਹੈ। ਪੁਦੀਨੇ ਦੀ ਹਾਨੀ ਦੂਰ ਕਰਨ ਵਾਸਤੇ ਮੁਲੱਠੀ ਸਤ ਤੇ ਕਤੀਰਾ ਗੂੰਦ ਲਾਭਕਾਰੀ ਹੈ।

ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁੜ੍ਹ ਸਿਧਾਂਤਾਂ ਨੂੰ ਸਮਝਣ ਵਾਸਤੇ ਸੱਚਖੰਡਵਾਸੀ ਸ੍ਰੀ ਮਾਨ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਵੱਲੋਂ ਲਿਖਤ ਲਿਖਿਆ ਪੁਸਤਕਾਂ, ਆਡੀਓ ਵੀਡੀਓ, ਡੀ.ਵੀ.ਡੀ., ਐਮ.ਪੀ.ਥ੍ਰੀ. ਅਤੇ ਕੈਸਟਾਂ ਆਪ ਜੀ ਡਾਕ ਰਾਹੀਂ ਹੇਠ ਲਿਖੇ ਪਤੇ ਤੋਂ ਮੰਗਵਾ ਸਕਦੇ ਹੋ :-

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਡਾਕ. ਮੁੱਲਾਂਪੁਰ ਗਰੀਬਦਾਸ, ਤਹਿ - ਖਰੜ

ਜਿਲ੍ਹਾ - ਐਸ. ਏ.ਐਸ ਨਗਰ (ਮੋਹਾਲੀ) 140901

- ਸੰਪਰਕ ਨੰਬਰ -

ਆਤਮ ਮਾਰਗ ਦੇ ਪਹਿਲੇ ਪੇਜ ਤੇ ਮੌਜੂਦ ਹਨ

ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ

ਐਤਵਾਰ - 06,13, 20, 27 ਜੂਨ

(ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ)

ਸੰਗਰਾਂਦ - 15 ਜੂਨ ਦਿਨ ਮੰਗਲਵਾਰ

(ਸਵੇਰ ਦੇ ਸਮੇਂ 7.00 ਵਜੇ ਤੋਂ 9.00 ਵਜੇ ਤੱਕ)

ਚੜ੍ਹਦੀ ਪੂਰਨਮਾਸ਼ੀ- 25 ਜੂਨ ਦੀ ਰਾਤ, ਦਿਨ ਸ਼ੁੱਕਰਵਾਰ (ਸਮਾਂ - ਸ਼ਾਮ 7.00 ਰਾਤ 1.00 ਵਜੇ ਤੱਕ ਰੈਣ ਸਬਾਈ ਕੀਰਤਨ)

ਜਰੂਰੀ ਸੂਚਨਾ - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਸਲਾਨਾ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 8.00 ਵਜੇ ਹੁੰਦਾ ਹੈ।

ਨਿਰਮਲ ਡੇਰਾ ਹਿਰਦਾਪੁਰ ਖੇੜੀ - ਮਹੀਨੇ ਦੇ ਹਰ ਆਖਰੀ ਸ਼ਨਿਚਰਵਾਰ ਨੂੰ ਦੀਵਾਨ ਸਜਦੇ ਹਨ।

ਵਿਸ਼ੇਸ਼ ਬੇਨਤੀ

ਹਰ ਐਤਵਾਰ ਦਿਨ ਦੇ 4.00 ਵਜੇ ਪਰਮ ਪੂਜਨੀਯ ਸਤਿਕਾਰਯੋਗ ਬੀਜੀ ਸੰਗਤਾਂ ਨੂੰ ਦਰਸ਼ਨ ਦਿੰਦੇ ਅਤੇ ਗੁਰ ਸੰਗਤ ਦੇ ਦਰਸ਼ਨ ਦੀਦਾਰ ਰਤਵਾੜਾ ਸਾਹਿਬ ਵਿਖੇ ਕਰਦੇ ਹਨ।

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲਬੱਧ ਹਨ।

		ਪੰਜਾਬੀ	*ਹਿੰਦੀ*
1.	ਸੁਰਤਿ ਸਬਦਿ ਮਾਰਗ	50/	70/-
2.	ਕਿਵ ਕੂੜੈ ਤੁਟੈ ਪਾਲਿ	40/-	35/-
3.	ਬਾਤ ਅਗੰਮ ਕੀ -ਸੱਤ ਭਾਗਾਂ ਵਿਚ	155/-	235/-
4.	ਕਿਵ ਸਚਿਆਰਾ ਹੋਈਐ -੧	30/-	35/-
5.	ਕਿਵ ਸਚਿਆਰਾ ਹੋਈਐ -੨	60/-	65/-
6.	ਕਿਵ ਸਚਿਆਰਾ ਹੋਈਐ - ੩	100/-	100/-
7.	ਹੋਵੈ ਅਨੰਦੁ ਘਣਾ	25/-	30/-
8.	ਚਉਥੈ ਪਹਰਿ ਸਬਾਹ ਕੈ	55/-	60/-
9.	ਸੁਰਤਿਆਂ ਉਪਜੈ ਚਾਉ	40/-	40/-
10.	ਬਾਬਾਣੀਆਂ ਕਹਾਣੀਆਂ	50/-	50/-
11.	ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ	10/-	10/-
12.	ਅੰਮ੍ਰਿਤ ਫੁਹਾਰ	10/-	10/-
13.	ਅਗੰਮ ਅਗੋਚਰ ਦਾ ਮਾਰਗ	60/-	70/-
14.	ਪੁਰਾਤਨ ਟੀਕਾ - ਜਪੁਜੀ ਸਾਹਿਬ	10/-	15/-
15.	ਅਮਰ ਜੋਤਾਂ	15/-	15/-
1੬.	ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ	100/-	
18.	ਅਮਰ ਗਾਥਾ	100/-	100/-
19.	ਧਰਮ ਯੁਧ ਕੇ ਚਾਇ	50/-	
20.	ਪਵਿਤਰ ਪੈਂਡਾ	30/-	
21.	ਭਗਤ ਪ੍ਰਹਿਲਾਦ	10/-	10/-
22.	ਵੈਸਾਖੀ	10/-	
23.	ਰਾਜ ਯੋਗ	40/-	
24.	ਸਾਜਨ ਚਲੇ ਪਿਆਰਿਆ	10/-	10/-
25.	ਅਬਿਨਾਸੀ ਜੋਤ ਭਾਗ-1	90/-	90/-
26.	ਅਬਿਨਾਸੀ ਜੋਤ ਭਾਗ-2	90/-	90/-
27.	ਰੂਹਾਨੀ ਗੁਲਦਸਤਾ -1	60/-	60/-
28.	ਰੂਹਾਨੀ ਗੁਲਦਸਤਾ - 2	60/-	60/-
29.	ਸੰਤ ਤੁਮਾਰੇ ਤੁਮਰੇ ਪ੍ਰੀਤਮ	50/-	
30.	ਅੰਮ੍ਰਿਤ ਬਚਨ ਸਾਧ ਕੀ ਬਾਣੀ	80/-	
31.	ਗੁਰੂ ਅਮਰਦਾਸ ਪਰਸੀਐ	50/-	
32.	ਭਗਵਤ ਗੀਤਾ............।	100/-	
33.	ਅਨੰਦਮਈ ਜੀਵਨ ਜਾਚ	50/-	
34.	ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ	25/-	
35.	ਅਨੁਭਵੀ ਪ੍ਰਵਚਨ	50/-	
36.	ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ	35/-	
37.	ਅੰਦਰਲੀ ਖੋਜ	130/-	
38.	ਸਿਮਰਤ ਕਹਾਂ ਨਹੀਂ	135/-	
39.	ਰੂਹਾਨੀ ਪ੍ਰਵਚਨ	35/-	
41.	‘ਸੇਵਾ ਸਿਮਰਨ ਜੁਗਤੀਆਂ’	150/-	
42.	‘ਮਾਨੁੱਖ ਤਨ ਦਾ ਪ੍ਰਯੋਜਨ’	160/-	
43.	‘ਯੋਗਾ ਉਪਰ ਲੈਕਚਰ’,	30/-	
44.	‘ਕਰਮ ਬੰਧਨ ਤੋਂ ਮੁਕਤੀ’ :-	30/-	

	English Version	**Price**
1.	Baisakhi (ਵੈਸਾਖੀ)	Rs. 5/-
2.	How Rend The Veil of Untruth (ਕਿਵ ਕੂੜੈ ਤੁਟੈ ਪਾਲਿ)	Rs. 70/-
3.	Discourses on the Beyond-1 (ਬਾਤ ਅਗੰਮ ਕੀ ਭਾਗ -੧)	Rs 50/-
4.	Discourses on the Beyond -2 (ਬਾਤ ਅਗੰਮ ਕੀ ਭਾਗ -੨)	Rs. 50/-
5.	Discourses on the Beyond -3 (ਬਾਤ ਅਗੰਮ ਕੀ ਭਾਗ -੩)	Rs. 50/-
6.	Discourses on the Beyond -4 (ਬਾਤ ਅਗੰਮ ਕੀ ਭਾਗ -੪)	Rs. 60/-
7.	Discourses on the Beyond -5 (ਬਾਤ ਅਗੰਮ ਕੀ ਭਾਗ -੫)	Rs. 60/-
8.	The way to the imperceptible (ਅਗੰਮ ਅਗੋਚਰ ਦਾ ਮਾਰਗ)	Rs. 80/-
9.	The Lights Immortal (ਅਮਰ ਜੋਤਾਂ)	Rs. 20/-
10.	Transcendental Bliss (ਚਉਥੈ ਪਹਿਰ ਸਬਾਹ ਕੈ)	Rs. 70/-
11.	How to Know Thy Real Self-(Vol-1) (ਕਿਵ ਸਚਿਆਰਾ ਹੋਈਐ)	Rs. 80/-
12.	How to Know Thy Real Self-(Vol-2)	Rs. 80/-
13.	How to Know Thy Real Self-(Vol-3)	Rs. 110/-
14.	The Dawn of Khalsa Ideals	Rs. 10/-
15.	A Glimpse of His Holiness - Baba ji	Rs. 5/-
16.	Divine Word Contemplation Path’, (ਸੁਰਤਿ ਸਬਦਿ ਮਾਰਗ)	Rs.150/–
17.	The Story of Immortality (ਅਮਰ ਗਾਥਾ)	Rs 260/–